ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 21 | 23 May 2018 to 29 May 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਬਿਆਸ ਦਰਿਆ ਵਿਚ ਜ਼ਹਿਰੀਲਾ ਪਾਣੀ ਛੱਡਣ ਨਾਲ ਹੰਗਾਮੀ ਹਾਲਾਤ ਬਣੇ

- **ਮਾਲਵੇ ਦੇ ਹਜ਼ਾਰਾਂ ਜਲ ਘਰਾਂ ਲਈ ਨਹਿਰੀ ਪਾਣੀ ਲੈਣ 'ਤੇ ਪਾਬੰਦੀ**
- **ਸਰਕਾਰ ਵੱਲੋਂ ਫਿਲਹਾਲ ਹਰਗੋਬਿੰਦ ਮਿੱਲ ਬੰਦ ਕਰਨ ਦੇ ਹੁਕਮ**
- **ਸਰਕਾਰੀ ਜਾਂਚ ਰਿਪੋਰਟ ਵੀ ਸਵਾਲਾਂ ਦੇ ਘੇਰੇ 'ਚ ਆਈ**



ਬਿਆਸ ਦਰਿਆ ਵਿਚ ਕੀੜੀ ਅਫ਼ਗਾਨਾ ਮਿੱਲ ਦਾ ਛੱਡਿਆ ਗਿਆ ਗੰਦਾ ਪਾਣੀ।

**ਰਈਆ (ਬਿਆਸ)/ਬਿਊਰੋ ਨਿਊਜ਼ :**
ਬਿਆਸ ਦਰਿਆ ਦੇ ਪਾਣੀ ਵਿਚ ਕਥਿਤ ਤੌਰ 'ਤੇ ਕੋਈ ਤੇਜ਼ਾਬੀ (ਕਾਲਾ ਪਾਣੀ) ਮਿਲਣ ਕਾਰਨ ਕਸਬਾ ਬਿਆਸ ਨੇੜੇ ਦਰਿਆ ਦੇ ਕੰਢੇ ਵੱਡੀ ਮਾਤਰਾ ਵਿੱਚ ਮੱਛੀਆਂ ਅਤੇ ਜੀਵ-ਜੰਤੂਆਂ ਦਾ ਘਾਣ ਤਾਂ ਹੋਇਆ ਹੀ ਹੈ, ਸਗੋਂ ਸਥਿਤੀ ਦੀ ਭਿਆਨਕਤਾ ਨੂੰ ਦੇਖਦਿਆਂ ਮਨੁੱਖੀ ਜਾਨਾਂ ਜਾਣ ਦਾ ਵੀ ਖਤਰਾ ਪੈਦਾ ਹੋ ਗਿਆ ਹੈ। ਪੰਜਾਬ ਦੇ ਮਾਲਵਾ ਖੇਤਰ ਤੋਂ ਲੈ ਕੇ ਤੋਂ ਰਾਜਸਥਾਨ ਤਕ ਹੰਗਾਮੀ ਹਾਲਾਤ ਪੈਦਾ ਹੋ ਗਏ ਹਨ। ਮਾਲਵੇ ਦੇ ਹਜ਼ਾਰਾਂ ਜਲ ਘਰਾਂ ਲਈ ਨਹਿਰੀ ਪਾਣੀ ਲੈਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸ ਮਗਰੋਂ ਲੋਕਾਂ 'ਚ ਸਹਿਮ ਦਾ ਮਾਹੌਲ ਬਣ ਗਿਆ ਹੈ। ਹਰੀਕੇ ਪੱਤਣ ਤੋਂ ਰਾਜਸਥਾਨ ਅਤੇ ਸਰਹਿੰਦ ਨਹਿਰਾਂ 'ਚ ਜ਼ਹਿਰੀਲਾ ਪਾਣੀ ਆਉਣ ਲੱਗ ਪਿਆ ਹੈ। ਸਰਹਿੰਦ ਨਹਿਰ 'ਚ ਵੀ ਮਰੀਆਂ ਹੋਈਆਂ ਮੱਛੀਆਂ ਦੇਖੀਆਂ ਗਈਆਂ। ਕਾਲੇ ਪਾਣੀ ਦਾ ਪਤਾ ਲੱਗਦੇ ਹੀ ਮਾਲਵੇ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਜਲ ਘਰਾਂ ਵਾਸਤੇ ਨਹਿਰੀ ਪਾਣੀ ਲੈਣਾ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਜਲ ਸਪਲਾਈ ਵਿਭਾਗ ਦੇ ਹੇਠਲੇ ਅਫ਼ਸਰਾਂ ਨੇ ਕਾਲਾ ਪਾਣੀ ਜਲ ਘਰਾਂ 'ਚ ਸਟੋਰ ਨਾ ਕਰਨ ਦਾ ਅਲਰਟ ਜਾਰੀ ਕਰ ਦਿੱਤਾ ਹੈ।
ਉਧਰ ਰਾਜਸਥਾਨ ਸਰਕਾਰ ਨੇ ਵੀ ਸੂਬੇ ਦੇ ਨੌਂ ਜ਼ਿਲ੍ਹਿਆਂ ਵਿੱਚ ਅਲਰਟ ਜਾਰੀ ਕੀਤਾ ਹੈ। ਰਾਜਸਥਾਨ ਸਰਕਾਰ ਵੱਲੋਂ ਪਹਿਲਾਂ ਹੀ ਕੌਮੀ ਗਰੀਨ ਟ੍ਰਿਬਿਊਨਲ ਕੋਲ ਪੰਜਾਬ ਦੇ ਕਾਲੇ ਪਾਣੀ ਦੀ ਸ਼ਿਕਾਇਤ ਕੀਤੀ ਗਈ ਸੀ ਜਿਸ ਮਗਰੋਂ ਟ੍ਰਿਬਿਊਨਲ ਨੇ ਕਮੇਟੀ ਬਣਾਈ ਸੀ। ਜਲ ਸਰੋਤ ਵਿਭਾਗ ਹਨੂਮਾਨਗੜ੍ਹ ਦੇ ਮੁੱਖ ਇੰਜਨੀਅਰ ਕੇ ਐਲ ਜਾਖੜ ਨੇ ਦੱਸਿਆ ਕਿ ਰਾਜਸਥਾਨ ਨਹਿਰ ਵਿੱਚ ਦੋ ਦਿਨਾਂ ਤੋਂ ਜ਼ਹਿਰੀਲਾ ਪਾਣੀ ਵਧ ਗਿਆ ਹੈ ਜਿਸ ਮਗਰੋਂ ਇਹਤਿਆਤ ਵਜੋਂ ਕਦਮ ਚੁੱਕੇ ਗਏ ਹਨ।
ਸਰਹਿੰਦ ਨਹਿਰ ਤੋਂ ਲੰਬੀ, ਗਿੱਦੜਬਾਹਾ, ਮਲੋਟ, ਮੁਕਤਸਰ, ਫ਼ਰੀਦਕੋਟ ਅਤੇ ਹੋਰ ਨੇੜਲੇ ਖੇਤਰਾਂ ਦੇ ਹਜ਼ਾਰਾਂ ਪਿੰਡਾਂ ਦੇ ਜਲ ਘਰਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਹੁੰਦੀ ਹੈ। ਉਧਰ ਕਾਲੇ ਪਾਣੀ ਨਾਲ ਮਰੀਆਂ ਕੁਇੰਟਲਾਂ ਦੇ ਹਿਸਾਬ ਨਾਲ ਮੱਛੀਆਂ ਟਰੱਕਾਂ ਰਾਹੀਂ ਲੱਦ ਕੇ

ਬਾਕੀ ਸਫ਼ਾ 31 'ਤੇ

# ਅਖੌਤੀ ਸਾਧ ਨਰਾਇਣ ਦਾਸ ਨੇ ਸਿੱਖ ਕੌਮ ਕੋਲੋਂ ਮੰਗੀ ਮੁਆਫੀ

### *ਸ੍ਰੀ ਅਕਾਲ ਤਖਤ ਸਾਹਿਬ ਨੂੰ ਈ-ਮੇਲ ਰਾਹੀਂ ਭੇਜਿਆ ਮੁਆਫੀਨਾਮਾ*

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਬਾਰੇ ਗ਼ਲਤ ਟਿੱਪਣੀ ਕਰਨ ਵਾਲੇ ਸੰਤ ਨਰਾਇਣ ਦਾਸ ਨੇ ਆਪਣੀ ਗ਼ਲਤੀ ਲਈ ਸਿੱਖ ਕੌਮ ਕੋਲੋਂ ਮੁਆਫ਼ੀ ਮੰਗੀ ਹੈ। ਉਸ ਨੇ ਇਸ ਸਬੰਧੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਕ ਪੱਤਰ ਈ-ਮੇਲ ਕੀਤਾ ਹੈ, ਜਿਸ ਦੀਆਂ ਕਾਪੀਆਂ ਮੀਡੀਆ ਵਿਚ ਆ ਗਈਆਂ ਹਨ। ਜਥੇਦਾਰ ਸ੍ਰੀ ਅਕਾਲ ਤਖਤ ਨੇ ਆਖਿਆ ਹੈ ਕਿ ਉਹ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਇਸ ਬਾਰੇ ਵਿਚਾਰ ਕਰਨਗੇ।



ਦੱਸਣਯੋਗ ਹੈ ਕਿ ਪਿਛਲੇ ਦਿਨੀਂ ਨਰਾਇਣ ਦਾਸ ਵੱਲੋਂ ਗੁਰੂ ਅਰਜਨ ਦੇਵ ਜੀ ਅਤੇ ਭਗਤਾਂ ਦੀ ਬਾਣੀ ਬਾਰੇ ਟਿੱਪਣੀ ਕੀਤੀ ਗਈ ਸੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ। ਇਸ ਕਾਰਨ ਸਿੱਖ ਸੰਗਤ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਸੀ। ਦਮਦਮੀ ਟਕਸਾਲ ਸਮੇਤ ਸ਼੍ਰੋਮਣੀ ਕਮੇਟੀ ਅਤੇ ਹੋਰ ਪੰਥਕ ਧਿਰਾਂ ਨੇ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਨੂੰ ਮੰਗ ਪੱਤਰ ਦੇ ਕੇ ਸਾਧ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਸੀ।
ਨਰਾਇਣ ਨਿਵਾਸ ਆਸ਼ਰਮ ਰਿਸ਼ੀਕੇਸ਼ (ਉਤਰਾਖੰਡ) ਦੇ ਆਗੂ ਨਰਾਇਣ ਦਾਸ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਮ ਪੰਜਾਬੀ ਵਿੱਚ ਹੱਥ ਨਾਲ ਲਿਖਿਆ ਇਕ ਪੱਤਰ ਈ-ਮੇਲ ਕੀਤਾ ਹੈ। ਇਹ ਪੱਤਰ ਇਕ ਸਾਦੇ ਕਾਗਜ਼ 'ਤੇ ਹੈ। ਇਸ ਉਪਰ ਉਸ ਦਾ ਪਤਾ ਅਤੇ ਮੋਬਾਈਲ ਨੰਬਰ ਹੈ। ਇਸ ਪੱਤਰ ਦੀਆਂ ਕਾਪੀਆਂ ਦੂਜੇ ਜਥੇਦਾਰਾਂ ਅਤੇ ਦਮਦਮੀ ਟਕਸਾਲ ਨੂੰ ਵੀ ਭੇਜੀਆਂ ਗਈਆਂ ਹਨ। ਟਕਸਾਲ ਆਗੂ ਸਰਚਾਂਦ ਸਿੰਘ ਵੱਲੋਂ ਇਸ ਦੀ ਕਾਪੀ ਮੀਡੀਆ ਨੂੰ ਵੀ ਭੇਜੀ ਗਈ ਹੈ। ਇਸ ਪੱਤਰ ਵਿੱਚ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤਾਂ ਦੀ

ਬਾਕੀ ਸਫ਼ਾ 28 'ਤੇ

## ਅਮਰੀਕਾ 'ਚ ਪਹਿਲੀ ਦਸਤਾਰਧਾਰੀ ਕੁੜੀ ਬਣੀ ਪੁਲਿਸ ਅਫਸਰ

**ਨਿਊਯਾਰਕ/ਬਿਊਰੋ ਨਿਊਜ਼ :** ਸਿੱਖਾਂ ਪ੍ਰਤੀ ਬਿਹਤਰ ਸਮਝ ਬਣਾਉਣ ਤੇ ਹੋਰਾਂ ਨੂੰ ਕਾਨੂੰਨ ਵਿਵਸਥਾ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਨਿਊਯਾਰਕ ਪੁਲਿਸ ਵਿਭਾਗ ਨੇ ਪਹਿਲੀ ਦਸਤਾਰਧਾਰੀ ਮਹਿਲਾ ਸਿੱਖ ਸਹਾਇਕ ਪੁਲਿਸ ਅਫ਼ਸਰ ਨੂੰ ਵਿਭਾਗ 'ਚ ਸ਼ਾਮਲ ਕੀਤਾ ਹੈ। ਨਿਊਯਾਰਕ ਸਿਟੀ ਪੁਲਿਸ ਅਕੈਡਮੀ ਤੋਂ ਪਿਛਲੇ ਹਫ਼ਤੇ ਗਰੈਜੂਏਸ਼ਨ ਕਰਨ ਮਗਰੋਂ ਗੁਰਸੋਚ ਕੌਰ ਜਲਦ ਨਿਊਯਾਰਕ ਪੁਲਿਸ ਵਿਭਾਗ 'ਚ ਸਹਾਇਕ ਪੁਲਿਸ ਅਫ਼ਸਰ (ਏਪੀਓ) ਵਜੋਂ ਹਿੱਸਾ ਬਣ ਰਹੀ ਹੈ। ਨਿਊਯਾਰਕ ਪੁਲੀਸ ਵਿਭਾਗ 'ਚ ਪਹਿਲੀ ਦਸਤਾਰਧਾਰੀ ਸਿੱਖ ਮਹਿਲਾ ਗੁਰਸੋਚ ਕੌਰ ਨੂੰ ਸਹਾਇਕ ਅਧਿਕਾਰੀ ਵਜੋਂ ਤਾਇਨਾਤ ਕੀਤਾ ਗਿਆ ਹੈ। ਉਸ ਦੀ ਨਿਯੁਕਤੀ ਨਾਲ ਸਿੱਖੀ ਨੂੰ ਬਿਹਤਰ ਢੰਗ ਨਾਲ ਸਮਝਣ 'ਚ ਸਹਾਇਤਾ ਮਿਲਣ ਦੀ ਆਸ ਹੈ।



ਬਾਕੀ ਸਫ਼ਾ 28 'ਤੇ

# ਅਕਾਲ ਤਖਤ ਵੱਲੋਂ ਸਿੱਖ ਸੈਂਸਰ ਬੋਰਡ ਦਾ ਗਠਨ

### *ਸਿੱਖ ਧਰਮ ਨਾਲ ਸਬੰਧਤ ਫਿਲਮ ਤੇ ਨਾਟਕ ਆਦਿ ਬਣਾਉਣ ਤੋਂ ਪਹਿਲਾਂ ਲੈਣੀ ਪਵੇਗੀ ਪ੍ਰਵਾਨਗੀ*

**ਅੰਮ੍ਰਿਤਸਰ/ਬਿਊਰੋ ਨਿਉਜ਼ :**
ਅਕਾਲ ਤਖਤ ਨੇ ਸਿੱਖ ਧਰਮ 'ਤੇ ਆਧਾਰਤ ਬਣਨ ਵਾਲੀਆਂ ਫਿਲਮਾਂ ਦੀ ਘੋਖ ਲਈ ਸਿੱਖ ਵਿਦਵਾਨਾਂ ਦਾ 21 ਮੈਂਬਰੀ ਸਿੱਖ ਸੈਂਸਰ ਬੋਰਡ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਇਹ ਬੋਰਡ ਅਜਿਹੀਆਂ ਫਿਲਮਾਂ ਨੂੰ ਘੋਖਣ ਮਗਰੋਂ ਆਪਣੀ ਰਿਪੋਰਟ ਅਕਾਲ ਤਖ਼ਤ ਵਿਖੇ ਦੇਵੇਗਾ ਅਤੇ ਮਗਰੋਂ ਤਖ਼ਤ ਵੱਲੋਂ ਸਬੰਧਤ ਫ਼ਿਲਮ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ।
ਇਸ 21 ਮੈਂਬਰੀ ਸਿੱਖ ਸੈਂਸਰ ਬੋਰਡ ਵਿੱਚ ਸ਼ਾਮਲ ਵਿਦਵਾਨਾਂ ਦੇ ਮੈਂਬਰਾਂ ਦੇ ਨਾਵਾਂ ਦਾ ਐਲਾਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਫਿਲਮ ਨਿਰਮਾਤਾਵਾਂ ਅਤੇ ਹੋਰਨਾਂ ਨੂੰ ਆਖਿਆ ਕਿ ਸਿੱਖ ਧਰਮ ਨਾਲ ਸਬੰਧਤ ਕੋਈ ਵੀ ਫਿਲਮ, ਨਾਟਕ ਆਦਿ ਬਣਾਉਣ ਤੋਂ ਪਹਿਲਾਂ ਅਕਾਲ ਤਖ਼ਤ ਤੋਂ ਪ੍ਰਵਾਨਗੀ ਹਾਸਲ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਸਿੱਖ ਸੈਂਸਰ ਬੋਰਡ ਅਜਿਹੀਆਂ ਫਿਲਮਾਂ, ਨਾਟਕਾਂ, ਡਰਾਮਿਆਂ ਆਦਿ ਵਿਚ ਸਿੱਖ ਇਤਿਹਾਸ, ਵਿਰਾਸਤ, ਮਰਿਆਦਾ ਆਦਿ ਨਾਲ ਸਬੰਧਤ ਦ੍ਰਿਸ਼ਾਂ ਨੂੰ ਮੁਕੰਮਲ ਤੌਰ 'ਤੇ ਘੋਖੇਗਾ ਅਤੇ ਉਸ ਦੀ ਰਿਪੋਰਟ ਮੁਤਾਬਕ ਹੀ ਅਕਾਲ ਤਖ਼ਤ ਵੱਲੋਂ ਪ੍ਰਵਾਨਗੀ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਪਹਿਲਾਂ ਸਿੱਖ ਧਰਮ ਸਬੰਧੀ ਬਣੀਆਂ ਫਿਲਮਾਂ ਆਦਿ ਵਿਚ ਸਿੱਖ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਰੋਲ ਨਿਭਾਉਣ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਕਾਰਨ ਕਈ ਵਾਰ ਵਿਵਾਦ ਪੈਦਾ ਹੋਇਆ ਹੈ, ਜਿਸ ਨੂੰ ਰੋਕਣ ਲਈ ਸਿੱਖ ਸੈਂਸਰ ਬੋਰਡ ਦੀ ਸਥਾਪਨਾ ਕੀਤੀ ਗਈ ਹੈ। ਦੱਸਣਯੋਗ ਹੈ ਕਿ ਹਾਲ ਹੀ ਵਿਚ ਆਈ ਫਿਲਮ 'ਨਾਨਕ ਸ਼ਾਹ ਫਕੀਰ' ਵੱਡੇ ਵਿਵਾਦ ਦਾ ਵਿਸ਼ਾ ਬਣੀ ਸੀ।



ਸਿੱਖ ਸੈਂਸਰ ਬੋਰਡ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਸਿਮਰਜੀਤ ਸਿੰਘ ਨੂੰ ਬਣਾਇਆ ਗਿਆ ਹੈ। ਬੋਰਡ ਦੇ ਮੈਂਬਰਾਂ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ,

ਬਾਕੀ ਸਫ਼ਾ 31 'ਤੇ

## ਮਲੇਸ਼ੀਆ 'ਚ ਪਹਿਲਾ ਸਿੱਖ ਬਣਿਆ ਮੰਤਰੀ

**ਕੁਆਲਾਲੰਪੁਰ/ਬਿਊਰੋ ਨਿਊਜ਼ :**
ਮਲੇਸ਼ੀਆ ਵਿੱਚ ਭਾਰਤੀ ਮੂਲ ਦੇ ਉੱਘੇ ਵਕੀਲ ਤੇ ਸਿਆਸਤਦਾਨ ਗੋਬਿੰਦ ਸਿੰਘ ਦਿਓ ਇਸ ਮੁਸਲਿਮ ਬਹੁਗਿਣਤੀ ਮੁਲਕ ਦੇ ਇਤਿਹਾਸ ਵਿੱਚ ਪਹਿਲੇ ਸਿੱਖ ਕੈਬਨਿਟ ਮੰਤਰੀ ਬਣ ਗਏ ਹਨ। 44 ਸਾਲਾ ਸ੍ਰੀ ਦਿਓ ਜਿਨ੍ਹਾਂ ਨੂੰ ਸੰਚਾਰ ਤੇ ਮਲਟੀਮੀਡੀਆ ਮਹਿਕਮਾ ਦਿੱਤਾ ਗਿਆ ਹੈ, ਭਾਰਤੀ ਮੂਲ ਦੇ ਦੋ ਸਿਆਸਤਦਾਨਾਂ 'ਚੋਂ ਹਨ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਦੇ ਮੰਤਰੀ ਮੰਡਲ ਵਿੱਚ ਥਾਂ ਦਿੱਤੀ ਗਈ ਹੈ। ਦੂਜੇ ਭਾਰਤੀ ਮੂਲ ਦੇ ਵਕੀਲ ਡੈਮੋਕਰੇਟਿਕ ਐਕਸ਼ਨ ਪਾਰਟੀ (ਡੀਏਪੀ) ਦੇ ਐਮ ਕੁਲਾਸੇਗਰਾਨ ਹਨ ਜਿਨ੍ਹਾਂ ਨੂੰ ਮਨੁੱਖੀ ਸਰੋਤ ਮੰਤਰਾਲਾ ਦਿੱਤਾ ਗਿਆ ਹੈ। 61 ਸਾਲਾ ਕੁਲਾਸੇਗਰਾਨ ਡੀਏਪੀ ਦੇ ਕੌਮੀ ਮੀਤ ਪ੍ਰਧਾਨ ਹਨ ਤੇ ਪੇਰਾਕ ਵਿੱਚ ਇਪੋਹ ਬਾਰਾਤ ਹਲਕੇ ਤੋਂ ਨੁਮਾਇੰਦਗੀ ਕਰਦੇ ਹਨ।



ਬਾਕੀ ਸਫ਼ਾ 28 'ਤੇ


















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black
Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

# ਪਾਕਿਸਤਾਨ-ਅਮਰੀਕਾ ਸਬੰਧਾਂ ਦੇ ਪੱਖ ਪਹਿਲੂਆਂ ਸਬੰਧੀ ਵਿਚਾਰ ਚਰਚਾ

## ਪਾਕਿਸਤਾਨ ਦੇ ਰਾਜਦੂਤ, ਕਸ਼ਮੀਰ ਦੇ ਦੇ ਪ੍ਰਧਾਨ, ਕਾਂਗਰਸਮੈਨ ਅਤੇ ਸਟੇਟ ਵਿਭਾਗ ਦੇ ਅਧਿਕਾਰੀ ਕੈਪੀਟਲ ਹਿੱਲ 'ਤੇ ਇਕੱਠੇ

## ਪਾਕਿਸਤਾਨ 'ਚ ਅਨੰਦ ਮੈਰਿਜ ਐਕਟ ਲਾਗੂ ਹੋਣਾ ਭਾਰਤ ਦੇ ਮੁਕਾਬਲੇ ਵੱਧ ਧਾਰਮਿਕ ਆਜ਼ਾਦੀਆਂ ਹੋਣ ਦਾ ਸਬੂਤ: ਡਾ. ਅਮਰਜੀਤ ਸਿੰਘ

**ਵਾਸ਼ਿੰਗਟਨ ਡੀ.ਸੀ./ਹੁਸਨ ਲੜੋਆ ਬੰਗਾ:** ਪਾਕਿਸਤਾਨ-ਅਮਰੀਕਾ ਦੋਸਤੀ ਦਿਸਵ ਦੀ 27ਵੀਂ ਵਰ੍ਹੇਗੰਢ ਨੂੰ ਮਨਾਉਂਦਿਆਂ ਪਾਕਿਸਤਾਨੀ-ਅਮਰੀਕਨ ਕਾਂਗਰਸ ਵਲੋਂ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਖੇ ਕੈਪੀਟਲ ਹਿੱਲ 'ਤੇ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਖਾਸ ਗੱਲ ਇਹ ਸੀ ਕਿ ਜਿਥੇ ਇਸ ਵਿਚ ਪਾਕਿਸਤਾਨ ਦੇ ਰਾਜਦੂਤ ਐਜਾਜ਼ ਅਹਿਮਦ ਚੌਧਰੀ ਅਤੇ ਆਜ਼ਾਦ ਕਸ਼ਮੀਰ ਦੇ ਪ੍ਰਧਾਨ ਸਰਦਾਰ ਮਸੂਦ ਖਾਨ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਉਥੇ ਅਮਰੀਕੀ ਸਟੇਟ ਡਿਪਾਰਟਮੈਂਟ ਦੇ ਨੁਮਾਇੰਦੇ, ਪ੍ਰਸਿੱਧ ਅਖ਼ਬਾਰ ਵਾਸ਼ਿੰਗਟਨ ਟਾਈਮਜ਼ ਦੇ ਚੇਅਰਮੈਨ ਟਾਮ ਮੈਕਡੇਵਿਟ ਸਮੇਤ ਯੂਨਾਇਟਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (ਯੂਸਰਫ) ਦੇ ਅਧਿਕਾਰੀਆਂ ਨੇ ਵੀ ਹਾਜ਼ਰੀ ਲਗਵਾਈ ਜਿਨ੍ਹਾਂ ਨੇ ਪਾਕਿਸਤਾਨ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ 'ਤੇ ਚਿੰਤਾ ਜ਼ਾਹਰ ਕਰਦਿਆਂ ਪਾਕਿਸਤਾਨ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਅਤੇ ਪਾਕਿਸਤਾਨ ਦੇ ਰਾਜਦੂਤ ਵਲੋਂ ਉਨ੍ਹਾਂ ਦਾ ਢੁਕਵਾਂ ਜਵਾਬ ਦਿੱਤਾ ਗਿਆ।

ਪਾਕਿਸਤਾਨ-ਅਮਰੀਕਨ ਕਾਂਗਰਸ ਦੇ ਸੱਦੇ 'ਤੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਵਫਦ ਨੇ ਵੀ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਇਸ ਦੇ ਨਾਲ ਵਿਸ਼ੇਸ਼ ਤੌਰ 'ਤੇ ਨਿਊਜਰਸੀ, ਨਿਊਯਾਰਕ, ਐਕਸਸ ਸਮੇਤ ਹੋਰ ਥਾਵਾਂ ਤੋਂ ਕਾਂਗਰਸਮੈਨਾਂ ਨੇ ਵੀ



ਇਸ ਸਮਾਗਮ ਵਿਚ ਹਾਜ਼ਰੀ ਲਗਵਾਈ ਅਤੇ ਪਾਕਿਸਤਾਨ-ਅਮਰੀਕਾ ਸਬੰਧਾਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।

ਸ਼ੁਰੂਆਤੀ ਦੌਰ ਵਿਚ ਅਜ਼ਾਦ ਕਸ਼ਮੀਰ ਦੇ ਪ੍ਰਧਾਨ ਨੇ ਸੰਬੋਧਨ ਕਰਦਿਆਂ ਇਹ ਆਸ ਜਤਾਈ ਕਿ ਪਾਕਿਸਤਾਨ ਅਤੇ ਅਮਰੀਕਾ ਰਲ ਕੇ ਕਸ਼ਮੀਰ ਸਮੱਸਿਆ ਦਾ ਕੋਈ ਢੁਕਵਾਂ ਹੱਲ ਕੱਢਣਗੇ ਅਤੇ ਅਮਰੀਕਾ ਵਲੋਂ ਇਸ ਵਿਚ ਯੋਗਦਾਨ ਪਾਇਆ ਜਾਵੇਗਾ। ਉਹਨਾਂ ਭਾਰਤੀ ਕਬਜ਼ੇ ਵਾਲੇ ਕਸ਼ਮੀਰ ਵਿਚ ਕਸ਼ਮੀਰੀਆਂ 'ਤੇ ਹੁੰਦੇ ਤਸ਼ੱਦਦ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਅਪੀਲ ਵੀ ਕੀਤੀ। ਯੂਸਰਫ ਦੇ ਨੁਮਾਇੰਦੇ ਰੈਵ. ਥੌਮਸ ਜੇ ਰੀਸ ਨੇ ਪਾਕਿਸਤਾਨ ਵਿਚ ਘੱਟਗਿਣਤੀਆਂ ਦੇ ਹਵਾਲੇ ਨਾਲ ਮਨੁੱਖੀ ਅਧਿਕਾਰਾਂ ਦੀ ਸਥਿਤੀ 'ਤੇ ਚਿੰਤਾ ਜ਼ਾਹਰ ਕੀਤੀ ਅਤੇ ਮੌਜੂਦਾ ਹਲਾਤਾਂ ਲਈ ਪਾਕਿਸਤਾਨ ਦੀ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ। ਉਨ੍ਹਾਂ ਕਿਹਾ ਕਿ ਯੂਸਰਫ ਵਲੋਂ ਪਾਕਿਸਤਾਨ ਨੂੰ ਸੰਵੇਦਨਸ਼ੀਲ ਮੁਲਕਾਂ ਦੀ ਸੂਚੀ ਵਿਚ ਰੱਖਿਆ ਗਿਆ ਹੈ।

ਇਸ ਦੇ ਜਵਾਬ ਵਿਚ ਪਾਕਿਸਤਾਨ ਦੇ ਰਾਜਦੂਤ ਨੇ ਅੱਤਵਾਦ ਨਾਲ ਨਜਿੱਠਣ ਲਈ ਪਾਕਿਸਤਾਨ ਵਲੋਂ ਪਾਏ ਜਾ ਰਹੇ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਹਰ ਨਾਗਰਿਕ ਨੂੰ ਆਪਣੇ ਧਰਮ ਮੁਤਾਬਕ ਜ਼ਿੰਦਗੀ ਗੁਜ਼ਾਰਨ ਦੀ ਪੂਰੀ ਆਜ਼ਾਦੀ ਹੈ। ਸਟੇਟ ਡਿਪਾਰਟਮੈਂਟ ਦੇ ਨੁਮਾਇੰਦੇ ਵਲੋਂ ਪਾਕਿਸਤਾਨ ਨਾਲ ਸੁਖਾਵੇਂ ਸਬੰਧਾਂ ਨੂੰ ਹੋਰ ਪ੍ਰਫੁੱਲਤ ਕਰਨ ਵੱਲ ਧਿਆਨ ਦੇਣ ਦੀ ਗੱਲ ਕਹੀ ਗਈ।

ਡਾ. ਅਮਰਜੀਤ ਸਿੰਘ ਨੇ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਪਾਕਿਸਤਾਨ ਦਾ ਧੰਨਵਾਦ ਕੀਤਾ ਅਤੇ ਧਾਰਮਿਕ ਆਜ਼ਾਦੀ ਦੇ ਹਵਾਲੇ ਨਾਲ ਪਾਕਿਸਤਾਨ ਦੀ ਤੁਲਨਾ ਭਾਰਤ ਨਾਲ ਕੀਤੀ ਕਿ ਕਿਵੇਂ ਪਾਕਿਸਤਾਨ ਵਿਚ ਅਨੰਦ ਮੈਰਿਜ ਐਕਟ ਲਾਗੂ ਹੋਇਆ ਹੈ ਅਤੇ ਭਾਰਤ ਦਾ ਸੰਵਿਧਾਨ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਦੱਸਦਾ ਹੈ। ਉਨ੍ਹਾਂ ਕਿਹਾ ਕਿ ਜਿਸ ਧਾਰਮਿਕ ਆਜ਼ਾਦੀ ਦੇ ਕਮਿਸ਼ਨ ਵਲੋਂ ਪਾਕਿਸਤਾਨ ਨੂੰ ਆਪਣੇ ਨਾਗਰਿਕਾਂ ਦੀ ਧਾਰਮਿਕ ਆਜ਼ਾਦੀ ਦੀ ਸੁਰੱਖਿਆ ਲਈ ਹਦਾਇਤ ਕੀਤੀ ਜਾ ਰਹੀ ਹੈ ਉਸੇ ਕਮਿਸ਼ਨ ਨੂੰ ਪਿਛਲੇ ਕਈ ਸਾਲਾਂ ਤੋਂ ਭਾਰਤ ਸਰਕਾਰ ਵਲੋਂ ਵੀਜ਼ਾ ਨਹੀਂ ਦਿੱਤਾ ਜਾ ਰਿਹਾ।

## 'ਪੁਅਰਜ਼ ਪੀਪਲਜ਼ ਕੰਪੇਨ' ਦੇ ਨਾਂ ਹੇਠ 40 ਦਿਨ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ

**ਵਾਸ਼ਿੰਗਟਨ ਡੀ.ਸੀ./ਬਿਊਰੋ ਨਿਊਜ਼ :** ਪੂਰੇ ਅਮਰੀਕਾ ਦੇ 30 ਤੋਂ ਵੱਧ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਮਨੁਖੀ ਬਰਾਬਰੀ , ਗਰੀਬੀ, ਨਸਲਵਾਦ, ਜੰਗ ਅਤੇ ਵਾਤਾਵਰਣ ਦੀ ਤਬਾਹੀ ਵਰਗੇ ਗੰਭੀਰ ਮੁੱਦਿਆਂ ਨੂੰ ਲੈ ਕੇ ਇਕ ਲੜੀਵਾਰ ਮੁਹਿੰਮ ਆਰੰਭੀ ਗਈ ਹੈ। "ਪੁਅਰਜ਼ ਪੀਪਲਜ਼ ਕੰਪੇਨ" ਦੇ ਨਾਂ ਹੇਠ ਸ਼ੁਰੂ ਹੋਈ ਇਸ ਮੁਹਿੰਮ ਵਿਚ ਸਮਾਜ ਅਤੇ ਦੇਸ਼ 'ਚ ਨੈਤਿਕ ਉਭਾਰ ਵਾਸਤੇ ਸਭ ਨੂੰ ਸ਼ਾਮਲ ਹੋਣ ਦਾ ਸੱਦਾ ਗਿਆ ਹੈ। ਇਸ ਮੁਹਿੰਮ ਨੂੰ ਸ਼ੁਰੂ ਕਰਨ ਵਾਲੇ ਵਿਲੀਅਮ ਬਾਰਬਰ ਤੇ ਲਿਜ਼ ਥੀਓਹੈਰਿਸ ਦਾ ਮੰਨਣਾ ਹੈ ਕਿ ਅਮਰੀਕਾ ਵਿਚ ਸੱਤਰਵਿਆਂ 'ਚ ਨਸਲਵਾਦ ਖਿਲਾਫ ਜੰਗ ਵਿੱਢਣ ਵਾਲੇ ਮਾਰਟਿਨ ਲੂਥਰ ਕਿੰਗ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਵਾਸਤੇ ਹੁਣ ਸਹੀ ਸਮਾਂ ਹੈ। ਸੰਨ1968 ਵਿਚ ਮਾਰਟਿਨ ਲੂਥਰ ਕਿੰਗ ਦੀ ਅਗਵਾਈ ਵਿਚ ਅਜਿਹੀ ਹੀ ਲਹਿਰ ਚੱਲੀ ਸੀ। ਇਸ ਕਰਕੇ ਇਸ ਲਹਿਰ ਨੂੰ ਡਾ. ਕਿੰਗ ਦੇ ਵਿਚਾਰਾਂ ਨੂੰ ਮੁੜ ਸੁਰਜੀਤ ਕਰਨ ਲਈ ਸ਼ੁਰੂ ਕੀਤਾ ਗਿਆ ਹੈ। 23 ਜੂਨ ਤੱਕ 40 ਦਿਨ ਚੱਲਣ ਵਾਲੀ ਇਸ ਮੁਹਿੰਮ ਦੇ ਆਖਰੀ ਦਿਨ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿਚ ਦੇਸ਼ ਭਰ ਦੇ ਲੋਕ ਸਿਵਲ ਨਾਫਰਮਾਨੀ ਦੀ ਇਸ ਲਹਿਰ ਚ ਸ਼ਾਮਲ ਹੋਣਗੇ। ਸਾਰੀ ਮੁਹਿੰਮ ਆਪਸੀ ਭਾਈਚਾਰਕ ਪਿਆਰ ਅਤੇ ਸਦਭਾਵਨਾ ਦੇ ਅਸੂਲਾਂ ਨੂੰ ਪ੍ਰਨਾਈ ਹੋਈ ਹੈ।




13 ਤੋਂ19 ਮਈ ਦੇ ਲੰਘੇ ਹਫਤੇ ਦੌਰਾਨ ਮੁਹਿੰਮ ਦੇ ਮੁੱਦਿਆਂ ਵਿਚ ਗਰੀਬੀ 'ਚ ਬੇਵੱਸੀ ਵਾਲਾ ਜੀਵਨ ਬਿਤਾ ਰਹੇ ਬੱਚੇ, ਔਰਤਾਂ ਆਦਿ ਬਾਰੇ ਆਮ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਥੀਮ ਨੂੰ ਰੱਖਿਆ ਗਿਆ ਸੀ। 20 ਤੋਂ 26 ਮਈ ਦੌਰਾਨ ਨਸਲੀ ਭੇਦਭਾਵ, ਵੋਟਿੰਗ ਅਧਿਕਾਰ, ਇਮੀਗ੍ਰੇਸ਼ਨ ਨੀਤੀਆਂ, ਇਸਲਾਮ ਬਾਰੇ ਸੌੜੀ ਮਾਨਸਿਕਤਾ, ਅਤੇ ਆਦਿਵਾਸੀ ਫਿਰਕਿਆਂ ਨਾਲ ਪੱਖਪਾਤ ਦੇ ਮੁੱਦੇ ਥੀਮ ਵਿਚ ਰੱਖੇ ਗਏ ਹਨ।

ਬਾਕੀ ਸਫ਼ਾ 32 'ਤੇ



# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



Address: 27293 S Hillview St, Tracy, CA 95304-8154
**Listing Price: $929,900,**
Area: 1.0100Acres (43996 Lot SqFt Apprx)



Address: 20199 Wicklund Rd, Tracy, CA 95391
**Listing Price $1,250,000,**
Area: 10.5000 Acres (457380 Lot SqFt Apprx)



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਚਰਨਜੀਤ ਸਿੰਘ ਚੱਢਾ ਤੇ ਇੰਦਰਪ੍ਰੀਤ ਸਿੰਘ ਚੱਢਾ ਖ਼ਿਲਾਫ਼ ਦਰਜ ਕੇਸ ਆਧਾਰਹੀਣ ਕਰਾਰ

## *ਵਿਸ਼ੇਸ਼ ਜਾਂਚ ਟੀਮ ਵੱਲ ਕੇਸ ਰੱਦ ਕਰਨ ਦੀ ਸਿਫਾਰਸ਼*

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਚੀਫ ਖਾਲਸਾ ਦਰਬਾਰ ਦੇ ਸਾਬਕਾ ਮੁਖੀ ਚਰਨਜੀਤ ਸਿੰਘ ਚੱਢਾ ਅਤੇ ਉਹਨਾਂ ਦੇ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ ਖ਼ਿਲਾਫ਼ ਜਿਨਸੀ ਸ਼ੋਸ਼ਣ ਅਤੇ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ਾਂ ਹੇਠ ਦਰਜ ਕਰਵਾਇਆ ਗਿਆ ਕੇਸ ਆਧਾਰਹੀਣ ਅਤੇ ਸਬੂਤਾਂ ਤੋਂ ਸੱਖਣਾ ਪਾਇਆ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵੱਲੋਂ ਇਸ ਬਾਬਤ ਇੱਕ ਰਿਪੋਰਟ ਵਿੱਚ ਮਹਿਲਾ ਪ੍ਰਿੰਸੀਪਲ ਵੱਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਚੱਢਾ ਪਿਉ-ਪੁੱਤਰਾਂ ਖ਼ਿਲਾਫ਼ ਦਰਜ ਕੇਸ ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਦੀ ਪੁਸ਼ਟੀ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਕਰ ਰਹੇ ਆਈਜੀ ਐੱਲ.ਕੇ. ਯਾਦਵ ਨੇ ਕਰਦਿਆਂ ਦੱਸਿਆ ਕਿ ਇਸ ਸਬੰਧੀ ਅੰਮ੍ਰਿਤਸਰ ਪੁਲੀਸ ਕਮਿਸ਼ਨਰੇਟ ਰਾਹੀਂ ਅਦਾਲਤ ਵਿੱਚ ਇਹ ਰਿਪੋਰਟ ਦਿੱਤੀ ਗਈ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਮਹਿਲਾ ਪ੍ਰਿੰਸੀਪਲ ਵੱਲੋਂ ਅਸ਼ਲੀਲ ਵੀਡੀਓ ਸਬੰਧੀ ਲਾਏ ਗਏ ਦੋਸ਼ ਸਾਬਤ ਨਹੀਂ ਹੁੰਦੇ ਹਨ। 29 ਸਤੰਬਰ 2017 ਨੂੰ ਇਸ ਔਰਤ ਵੱਲੋਂ ਪੁਲੀਸ ਕੋਲ ਕੀਤੀ ਸ਼ਿਕਾਇਤ 'ਤੇ ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਅਤੇ ਉਨ੍ਹਾਂ ਦੇ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ ਖ਼ਿਲਾਫ਼ ਜਿਨਸੀ ਸ਼ੋਸ਼ਣ ਅਤੇ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ ਸੀ। ਪੁਲੀਸ ਨੇ ਇਸ ਸਬੰਧੀ ਆਈਪੀਸੀ ਦੀ ਧਾਰਾ 354, ਏ 506 ਅਤੇ 67 ਤੇ 67 ਏ ਸੂਚਨਾ ਤਕਨਾਲੋਜੀ ਐਕਟ ਹੇਠ ਕੇਸ ਦਰਜ ਕੀਤਾ ਸੀ। ਦੱਸਣਯੋਗ ਹੈ ਕਿ ਇਸ ਔਰਤ ਵੱਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਇੰਦਰਪ੍ਰੀਤ ਸਿੰਘ ਚੱਢਾ ਦੇ ਖੁਦਕੁਸ਼ੀ ਮਾਮਲੇ ਸਬੰਧੀ 9 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਸਨ ਅਤੇ ਇਹ ਮਾਮਲਾ ਹੁਣ ਅਦਾਲਤ ਦੇ ਵਿਚਾਰ ਅਧੀਨ ਹੈ। ਉਧਰ ਇਹ ਰਿਪੋਰਟ ਆਉਣ ਦੀ ਦੇਰ ਸੀ ਕਿ ਸ਼ਿਕਾਇਤ ਕਰਨ ਵਾਲੀ ਔਰਤ ਬਿਮਾਰ ਹੋ ਗਈ ਹੈ। ਉਸ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ



ਚਰਨਜੀਤ ਸਿੰਘ ਚੱਢਾ ਤੇ ਮਰਹੂਮ ਇੰਦਰਪ੍ਰੀਤ ਸਿੰਘ ਚੱਢਾ ਦੀ ਫਾਇਲ ਫੋਟੋ

ਹੈ। ਇਸ ਦੀ ਪੁਸ਼ਟੀ ਕਰਦੇ ਹੋਏ ਕੇਂਦਰੀ ਜੇਲ੍ਹ ਅੰਮ੍ਰਿਤਸਰ ਦੇ ਸੁਪਰਡੈਂਟ ਨੇ ਕਿਹਾ ਹੈ ਕਿ ਸ਼ਿਕਾਇਤਕਰਤਾ ਔਰਤ ਨੂੰ ਡਿਪਰੈਸ਼ਨ ਅਤੇ ਬਲੱਡ ਪ੍ਰੈੱਸ਼ਰ ਦੀ ਸ਼ਿਕਾਇਤ ਸੀ। ਸੂਤਰਾਂ ਮੁਤਾਬਕ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀ ਚੀਫ ਖਾਲਸਾ ਦਰਬਾਰ ਦੇ ਸਾਬਕਾ ਮੁਖੀ ਚਰਨਜੀਤ ਸਿੰਘ ਚੱਢਾ ਨੂੰ ਮੁੜ ਤੋਂ ਪੰਥ ਦੀ ਮੁੱਖ ਧਾਰਾ ਵਿਚ ਸ਼ਾਮਲ ਕਰਨ ਦੀ ਤਿਆਰੀ ਹੈ। ਜ਼ਿਕਰਯੋਗ ਹੈ ਕਿ ਸੀਡੀ ਵਾਇਰਲ ਮਾਮਲੇ ਤੋਂ ਬਾਅਦ ਚਰਨਜੀਤ ਸਿੰਘ ਚੱਢਾ ਦੇ ਪੁੱਤ ਇੰਦਰਪ੍ਰੀਤ ਸਿੰਘ ਚੱਢਾ ਨੇ ਖ਼ੁਦਕੁਸ਼ੀ ਕਰ ਲਈ ਸੀ। ਪੁਲੀਸ ਨੂੰ ਮੌਕੇ ਤੋਂ ਖ਼ੁਦਕੁਸ਼ੀ ਨੋਟ ਮਿਲੇ ਸਨ, ਜੋ ਮੁੱਖ ਮੰਤਰੀ ਦੇ ਨਾਮ 'ਤੇ ਸਨ। ਇਸ ਘਟਨਾ ਸਬੰਧੀ ਕੇਸ ਦਰਜ ਹੋਣ ਤੋਂ ਬਾਅਦ ਸਰਕਾਰ ਵੱਲੋਂ ਇਸ ਕੇਸ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ। ਮੁਢਲੀ ਪੜਤਾਲ ਮਗਰੋਂ ਪੁਲੀਸ ਨੇ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ਾਂ ਹੇਠ ਇਸ ਔਰਤ ਸਮੇਤ 11 ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਪੁਲੀਸ ਨੇ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਜ਼ਮਾਨਤ ਕਰਵਾ ਲਈ ਸੀ, ਪਰ ਔਰਤ ਉਦੋਂ ਤੋਂ ਹੀ ਜੇਲ੍ਹ ਵਿੱਚ ਬੰਦ ਸੀ। ਇਸੇ ਦੌਰਾਨ ਜੇਲ੍ਹ ਸੁਪਰਡੈਂਟ ਅਰਸ਼ਦੀਪ ਸਿੰਘ ਗਿੱਲ ਦਾ ਕਹਿਣਾ ਹੈ ਕਿ ਸ਼ਿਕਾਇਤਕਰਤਾ ਔਰਤ ਆਪਣੀ ਬੈਰਕ ਵਿੱਚ ਬਹੁਤ ਰੌਲਾ ਪਾਉਂਦੀ ਸੀ ਤੇ ਮਾਨਸਿਕ ਦਬਾਅ ਹੇਠ ਸੀ। ਇਸੇ ਲਈ ਚੈਕਅੱਪ ਕਰਵਾਉਣ ਲਈ ਉਸ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ ਸੀ, ਜਿੱਥੇ ਉਸ ਨੂੰ ਦਾਖ਼ਲ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਉਹ ਸਿਹਤ ਵਿਭਾਗ ਨੂੰ ਲਿਖ ਰਹੇ ਹਨ ਕਿ ਜੇਕਰ ਇਸ ਔਰਤ ਦਾ ਜੇਲ੍ਹ ਹਸਪਤਾਲ ਵਿੱਚ ਇਲਾਜ ਨਹੀਂ ਹੋ ਸਕਦਾ ਤਾਂ ਮੈਡੀਕਲ ਬੋਰਡ ਕੋਲੋਂ ਜਾਂਚ ਕਰਵਾ ਕੇ ਰਿਪੋਰਟ ਅੱਗੇ ਭੇਜੀ ਜਾਵੇ।

## ਭਗਵੇਂਵਾਦੀਆਂ ਨੇ ਦਲਿਤ ਕੁੱਟ-ਕੁੱਟ ਕੇ ਮਾਰਿਆ

**ਰਾਜਕੋਟ/ਬਿਊਰੋ ਨਿਊਜ਼ :** ਦਲਿਤਾਂ ਵਿਰੁੱਧ ਹਿੰਸਾ ਹੋਣ ਦਾ ਮਾਮਲਾ ਨਵਾਂ ਨਹੀਂ ਹੈ। ਆਏ ਦਿਨ ਦਲਿਤਾਂ ਨਾਲ ਹਿੰਸਾ ਹੁੰਦੀ ਰਹਿੰਦੀ ਹੈ। ਹਾਲ ਹੀ ਵਿਚ ਗੁਜਰਾਤ ਦੇ ਰਾਜਕੋਟ ਵਿਚ ਇਕ ਦਲਿਤ ਵਿਅਕਤੀ ਦੀ ਫੈਕ'ਟਰੀ ਦੇ ਮਾਲਕ ਵੱਲੋਂ ਕੁੱਟ-ਕੁੱਟ ਕੇ ਹੱਤਿਆ ਕੀਤੇ ਜਾਣ ਦਾ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਰਾਜਕੋਟ ਦੇ ਦਲਿਤ ਵਿਅਕਤੀ ਦੀ ਕੁੱਟਮਾਰ ਦੀ ਇਕ ਵੀਡੀਓ ਵੀ ਵਾਇਰਲ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਫੈਕਟਰੀ ਮਾਲਕ ਨੇ ਦਲਿਤ ਵਿਅਕਤੀ ਦੀ ਪਤਨੀ ਦੀ ਵੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਜਾਣਕਾਰੀ ਮੁਤਾਬਕ ਮੁਕੇਸ਼ ਸਵਜੀ ਨਾਮ ਦਾ 40 ਸਾਲ ਦਾ ਵਿਅਕਤੀ ਕੂੜਾ ਇਕੱਠਾ ਕਰਨ ਦਾ ਕੰਮ ਕਰਦਾ ਸੀ। ਉਹ ਆਪਣੀ ਪਤਨੀ ਨਾਲ ਕੰਮ ਲਈ ਘਰੋਂ ਨਿਕਲਿਆ ਸੀ, ਉਦੋਂ ਹੀ 4-5 ਭਗਵੇਂਵਾਦੀ ਗੁੰਡੇ ਆਏ ਅਤੇ ਮੁਕੇਸ਼ 'ਤੇ ਚੋਰੀ ਦਾ ਦੋਸ਼ ਲਗਾ ਕੇ ਨੂੰ ਰੱਸੀ ਨਾਲ ਬੰਨ੍ਹ ਦਿੱਤਾ ਅਤੇ ਉਸ ਦੀ ਕੁੱਟਮਾਰ ਕਰਨ ਲੱਗੇ। ਮੁਕੇਸ਼ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਬਦਮਾਸ਼ਾਂ ਵਿਰੁੱਧ ਹੱਤਿਆ ਦਾ ਮਾਮਲਾ ਦਰਜ ਕੀਤਾ ਹੈ। ਮੁਕੇਸ਼ ਅਤੇ ਉਸ ਦਾ ਪਰਿਵਾਰ 5 ਦਿਨ ਪਹਿਲਾਂ ਹੀ ਰਾਜਕੋਟ ਕੰਮ ਦੀ ਤਲਾਸ਼ ਵਿਚ ਆਏ ਸਨ। ਦੱਸਿਆ ਜਾ ਰਿਹਾ ਹੈ ਕਿ ਪੁਲਸ ਵੀਡੀਓ ਦੀ ਮਦਦ ਨਾਲ ਬਦਮਾਸ਼ਾਂ ਦੀ ਤਲਾਸ਼ ਕਰ ਰਹੀ ਹੈ। ਕੁੱਟਮਾਰ ਕਰਕੇ ਹੱਤਿਆ ਕਰਨ ਤੋਂ ਪਹਿਲਾਂ ਕਥਿਤ ਕਾਤਲਾਂ ਨੇ ਮੁਕੇਸ਼ ਤੋਂ ਉਸ ਦੀ ਜਾਤ ਵੀ ਪੁੱਛੀ ਸੀ। ਮੁਕੇਸ਼ ਮੂਲ ਰੂਪ ਤੋਂ ਗੁਜਰਾਤ ਦੇ ਹੀ ਸੁਰੇਂਦਰਨਗਰ ਦਾ ਰਹਿਣ ਵਾਲਾ ਸੀ ਅਤੇ ਉਸ ਦੇ ਪਰਿਵਾਰ ਵਿਚ ਪਤਨੀ ਤੋਂ ਇਲਾਵਾ ਇਕ ਲੜਕੀ ਅਤੇ ਇਕ ਲੜਕਾ ਹੈ।

## ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਰਿਕਾਰਡ ਵਾਧੇ ਨੇ ਲੋਕਾਂ ਦਾ "ਧੂੰਆਂ" ਕੱਢਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਲਗਾਤਾਰ ਚਾਰ ਹਫ਼ਤਿਆਂ ਤੋਂ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਕੀਮਤਾਂ 'ਚ ਤੇਜ਼ੀ ਕਾਰਨ ਜਨਤਕ ਖੇਤਰ ਦੀਆਂ ਤੇਲ ਇਕਾਈਆਂ ਨੇ ਇਸ ਵਾਧੇ ਦਾ ਬੋਝ ਜਨਤਾ 'ਤੇ ਸੁੱਟ ਦਿੱਤਾ ਹੈ। ਇਸ ਕਾਰਨ ਭਾਰਤ ਵਿਚ ਪੈਟਰੋਲ ਦਿੱਲੀ ਵਿਚ 76.24 ਰੁਪਏ ਅਤੇ ਡੀਜ਼ਲ 67.57 ਰੁਪਏ ਪ੍ਰਤੀ ਲਿਟਰ ਕੀਮਤ ਨਾਲ ਰਿਕਾਰਡ ਪੱਧਰ 'ਤੇ ਪੁੱਜ ਗਿਆ ਹੈ। ਦਿੱਲੀ ਵਿੱਚ ਪੈਟਰੋਲ ਦੀਆਂ ਕੀਮਤਾਂ ਵਿੱਚ 33 ਫੀਸਦੀ ਦਾ ਵਾਧਾ ਹੋਇਆ ਹੈ। ਮੱਧ ਜੂਨ 2017 ਵਿੱਚ ਤੇਲ ਕੀਮਤਾਂ ਦੇ ਭਾਅ ਰੋਜ਼ਾਨਾ ਤੈਅ ਹੋਣ ਦੀ ਨੀਤੀ ਤੋਂ ਬਾਅਦ ਇਹ ਸਭ ਤੋਂ ਵੱਡਾ ਵਾਧਾ ਹੈ। ਡੀਜ਼ਲ ਦੀਆਂ ਕੀਮਤਾਂ ਵਿੱਚ 26 ਪੈਸੇ ਦਾ ਵਾਧਾ ਕੀਤਾ ਗਿਆ ਹੈ। ਸਥਾਨਕ ਟੈਕਸ ਜਾਂ ਵੈਟ ਕਾਰਨ ਸੂਬਿਆਂ ਵਿੱਚ ਤੇਲ ਕੀਮਤਾਂ ਵੱਖ ਵੱਖ ਹਨ।

ਮੈਟਰੋ ਅਤੇ ਸੂਬਾਈ ਰਾਜਧਾਨੀਆਂ ਵਿਚੋਂ ਦਿੱਲੀ ਵਿੱਚ ਹਾਲੇ ਕੀਮਤਾਂ ਸਭ ਤੋਂ ਘੱਟ ਹਨ। ਇਸ ਵਾਧੇ ਨਾਲ ਤੇਲ ਕੀਮਤਾਂ ਰਿਕਾਰਡ ਪੱਧਰ 'ਤੇ ਪੁੱਜ ਗਈਆਂ ਹਨ। 14 ਸਤੰਬਰ 2013 ਨੂੰ ਦਿੱਲੀ ਵਿੱਚ ਪੈਟਰੋਲ ਦੀ ਕੀਮਤ 76.06 ਸੀ ਜੋ ਹੁਣ 76.24 ਰੁਪਏ ਹੋ ਗਈ ਹੈ। ਡੀਜ਼ਲ ਦਾ ਭਾਅ ਵੀ ਹੁਣ ਤਕ ਸਭ ਤੋਂ ਵਧ ਹੈ। ਕਰਨਾਟਕ ਚੋਣਾਂ ਕਾਰਨ 19 ਦਿਨਾਂ ਮਗਰੋਂ 14 ਮਈ ਨੂੰ ਜਨਤਕ ਖੇਤਰ ਦੀਆਂ ਤੇਲ ਕੰਪਨੀਆਂ ਵੱਲੋਂ ਰੋਜ਼ਾਨਾ ਤੇਲ ਕੀਮਤਾਂ ਤੈਅ ਕਰਨ ਦੀ ਨੀਤੀ ਮੁੜ ਸੁਰੂ ਕਰਨ ਤੋਂ ਬਾਅਦ ਲਗਾਤਾਰ ਸੱਤਵੇਂ ਦਿਨ ਕੀਮਤਾਂ ਵਧਾਈਆਂ ਗਈਆਂ ਹਨ। ਬੀਤੇ ਇਕ ਹਫ਼ਤੇ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਕ੍ਰਮਵਾਰ 1.61 ਅਤੇ 1.64 ਰੁਪਏ ਵਧੀਆਂ ਹਨ। ਆਰਥਿਕ ਮਾਮਲਿਆਂ ਦੇ ਸਕੱਤਰ ਸੁਭਾਸ਼ ਚੰਦਰ ਗਰਗ ਨੇ ਕਿਹਾ ਕਿ ਤੇਲ ਕੀਮਤਾਂ 80 ਡਾਲਰ ਪ੍ਰਤੀ ਬੈਰਲ ਤਕ ਪੁੱਜਣ ਕਾਰਨ ਪੈਦਾ ਹੋਏ ਹਾਲਾਤ 'ਤੇ ਸਰਕਾਰ ਨਜ਼ਰ ਰੱਖ ਰਹੀ ਹੈ। ਇਹ ਨਵੰਬਰ 2014 ਤੋਂ ਬਾਅਦ ਸਭ ਤੋਂ ਵਧ ਹੈ। ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਇਹ ਪੁੱਛੇ ਜਾਣ ਕਿ ਸਰਕਾਰ ਪੈਟਰੋਲ ਅਤੇ ਡੀਜ਼ਲ 'ਤੇ ਐਕਸਾਈਜ਼ ਡਿਊਟੀ ਘਟਾਏਗੀ ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਇਸ ਬਾਰੇ ਬੋਲਣ ਲਈ ਕੁਝ ਨਹੀਂ ਹੈ।


Global Solution for Transportation

GLOBAL SOLUTION FOR TRANSPORTATION GLOBAL

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com

When tired of all treatments for any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ



7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਪੀ.ਸੀ.ਐਸ. ਸੈਕਰਾਮੈਂਟੋ ਵਲੋਂ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ



**ਸੈਕਰਾਮੈਂਟੋ/ਬਿਊਰੋ ਨਿਊਜ਼ :** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦੀ ਰਹਿਨੁਮਾਈ 'ਚ ਹੋਣ ਜਾ ਰਹੇ ਤੀਆਂ ਦੇ 20ਵੇਂ ਮੇਲੇ ਦਾ ਪ੍ਰਬੰਧ ਕਰ ਰਹੀਆਂ ਬੀਬੀਆਂ ਵਲੋਂ ਏਬੀ. ਸਵੀਟਸ ਰੈਸਟੋਰੈਂਟ ਵਿਖੇ ਮੇਲੇ ਦੀਆਂ ਤਿਆਰੀਆਂ ਦੇ ਸਰਵੇਖਣ ਸਬੰਧੀ ਇਕ ਅਹਿਮ ਮੀਟਿੰਗ ਬੁਲਾਈ ਗਈ, ਜਿਸ ਵਿਚ ਸੁਸਾਇਟੀ ਨਾਲ ਜੁੜੇ ਆ ਰਹੇ ਪਰਿਵਾਰਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਪੰਜਾਬੀ ਸਭਿਆਚਾਰ ਦੇ ਗੌਰਵਮਈ ਰੰਗਾਂ ਵਿਚ ਰੰਗਿਆ ਇਹ ਮੇਲਾ 15 ਜੁਲਾਈ 2018 ਦਿਨ ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਸ਼ੇਲਡਨ ਹਾਈ ਸਕੂਲ ਦੇ "ਪ੍ਰਫਾਰਮ ਆਰਟ ਸੈਂਟਰ" ਵਿਖੇ ਮਨਾਇਆ ਜਾ ਰਿਹਾ ਹੈ। ਇਸ ਵਿਚ ਸੰਗੀਤ, ਗਿੱਧਾ, ਡਾਂਸ, ਸਕਿੱਟ, ਲਾਈਵ ਬੋਲੀਆਂ ਅਤੇ ਡੀ.ਜੇ. ਲਗਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਮੇਲੇ 'ਚ ਪਿਛਲੇ ਕਈ ਸਾਲਾਂ ਤੋਂ ਹਰੇਕ ਉਮਰ ਵਰਗ ਦੀਆਂ ਔਰਤਾਂ ਇਕੱਠੀਆਂ ਹੁੰਦੀਆਂ ਹਨ ਅਤੇ ਹਰ ਸਾਲ ਕਾਫੀ ਸਮਾਂ ਪਹਿਲਾਂ ਹੀ ਇਸ ਮੇਲੇ ਦੀ ਤਿਆਰੀ ਵਿਚ ਜੁੱਟ ਜਾਂਦੀਆਂ ਹਨ। ਇਸ ਮੇਲੇ ਦੀ ਕੋਈ ਟਿਕਟ ਨਹੀਂ ਹੈ। ਮੇਲੇ ਵਿਚ ਪਹੁੰਚਣ ਦਾ ਹਰ ਉਮਰ ਵਰਗ ਦੀਆਂ ਬੀਬੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ, ਜਿਥੇ ਕੱਪੜੇ ਅਤੇ ਖਾਣ-ਪੀਣ ਦੇ ਸਟਾਲ ਵੀ ਲਗਾਏ ਜਾਣਗੇ। ਮੀਟਿੰਗ ਵਿਚ ਮਨਦੀਪ ਕੌਰ ਫਰਵਾਲਾ ਨੇ ਪਿਛਲੇ ਸਾਲਾਂ ਦੌਰਾਨ ਹੋਏ ਤੀਆਂ ਦੇ ਮੇਲੇ ਦੀ ਯਾਦ ਇਕ ਵਾਰ ਫਿਰ ਤਾਜ਼ਾ ਕਰਦਿਆਂ ਸਭਨਾਂ ਨੂੰ ਵਧਾਈ ਦਿੰਦਿਆਂ ਆਖਿਆ ਕਿ ਇਸ ਵਾਰ ਦੇ ਮੇਲੇ ਨੂੰ ਹੋਰ ਵੀ ਵਧੀਆ ਢੰਗ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੈ ਤਾਂ ਸਾਨੂੰ ਇਹੋ ਜਿਹੇ ਮੇਲੇ ਕਰਵਾਉਣੇ ਹੀ ਪੈਣਗੇ। ਮੀਟਿੰਗ ਵਿਚ ਮਨਦੀਪ ਕੌਰ ਫਰਵਾਲਾ ਸਮੇਤ ਹਾਜ਼ਰ ਮੈਂਬਰਾਂ ਵਿਚ ਰਾਜਵਿੰਦਰ ਕੌਰ, ਪਰਦੀਪ ਕੌਰ, ਜਸਵਿੰਦਰ ਕੌਰ, ਪਰਮਪ੍ਰੀਤ ਕੌਰ, ਨਵਰੂਪ ਢਿਲੋਂ, ਕੀਰਤ ਵਿਰਕ, ਰਾਜਵਿੰਦਰ ਕੌਰ, ਜਸਕਮਲ, ਪਰੀਤ ਕੌਰ, ਬਲਜੀਤ ਬੈਂਸ, ਦਲਜੀਤ, ਰਾਣੀ, ਪਰਮਜੀਤ ਕੌਰ, ਭਵਨਦੀਪ ਕੌਰ, ਇੰਦਰ ਪਾਲ ਕਾਹਲੋਂ, ਰੁਪਿੰਦਰ ਕੌਰ, ਪਰਮਜੀਤ ਕੌਰ ਅਤੇ ਜਸਮੀਨ ਸੰਘੇੜਾ ਸ਼ਾਮਲ ਸਨ।

# ਯੂਨਾਈਟਡ ਸਪੋਰਟਸ ਕਲੱਬ ਦਾ 14ਵਾਂ ਵਿਸ਼ਵ ਕਬੱਡੀ ਕੱਪ 16 ਸਤੰਬਰ ਨੂੰ

### *6 ਵੱਡੀਆਂ ਕਬੱਡੀ ਕਲੱਬਾਂ ਲੈਣਗੀਆਂ ਭਾਗ- ਸ਼ਿੰਦਾ ਅਟਵਾਲ*









**ਸਾਨ ਫਰਾਂਸਿਸਕੋ/ਬਿਊਰੋ ਨਿਊਜ਼:** ਯੂਨਾਈਟਡ ਸਪੋਰਟਸ ਕਲੱਬ ਵਲੋਂ ਆਪਣਾ ਆਪਣਾ 14ਵਾਂ ਵਿਸ਼ਵ ਕਬੱਡੀ ਕੱਪ 15 ਸਤੰਬਰ ਦੀ ਬਜਾਏ 16 ਸਤੰਬਰ ਐਤਵਾਰ ਨੂੰ ਯੂਨੀਅਨ ਸਿਟੀ ਦੇ 1100 ਐੱਚ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਹੋਈ ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਖੇਡ ਮੇਲੇ ਦੇ ਤਕਨੀਕੀ ਇੰਚਾਰਜ ਤੀਰਥ ਗਾਖਲ ਅਤੇ ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਇਸ ਵਾਰ ਛੇ ਵੱਡੀਆਂ ਕਲੱਬਾਂ ਇਸ ਖੇਡ ਮੇਲੇ ਦਾ ਸ਼ਿੰਗਾਰ ਬਣਨਗੀਆਂ ਹਰ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਨੂੰ ਖੇਡ ਮੇਲੇ ਦਾ ਹਿੱਸਾ ਬਣਨ ਲਈ ਸ਼ਾਮਿਲ ਕੀਤੇ ਜਾਣ ਦੇ ਸਾਰੇ ਸੰਭਵ ਯਤਨ ਕੀਤੇ ਜਾਣਗੇ। ਦਰਸ਼ਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਨੀਵਾਰ ਦੀ ਥਾਂ ਐਤਵਾਰ ਨੂੰ ਇਹ ਵਿਸ਼ਵ ਕਬੱਡੀ ਕੱਪ ਕਰਵਾਇਆ ਜਾਵੇਗਾ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਲੱਬ ਦੇ ਸਰਪ੍ਰਸਤ ਅਤੇ ਮੁੱਖ ਨਿਗਰਾਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਹ ਕਬੱਡੀ ਦਾ ਯਾਦਗਾਰੀ ਕੁੰਭ ਸਪਾਂਸਰਾਂ ਅਤੇ ਸਹਿਯੋਗੀਆਂ ਦੇ ਸਹਿਯੋਗ ਨਾਲ ਹੀ ਵੱਡਾ ਹੁੰਦਾ ਹੈ ਅਤੇ ਉਦੋਂ ਤੱਕ ਉਹ ਇਸ ਕਬੱਡੀ ਕੱਪ ਨੂੰ ਕਰਵਾਉਂਦੇ ਰਹਿਣਗੇ ਜਦੋਂ ਤੱਕ ਲੋਕਾਂ ਦਾ ਭਰਪੂਰ ਸਮਰਥਨ ਮਿਲਦਾ ਰਹੇਗਾ ਤੀਰਥ ਸਿੰਘ ਗਾਖਲ ਅਨੁਸਾਰ ਹਾਲੇ ਜਦੋਂ ਕਿ ਕਰੀਬ ਚਾਰ ਮਹੀਨੇ ਦਾ ਸਮਾਂ ਇਸ ਕਬੱਡੀ ਕੱਪ 'ਚ ਬਚਦਾ ਹੈ ਤਕਰੀਬਨ ਸਾਰੇ ਨਾਮੀ ਕੌਮਾਂਤਰੀ ਕਬੱਡੀ ਖਿਡਾਰੀਆਂ ਨੇ ਇਸ ਖੇਡ ਮੇਲੇ 'ਚ ਸ਼ਾਮਿਲ ਹੋਣ ਦੀ ਪ੍ਰਵਾਨਗੀ ਤੇ ਸਹਿਮਤੀ ਦੇ ਦਿੱਤੀ ਹੈ। ਮੀਟਿੰਗ ਵਿਚ ਹਾਜ਼ਰ ਬਲਵੀਰ ਸਿੰਘ ਭਾਟੀਆ, ਮੱਖਣ ਸਿੰਘ ਬੈਂਸ, ਅਮੋਲਕ ਸਿੰਘ ਗਾਖਲ, ਤੀਰਥ ਗਾਖਲ, ਸ਼ਿੰਦਾ ਅਟਵਾਲ, ਨਰਿੰਦਰ ਸਿੰਘ ਸਹੋਤਾ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਇੰਦਰਜੀਤ ਸਿੰਘ ਥਿੰਦ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਇਸ 14ਵੇਂ ਵਿਸ਼ਵ ਕਬੱਡੀ ਕੱਪ ਨੂੰ ਵਿਸ਼ਵ ਦਾ ਇਕ ਯਾਦਗਾਰੀ ਕਬੱਡੀ ਕੱਪ ਬਣਾਉਣ ਦਾ ਅਹਿਦ ਲਿਆ ਤੇ ਇਕ ਮਤੇ ਰਾਹੀਂ ਸਾਰੇ ਸਪਾਂਸਰਾਂ ਦਾ ਨਿੱਘਾ ਧੰਨਵਾਦ ਵੀ ਕੀਤਾ ਗਿਆ।

# ਪਰਵਾਸੀਆਂ ਨੂੰ ਬਣਦਾ ਸਥਾਨ ਨਾ ਦੇ ਸਕਿਆ ਆਸਟਰੇਲੀਆ

### *ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਸਾਹਮਣੇ ਆਈ*

**ਸਿਡਨੀ/ਬਿਊਰੋ ਨਿਊਜ਼ :** ਆਸਟਰੇਲੀਆ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਸਾਹਮਣੇ ਆਈ ਹੈ ਕਿ ਆਸਟਰੇਲਿਆਈ ਲੀਡਰਸ਼ਿਪ ਪਰਵਾਸੀਆਂ ਨੂੰ ਬਣਦਾ ਉੱਚ ਸਥਾਨ ਦੇਣ ਵਿੱਚ ਅਸਫ਼ਲ ਸਾਬਤ ਹੋਈ ਹੈ। ਕਮਿਸ਼ਨ ਨੇ "ਲੀਡਿੰਗ ਫਾਰ ਚੇਂਜ- 2016" ਦੀ ਰਿਪੋਰਟ ਨੂੰ ਅਮਲੀ ਤੌਰ 'ਤੇ ਮੁੜ ਵਿਚਾਰ ਦੀ ਲੋੜ ਦੱਸੀ ਹੈ। ਰਿਪੋਰਟ ਵਿੱਚ ਮੁਲਕ ਅੰਦਰ ਕਾਰੋਬਾਰ, ਰਾਜਨੀਤੀ, ਸਰਕਾਰ ਅਤੇ ਯੂਨੀਵਰਸਿਟੀਆਂ ਵਿਚਲੀਆਂ ਉੱਚ-ਪਦਵੀਆਂ ਵਿਚ ਪਰਵਾਸੀਆਂ ਦੀ ਸ਼ਮੂਲੀਅਤ ਦੇ ਨਾਲ-ਨਾਲ ਸਭਿਆਚਾਰਕ ਵਿਭਿੰਨਤਾ ਨੂੰ ਮਜ਼ਬੂਤੀ ਦੇਣ ਬਾਰੇ ਕਿਹਾ ਗਿਆ ਸੀ। ਡਿਸਕ੍ਰਿਮੀਨੇਸ਼ਨ ਕਮਿਸ਼ਨਰ ਡਾ. ਟਿਮ ਸੋਫੋਮਸਾਨੇ ਦੀ ਅਗਵਾਈ ਹੇਠ ਹੁਣ ਨਵੀਂ ਖੋਜ ਹੋਈ ਹੈ, ਜਿਸ ਵਿੱਚ ਆਸਟਰੇਲੀਆ ਦੇ ਚੀਫ ਐਗਜ਼ੈਕੇਟਿਵਜ਼ ਦੇ ਰੈਂਕ 'ਤੇ ਬਰਤਾਨਵੀ ਅਤੇ ਯੂਰਪੀਅਨ ਪਿਛੋਕੜ ਵਾਲੇ 97 ਪ੍ਰਤੀਸ਼ਤ ਤਕ ਲੋਕ ਹਾਵੀ ਦੱਸੇ ਗਏ ਹਨ। ਸੀਨੀਅਰ ਐਗਜ਼ੀਕੇਟਿਵਜ਼ ਪੱਧਰ ਦੇ ਰੈਂਕ 'ਤੇ ਇਹ ਅੰਕੜਾ 95 ਪ੍ਰਤੀਸ਼ਤ ਹੈ, ਜੋ ਸਭਿਆਚਾਰਕ ਵਿਭਿੰਨਤਾ ਵਿੱਚ ਥੋੜ੍ਹੇ ਜਿਹੇ ਸੁਧਾਰ ਨੂੰ ਵੀ ਦਰਸਾਉਂਦਾ ਹੈ। ਨਵੀਂ ਰਿਪੋਰਟ ਵਿਚ ਕਿਹਾ ਗਿਆ ਕਿ ਗੈਰ-ਯੂਰਪੀਅਨ ਅਤੇ ਮੂਲ ਵਾਸੀ ਪਿਛੋਕੜ ਵਾਲੇ ਲੋਕ ਆਸਟਰੇਲੀਅਨ ਆਬਾਦੀ ਦਾ ਅਨੁਮਾਨਤ 24 ਪ੍ਰਤੀਸ਼ਤ ਬਣਦੇ ਹਨ ਪਰ ਅਜਿਹੇ ਪਿਛੋਕੜ ਵਾਲੇ ਕੇਵਲ ਪੰਜ ਪ੍ਰਤੀਸ਼ਤ ਹੀ ਸੀਨੀਅਰ ਰੈਂਕ ਦਾ ਹਿੱਸਾ ਹਨ। ਇਹ ਉਸ ਸਮਾਜ ਲਈ ਨਿਰਾਸ਼ਾਜਨਕ ਅੰਕੜਾ ਹੈ, ਜੋ ਆਪਣੇ ਮੁਲਕ ਦੇ ਬਹੁ-ਸੱਭਿਆਚਾਰਵਾਦ 'ਤੇ ਮਾਣ ਕਰਦਾ ਹੈ।


# WHITE HAWK TRUCKING INC

## *Need Drivers & Owner Operators*

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

**2101 MARTIN LUTHER KING JR WAY STOCKTON, CA 95205**

## ਬੇਕਰਸਫੀਲਡ 'ਚ ਸਿੱਖ ਭਾਈਚਾਰੇ ਦਾ ਧਾਰਮਿਕ ਸਮਾਗਮ ਹੋਇਆ




ਬੇਕਰਜ਼ਫੀਲਡ/ਬਿਊਰੋ ਨਿਊਜ਼ : ਬੇਕਰਜ਼ਫੀਲਡ 'ਚ ਸਿੱਖ ਭਾਈਚਾਰੇ ਵਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਹਾਜ਼ਰ ਸਿੱਖ ਸੰਗਤਾਂ ਨੇ ਗੁਰਮਤਿ ਦੀ ਪ੍ਰੇਰਨਾ ਲਈ। ਸਮਾਗਮ ਲਈ ਪੰਜਾਬ ਅਤੇ ਗੁਜਰਾਤ ਤੋਂ ਆਏ ਤੀਹ ਮੈਂਬਰੀ ਪਰਚਾਰ ਜਥੇ ਵਿਚ ਅੱਠ ਬੀਬੀਆਂ ਵੀ ਸ਼ਾਮਲ ਸਨ। ਇਸ ਮੌਕੇ ਸ਼ਬਦ ਕੀਰਤਨ, ਗੁਰਬਾਣੀ ਪਾਠ, ਗੁਰਮਤਿ ਵਿਚਾਰਾਂ ਦੇ ਨਾਲ-ਨਾਲ ਕੜਾਹ ਪ੍ਰਸ਼ਾਦ ਦੀ ਦੇਗ ਵਰਤੀ ਤੇ ਅਮਰੀਕਨ ਸਿੱਖ ਕੌਂਸਲ ਦੁਆਰਾ ਦਿਤਾ ਗਿਆ ਧਾਰਮਿਕ ਸਾਹਿਤ ਵੀ ਵੰਡਿਆ ਗਿਆ।

# ਡਾ. ਬਲਵਿੰਦਰ ਸਿੰਘ ਢੱਲ ਸ਼ਰਧਾਂਜਲੀ ਸਮਾਗਮ



**ਚੰਡੀਗੜ੍ਹ/ਬਿਊਰੋ ਨਿਊਜ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਦਰਵੇਸ਼ ਵਿਦਵਾਨ ਡਾ. ਬਲਵਿੰਦਰ ਸਿੰਘ ਢੱਲ ਦੀ ਯਾਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਸੈਕਟਰ 28-ਏ, ਚੰਡੀਗੜ੍ਹ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ ਜਿਸ ਵਿਚ ਦੇਸ-ਪ੍ਰਦੇਸ ਤੋਂ ਡਾ. ਢੱਲ ਦੇ ਦੋਸਤ ਮਿੱਤਰ ਅਤੇ ਵਿਦਿਆਰਥੀ ਸ਼ਾਮਲ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਵੱਲੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਐਡਵੋਕੇਟ ਮਲਕੀਤ ਸਿੰਘ ਜੰਡਿਆਲਾ ਦੇ ਜਥੇ ਨੇ ਸ਼ਬਦ ਕੀਰਤਨ ਦੁਆਰਾ ਨਿਹਾਲ ਕੀਤਾ। ਪ੍ਰੋਫੈਸਰ ਸ਼ਾਮ ਸਿੰਘ ਨੇ ਡਾ. ਬਲਵਿੰਦਰ ਸਿੰਘ ਢੱਲ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿਤੀ। ਪ੍ਰਿੰਸੀਪਲ ਚਿਤਰੰਜਨ ਸਿੰਘ ਨੇ ਵਿੱਦਿਅਕ ਖੇਤਰ ਵਿਚ ਡਾ. ਢੱਲ ਦੇ ਯੋਗਦਾਨ ਬਾਰੇ ਚਾਨਣਾ ਪਾਇਆ। ਆਈ. ਏ.ਐਸ. ਅਧਿਕਾਰੀ ਕਪੂਰ ਨੇ ਢੱਲ ਨਾਲ ਬਿਤਾਏ ਪਲ ਸਾਂਝੇ ਕੀਤੇ। ਦਲਜੀਤ ਸਿੰਘ ਬਾਠ ਨੇ ਡਾਕਟਰ ਢੱਲ ਵੱਲੋਂ ਵਿਦਿਆਰਥੀਆਂ ਲਈ ਕੀਤੇ ਪਰਉਪਕਾਰਾਂ ਬਾਰੇ ਦੱਸਿਆ। ਪ੍ਰੋਫੈਸਰ ਹਰਪਾਲ ਸਿੰਘ ਬੰਗੇਵਾਲਾ ਨੇ ਡਾਕਟਰ ਢੱਲ ਦੇ ਨਿਸ਼ਕਾਮ ਕਾਰਜਾਂ ਬਾਰੇ ਜਾਣਕਾਰੀ ਦਿਤੀ। ਪ੍ਰੋਫੈਸਰ ਜਗਦੀਸ਼ ਸਿੰਘ ਨੇ ਡਾਕਟਰ ਢੱਲ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਵਿਚ ਪ੍ਰੋਫੈਸਰ ਪਰਮਜੀਤ ਸਿੰਘ ਡੂਮਛੇੜੀ, ਜਸਪਾਲ ਸਿੰਘ ਸਿੱਧੂ, ਗੁਰਸ਼ੇਰ ਸਿੰਘ ਬਰਾੜ, ਪ੍ਰੋਫੈਸਰ ਨਿਰਮਲ ਸਿੰਘ, ਸ. ਅਮਰਜੀਤ ਸਿੰਘ ਵੀ ਸ਼ਾਮਲ ਹੋਏ। ਖੁਸ਼ਹਾਲ ਸਿੰਘ ਨੇ ਸ਼ਮੂਲੀਅਤ ਲਈ ਸਾਰਿਆਂ ਦਾ ਧੰਨਵਾਦ ਕੀਤਾ.

# ਨਵਜੋਤ ਸਿੱਧੂ ਨੇ ਇਸ਼ਾਰਿਆ 'ਚ ਮੰਗਿਆ ਗ੍ਰਹਿ ਵਿਭਾਗ ਅਕਾਲੀਆਂ ਖ਼ਿਲਾਫ਼ ਨਵੀਂ ਜੰਗ ਛੇੜਨ ਦਾ ਐਲਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸੜਕ 'ਤੇ ਹੋਏ ਝਗੜੇ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਰਾਹਤ ਦਿੱਤੇ ਜਾਣ ਮਗਰੋਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੰਧਲੀ ਹੋਈ ਸਿਆਸਤ ਨੂੰ ਸਵੱਛ ਕਰਨ ਲਈ ਅਕਾਲੀਆਂ ਖ਼ਿਲਾਫ਼ ਨਵੀਂ ਜੰਗ ਦਾ ਐਲਾਨ ਕੀਤਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਸਿੱਧੂ ਨੇ ਆਖਿਆ ਕਿ ਜੇ ਹੋਰ ਤਾਕਤ ਮਿਲ ਜਾਏ ਤਾਂ ਚਿੱਟੇ ਦੇ ਬਲੈਕੀਆਂ ਨੂੰ ਅੰਦਰ ਠੋਕਣ 'ਚ ਦੇਰ ਨਹੀਂ ਲਾਏਗਾ। ਉਨ੍ਹਾਂ ਦਾ ਇਸ਼ਾਰਾ ਗ੍ਰਹਿ ਵਿਭਾਗ ਵੱਲ ਸੀ ਜੋ ਮੁੱਖ ਮੰਤਰੀ ਅਮਰਿੰਦਰ ਸਿੰਘ ਕੋਲ ਹੈ।

ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਜਦੋਂ ਸਿਆਸੀ ਆਗੂਆਂ ਤੋਂ ਲੋਕਾਂ ਦਾ ਵਿਸ਼ਵਾਸ ਉਠ ਚੁੱਕਿਆ ਹੈ ਅਤੇ ਸਿਆਸਤਦਾਨਾਂ ਦੀ ਸਲਾਮਤੀ ਲਈ ਕੋਈ ਦੁਆ ਨਹੀਂ ਕਰਦਾ, ਉਸ ਵੇਲੇ ਦੇਸ਼ ਭਰ ਦੇ ਲੋਕਾਂ ਨੇ ਉਨ੍ਹਾਂ (ਸਿੱਧੂ) ਲਈ ਦੁਆਵਾਂ ਕੀਤੀਆਂ ਹਨ। ਉਨ੍ਹਾਂ ਆਖਿਆ ਕਿ ਉਹ ਲੋਕਾਂ ਦੇ ਵਿਸ਼ਵਾਸ ਨੂੰ ਹਰ ਹੀਲੇ ਕਾਇਮ ਰੱਖਣਗੇ। ਅਕਾਲੀਆਂ ਖ਼ਿਲਾਫ਼ ਨਵੀਂ ਜੰਗ ਛੇੜਨ ਦਾ ਐਲਾਨ ਕਰਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਦਰਿਆਵਾਂ ਵਿੱਚ ਜ਼ਹਿਰ ਦੇ ਕੇ ਛੋਟੀਆਂ ਮੱਛੀਆਂ ਨੂੰ ਮਾਰ ਦਿੱਤਾ ਗਿਆ ਹੈ ਪਰ ਰਾਜਨੀਤੀ ਵਿੱਚ ਵੱਡੀਆਂ ਮੱਛੀਆਂ ਅੱਜ ਵੀ ਫੁੰਕਾਰੇ ਮਾਰ ਰਹੀਆਂ ਹਨ। ਐੱਸਟੀਐੱਫ ਦੀ ਰਿਪੋਰਟ ਆ ਚੁੱਕੀ ਹੈ ਅਤੇ ਹੁਣ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਮਾਰਨ ਵਾਲਿਆਂ ਖ਼ਿਲਾਫ਼ ਨਵੀਂ ਜੰਗ ਸ਼ੁਰੂ ਹੋਵੇਗੀ। ਉਨ੍ਹਾਂ



ਆਖਿਆ ਕਿ ਇਸ ਦੀ ਸ਼ੁਰੂਆਤ ਸ਼ਾਹਕੋਟ ਉਪ ਚੋਣ ਦੇ ਅਖਾੜੇ ਤੋਂ ਕੀਤੀ ਜਾਵੇਗੀ। ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਮਾਰਿਆ ਹੈ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਐੱਸਟੀਐੱਫ ਦੀ ਰਿਪੋਰਟ ਵਿੱਚ ਜਿਨ੍ਹਾਂ ਲੋਕਾਂ ਦੇ ਨਾਂ ਸ਼ਾਮਲ ਹਨ, ਉਨ੍ਹਾਂ ਨੂੰ ਜਨਤਕ ਕੀਤਾ ਜਾਵੇਗਾ ਅਤੇ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਪਰਿਵਾਰ ਨੇ ਕੋਈ ਸਿਆਸੀ ਲਾਹਾ ਨਹੀਂ ਲੈਣਾ ਹੈ, ਇਸ ਲਈ ਉਨ੍ਹਾਂ ਦੀ ਜ਼ਿੰਦਗੀ ਦਾ ਹਰ ਸਾਹ ਪੰਜਾਬੀਆਂ ਦੇ ਹਿੱਤਾਂ ਲਈ ਹੈ। ਇਸ ਮੌਕੇ ਉਨ੍ਹਾਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਨਾਂ ਲੈਂਦਿਆਂ ਉਨ੍ਹਾਂ ਖ਼ਿਲਾਫ਼ ਖੁੱਲ੍ਹੀ ਜੰਗ ਦਾ ਵੀ ਐਲਾਨ ਕੀਤਾ। ਸ੍ਰੀ ਸਿੱਧੂ ਨੇ ਆਖਿਆ ਕਿ ਉਨ੍ਹਾਂ ਦਾ ਮੁੱਖ ਮੰਤਵ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ ਅਤੇ ਪੰਜਾਬ ਵਿੱਚ ਨਸ਼ਾ ਵੇਚਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਬਿਆਸ ਦਰਿਆ ਦੇ ਪਾਣੀ ਨੂੰ ਦੂਸ਼ਿਤ ਕਰਨ ਵਾਲਿਆਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕਰਨ ਲਈ ਆਖਿਆ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS
CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

# ਗੁਰਦੁਆਰਾ ਲੈਂਕਰਸ਼ਿਮ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦਾ 122 ਵਾਂ ਜਨਮ ਦਿਹਾੜਾ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ






**ਲਾਸ ਏਂਜਲਸ/ਬਿਊਰੋ ਨਿਊਜ਼:** ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦਾ 122 ਵਾ ਜਨਮ ਦਿਹਾੜਾ ਸਿੱਖ ਗੁਰਦੁਆਰਾ ਆਫ਼ ਲਾਸ ਏਂਜਲਸ ਵਿਖੇ 20 ਮਈ 2018 ਬਹੁਤ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਹੋਏ ਸਮਾਗਮ ਵਿੱਚ ਲਾਸ ਏਂਜਲਸ ਅਤੇ ਦੂਰੋਂ ਨੇੜਿਉ ਚੱਲ ਕੇ ਆਈਆਂ ਸੰਗਤਾਂ ਨੇ ਕੀਰਤਨ ਅਤੇ ਕਵੀਸ਼ਰੀ ਵਾਰਾਂ ਦਾ ਆਨੰਦ ਮਾਣਿਆ। ਪ੍ਰੋਗਰਾਮ ਦੀ ਆਰੰਭਤਾ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਹੋਈ, ਜਿਸ ਦੀ ਸੇਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਮੈਮੋਰੀਅਲ ਸੋਸਾਇਟੀ ਵਲੋਂ ਕੀਤੀ ਗਈ। ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਜੀ ਜੋਤ ਨੇ ਆਸਾ ਦੀ ਵਾਰ ਨਾਲ ਪ੍ਰੋਗ੍ਰਾਮ ਦੀ ਆਰੰਭਤਾ ਕੀਤੀ ਅਤੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਤੋ ਬਾਅਦ ਬਾਬਾ ਸੁਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਇਤਿਹਾਸਕ ਤਥਾਂ ਨਾਲ ਸ਼ਹੀਦਾਂ ਦੇ ਜੀਵਨ ਸੰਬੰਧੀ ਉਚੇਚੀ ਜਾਣਕਾਰੀ ਦਿਤੀ। ਮਿਥੇ ਪ੍ਰੋਗਰਾਮ ਅਨੁਸਾਰ ਕਵੀਸ਼ਰੀ ਜਥਾ ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ ਨੇ ਕਵੀਸ਼ਰੀ ਵਾਰਾਂ ਨਾਲ ਸੰਗਤਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਸ਼ਬਦ ਮਾਰਗ ਦੀ ਜਾਣਕਾਰੀ ਦਿਤੀ ਅਤੇ ਵਾਰਾਂ ਨਾਲ ਸੰਗਤਾਂ ਦਾ ਮਨ ਮੋਹ ਲਿਆ। ਇਸ ਸਮਾਗਮ ਦੀ ਸਟੇਜ ਸੇਵਾ ਸ: ਕਰਮਜੀਤ ਸਿੰਘ ਰਠੌਰ ਨੇ ਨਿਭਾਈ ਅਤੇ ਸੰਗਤਾਂ ਨੂੰ ਗੁਰੂ ਗਰੰਥ ਸਾਹਿਬ ਨਾਲ ਜੋੜਨ ਦੀ ਅਤੇ ਗੁਰੂ ਸ਼ਬਦ ਨੂੰ ਵਿਚਾਰ ਕੇ ਜੀਵਨ ਵਿਚ ਅਪਨਾਉਣ ਦੀ ਅਪੀਲ ਕੀਤੀ ਅਤੇ ਸੰਗਤਾਂ ਨੂੰ ਆਤਮ ਜਾਗ੍ਰਿਤ ਹੋਣ ਲਈ ਪ੍ਰੇਰਨਾ ਦਿਤੀ।

ਇਸ ਸਾਰੇ ਸਮਾਗਮ ਅਤੇ ਲੰਗਰਾਂ ਦੀ ਸੇਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਮੈਮੋਰਿਲ ਸੋਸਾਇਟੀ ਅਤੇ ਕੁਕੂ ਗਰੇਵਾਲ ਪਰਿਵਾਰ ਵਲੋਂ ਕਰਵਾਈ ਗਈ। ਸਟਾਲਾਂ ਦਾ ਅਤੇ ਗੰਨੇ ਦੇ ਰਸ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ। ਸਿੱਖ ਵੈਲਫ਼ੇਅਰ ਆਰਗੇਨਾਈਜ਼ੇਸ਼ਨ ਨੇ ਗੰਨੇ ਦਾ ਰਸ ਅਤੇ ਛੋਲੇ ਭਟੂਰੇ ਦੇ ਲੰਗਰਾ ਦੀ ਸੇਵਾ ਵਿਚ ਖਾਸ ਯੋਗਦਾਨ ਦਿਤਾ।

ਇਸ ਸਮਾਗਮ ਵਿਚ ਸ. ਮੁਖਤਿਆਰ ਸਿੰਘ ਕੰਬੋਜ, ਰਵੀ ਗਰੇਵਾਲ, ਮਨਜੀਤ ਸਿੰਘ ਪੰਧੇਰ, ਜਤਿੰਦਰ ਸਿੰਘ ਗਰੇਵਾਲ, ਬਲਦੇਵ ਸਿੰਘ ਗਰੇਵਾਲ, ਜਸਵੰਤ ਸਿੰਘ ਢਿੱਲੋਂ, ਜਗਤਾਰ ਸਿੰਘ ਸਮਰਾ, ਇਕਬਾਲ ਸਿੰਘ ਸਮਰਾ ,ਗੁਰਪ੍ਰੀਤ ਸਿੰਘ, ਦਲਜੀਤ ਸਿੰਘ, ਅਜੀਤ ਸਿੰਘ ਥਿੰਦ, ਬਲਜਿੰਦਰ ਸਿੰਘ ਗਰੇਵਾਲ, ਰਣਜੀਤ ਸਿੰਘ, ਦਰਸ਼ਨ ਸਿੰਘ ਭਿੰਡਰ, ਜਸਮਿੰਦਰ ਸਿੰਘ ਗਰੇਵਾਲ, ਧਰਮਿੰਦਰ ਸਿੰਘ ਗਰੇਵਾਲ, ਗੁਰਦਾਸ ਸਿੰਘ ਕੇਹਲ, ਪ੍ਰਦੀਪ ਸਿੰਘ, ਮਿਲਖਾ ਸਿੰਘ ਸਿਧੂ ਅਤੇ ਜਗਦੀਸ਼ ਸਿੰਘ ਰਾਏ ਨੇ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਪ੍ਰੋਗਰਾਮ ਸਬੰਧੀ ਜਸਟ ਪੰਜਾਬੀ ਟੀਵੀ ਤੇ ਵੀ ਜਾਣਕਾਰੀ ਦਿਤੀ ਗਈ.

# ਆਰਐਸਐਸ ਕੋਲ ਨਾਗਪੁਰ ’ਚ ਹਥਿਆਰਾਂ ਦਾ ਜ਼ਖ਼ੀਰਾ ਹੋਣ ਦੀਆਂ ਖਬਰਾਂ

- **ਪੁਲੀਸ ਨੂੰ ਨਹੀਂ ਪਤਾ ਸੰਘ ਕੋਲ ਕਿੰਨੀਆਂ ਬੰਦੂਕਾਂ ਤੇ ਤਲਵਾਰਾਂ**
- **ਆਰਟੀਆਈ ਰਾਹੀਂ ਪੁਲੀਸ ਤੋਂ ਆਰਐਸਐਸ ਦੇ ਹਥਿਆਰਾਂ ਬਾਰੇ ਜਾਣਕਾਰੀ ਮੰਗੀ**




**ਆਰਐਸਐਸ ਅਤੇ ਸ਼ਸ਼ਤਰ ਪੂਜਾ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ**

**ਨਾਗਪੁਰ/ਬਿਊਰੋ ਨਿਊਜ਼** : ਇਥੋਂ ਦੀ ਪੁਲੀਸ ਇਸ ਗੱਲ ਤੋਂ ਅਣਜਾਣ ਹੈ ਕਿ ਆਰਐਸਐਸ ਦੀ ਸ਼ਸ਼ਤਰ ਪੂਜਾ ਵਿਚ ਦਿਖਣ ਵਾਲੀਆਂ ਬੰਦੂਕਾਂ ਤੇ ਤਲਵਾਰਾਂ ਦਾ ਖੁੱਲ੍ਹੇਆਮ ਪ੍ਰਦਰਸ਼ਨ ਕਰਨ ਲਈ ਆਰਐਸਐਸ ਨੂੰ ਕਿਸੇ ਦੀ ਇਜਾਜ਼ਤ ਲੈਣ ਦੀ ਲੋੜ ਵੀ ਹੈ। ਆਰਐਸਐਸ ਨੇ ਨਾਗਪੁਰ ਵਿਚ ਹਥਿਆਰਾਂ ਦਾ ਭੰਡਾਰ ਜਮ੍ਹਾ ਕੀਤਾ ਹੋਇਆ ਹੈ। ਹਰ ਸਾਲ ਦੁਸਹਿਰੇ ਦੇ ਮੌਕੇ ‘ਤੇ ਸ਼ਸ਼ਤਰਾਂ ਦੀ ਪੂਜਾ ਕਰਦੇ ਹੋਏ ਆਰਐਸਐਸ ਪ੍ਰਮੁਖ ਮੋਹਨ ਭਾਗਵਤ ਦੀਆਂ ਤਸਵੀਰਾਂ ਜ਼ਿਆਦਾਤਰ ਲੋਕਾਂ ਨੇ ਦੇਖੀਆਂ ਹੋਣਗੀਆਂ। ਦੁਸਹਿਰੇ ਦੇ ਮੌਕੇ ‘ਤੇ ਤਲਵਾਰ, ਭਾਲੇ ਸਮੇਤ ਖਤਰਨਾਕ ਆਧੁਨਿਕ ਹਥਿਆਰਾਂ ਦੀ ਪੂਜਾ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਸਵੀਰਾਂ ਮੀਡੀਆ ਵਿਚ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਰਹੀਆਂ ਹਨ। ਮੋਢਿਆਂ ‘ਤੇ ਬੰਦੂਕ ਤਾਣੇ ਹਜ਼ਾਰਾਂ ਆਰਐਸਐਸ ਦੇ ਵਰਕਰਾਂ ਦਾ ਮਾਰਚ ਵੀ ਅਸੀਂ ਜ਼ਿਆਦਾਤਰ ਲੋਕਾਂ ਨੇ ਕਦੀ ਨਾ ਕਦੀ ਜ਼ਰੂਰ ਦੇਖਿਆ ਹੋਵੇਗਾ। ਪੰਜਾਬ ਵਿਚ ਵੀ ਉਹ ਕਈ ਵਾਰ ਹਥਿਆਰਬੰਦ ਮਾਰਚ ਕਰ ਚੁੱਕੇ ਹਨ। ਵੱਡੀ ਗੱਲ ਇਹ ਹੈ ਕਿ ਉਨ੍ਹਾਂ ਨੇ ਨਕਲੀ ਸਿੱਖ ਤਿਆਰ ਕਰਕੇ ਤੇ ਉਨ੍ਹਾਂ ਨੂੰ ਖਾਕੀ ਨਿੱਕਰਾਂ ਪੁਆ ਕੇ, ਮੱਥੇ ‘ਤੇ ਤਿਲਕ ਲੁਆ ਕੇ ਅਤੇ ਹਥਿਆਰ ਫੜਾ ਕੇ ਉਨ੍ਹਾਂ ਕੋਲੋਂ ਮਾਰਚ ਦੀ ਅਗਵਾਈ ਕਰਵਾਈ ਹੈ।

ਭਾਜਪਾ ਦਾ ਪਿਤਾਮਾ ਆਰਐਸਐਸ ਹਰ ਸਾਲ ਦੁਸਹਿਰੇ ‘ਤੇ ਹੋਣ ਵਾਲੀ ਪੂਜਾ ਲਈ ਸ਼ਸ਼ਤਰਾਂ ਦਾ ਇੰਤਜ਼ਾਮ ਕਰਦਾ ਹੈ, ਜਿਸ ਵਿਚ ਆਧੁਨਿਕ ਬੰਦੂਕਾਂ ਤੇ ਖਤਰਨਾਕ ਗੰਨਾਂ ਵੀ ਸ਼ਾਮਲ ਹੁੰਦੀਆਂ ਹਨ। ਸੁਆਲ ਤਾਂ ਇਹ ਹੈ ਕਿ ਇਹ ਹਥਿਆਰ ਲਿਆਂਦੇ ਕਿੱਥੋਂ ਜਾਂਦੇ ਹਨ? ਇਸ ਦਾ ਪ੍ਰਦਰਸ਼ਨ ਕਾਹਦੇ ਲਈ ਕੀਤਾ ਜਾਂਦਾ ਹੈ? ਪੂਜਾ ਦੇ ਬਾਅਦ ਇਨ੍ਹਾਂ ਹਥਿਆਰਾਂ ਨੂੰ ਜਮ੍ਹਾ ਕਿਸ ਦੇ ਨਾਮ ‘ਤੇ ਕੀਤਾ ਜਾਂਦਾ ਹੈ? ਕੀ ਇਨ੍ਹਾਂ ਹਥਿਆਰਾਂ ਨੂੰ ਆਰਐਸਐਸ ਦੇ ਕਿਸੇ ਕਾਰਜਕਰਤਾ ਦੇ ਕੋਲ ਜਮ੍ਹਾ ਕੀਤਾ ਜਾਂਦਾ ਹੈ ਜਾਂ ਫਿਰ ਆਰਐਸਐਸ ਦੇ ਨਾਗਪੁਰ ਹੈਡਕੁਆਰਟ ਵਿਚ ਰੱਖਿਆ ਜਾਂਦਾ ਹੈ? ਹੈਰਾਨੀ ਦੀ ਗੱਲ ਇਹ ਹੈ ਕਿ ਨਾਗਪੁਰ ਜਿੱਥੇ ਆਰਐਸਐਸ ਦਾ ਹੈਡਕੁਆਰਟਰ ਸਥਿਤ ਹੈ, ਉੱਥੋਂ ਦੀ ਪੁਲੀਸ ਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਆਰਐਸਐਸ ਦੀ ਸ਼ਸ਼ਤਰ ਪੂਜਾ ਵਿਚ ਦਿਖਣ ਵਾਲੇ ਹਥਿਆਰਾਂ ਦਾ ਲਾਇਸੈਂਸ ਕਿਸ ਦੇ ਕੋਲ ਹੈ ਤੇ ਇਸ ਦਾ ਲਾਇਸੈਂਸ ਲਿਆ ਵੀ ਗਿਆ ਹੈ ਜਾਂ ਨਹੀਂ। ਏਨਾ ਹੀ ਨਹੀਂ ਨਾਗਪੁਰ ਪੁਲੀਸ ਇਸ ਗੱਲ ਤੋਂ ਵੀ ਅਨਜਾਣ ਹੈ ਕਿ ਆਰਐਸਐਸ ਦੀ ਸ਼ਸ਼ਤਰ ਪੂਜਾ ਵਿਚ ਦਿਖਣ ਵਾਲੀਆਂ ਬੰਦੂਕਾਂ, ਤਲਵਾਰਾਂ ਦੇ ਖੁਲ੍ਹੇਆਮ ਪ੍ਰਦਰਸ਼ਨ ਲਈ ਆਰਐਸਐਸ ਕਿਸੇ ਦੀ ਇਜਾਜ਼ਤ ਲੈਂਦਾ ਹੈ ਜਾਂ ਨਹੀਂ? ਵੈਸੇ ਇਜਾਜ਼ਤ ਲੈਣ ਦੀ ਲੋੜ ਵੀ ਕੀ ਹੈ, ਕਿਉਂਕਿ ਰਾਜ ਤਾਂ ਆਰਐਸਐਸ ਦਾ ਹੈ।

ਇਸ ਗੱਲਾਂ ਦਾ ਖੁਲਾਸਾ ਸੂਚਨਾ ਅਧਿਕਾਰ ਅਧਿਨਿਯਮ-2005 ਤਹਿਤ ਅਗਸਤ 2017 ਵਿਚ ਨਾਗਪੁਰ ਪੁਲੀਸ ਹੈਡਕੁਆਰਟਰ ਵਿਚ ਦਾਇਰ ਆਰਟੀਆਈ ਬੇਨਤੀ ਪੱਤਰ ਦੇ ਜਵਾਬ ਨਾਲ ਹੋਇਆ ਹੈ। ਆਰਟੀਆਈ ਦਾਇਰ ਕਰਨ ਵਾਲੇ ਮੋਹਿਨਿਸ਼ ਜਬਲਪੁਰੇ ਦਾ ਕਹਿਣਾ ਹੈ ਕਿ ਪੁਲੀਸ ਵਲੋਂ ਉਸ ਨੂੰ ਜੋ ਜਵਾਬ ਮਿਲਿਆ, ਉਹ ਹੈਰਾਨ ਕਰਨ ਵਾਲਾ ਸੀ। ਜਬਲਪੁਰੇ ਖੁਦ ਨਾਗਪੁਰ ਦੇ ਹੀ ਰਹਿਣ ਵਾਲੇ ਹਨ ਤੇ ਉਸ ਦਾ ਘਰ ਆਰਐਸਐਸ ਦੇ ਹੈਡਕੁਆਰਟਰ ਤੋਂ ਦੂਰ ਨਹੀਂ ਹੈ। ਮੋਹਿਨਿਸ਼ ਦਾ ਦਾਅਵਾ ਹੈ ਕਿ ਉਸ ਨੇ ਆਰਐਸਐਸ ਦੀ ਸ਼ਸ਼ਤਰ ਪੂਜਾ ਨੂੰ ਬਚਪਨ ਵਿਚ ਦੇਖਿਆ ਹੈ। ਮੋਹਿਨਿਸ਼ ਨੇ ਕਿਹਾ ਕਿ ਹਰ ਸਾਲ ਰੇਸ਼ਮ ਬਾਗ ਮੈਦਾਨ ਮਹੱਲ ਵਿਚ ਹੋਣ ਵਾਲੀ ਹਥਿਆਰ ਤੇ ਸ਼ਸ਼ਤਰ ਪੂਜਾ ਵਿਚ ਦੇਸ਼ ਭਰ ਵਿਚੋਂ ਹਜ਼ਾਰਾਂ ਦੀ ਤਦਾਦ ਵਿਚ ਲੋਕ ਸ਼ਾਮਲ ਹੁੰਦੇ ਹਨ। ਸੰਘ ਪ੍ਰਮੁਖ ਦੀ ਪੂਜਾ ਤੋਂ ਬਾਅਦ ਆਮ ਲੋਕਾਂ ਨੂੰ ਸ਼ਸ਼ਤਰਾਂ ਦੀ ਪੂਜਾ ਲਈ ਮੌਕਾ ਦਿੱਤਾ ਜਾਂਦਾ ਹੈ। ਸ਼ਸ਼ਤਰ ਪੂਜਾ ਦਾ ਪ੍ਰੋਗਰਾਮ ਦਿਨ ਭਰ ਚਲਦਾ ਰਹਿੰਦਾ ਹੈ। ਰੇਸ਼ਮ ਬਾਗ ਮਹੱਲ ਤੋਂ ਆਰਐਸਐਸ ਹੈਡਕੁਆਰਟ ਦੀ ਦੂਰੀ ਤਕਰੀਬਨ ਦੋ ਕਿਲੋਮੀਟਰ ਹੈ।

ਜਬਲਪੁਰੇ ਨੇ ਅਗਸਤ 2017 ਵਿਚ ਦਾਇਰ ਆਪਣੇ ਬੇਨਤੀ ਪੱਤਰ ਵਿਚ ਨਾਗਪੁਰ ਪੁਲੀਸ ਤੋਂ ਪੁਛਿਆ ਸੀ ਕਿ ਦੁਸਹਿਰੇ ਦੇ ਦਿਨ ਆਰਐਸਐਸ ਸ਼ਸ਼ਤਰ ਪੂਜਾ ਕਰਦਾ ਹੈ। ਇਨ੍ਹਾਂ ਸ਼ਸ਼ਤਰਾਂ ਦਾ ਲਾਇਸੈਂਸ ਸਰਕਾਰ ਨੇ ਕਿਸ ਦੇ ਨਾਮ ਜਾਰੀ ਕੀਤਾ ਹੈ। ਚੋਣਾਂ ਸਮੇਂ ਵਕਤ ਪੁਲੀਸ ਹਰ ਤਰ੍ਹਾਂ ਦੇ ਹਥਿਆਰਾਂ ਤੇ ਅਸਤਰ ਸ਼ਸ਼ਤਰ ਨੂੰ ਆਪਣੇ ਕਬਜ਼ੇ ਵਿਚ ਲੈ ਲੈਂਦੀ ਹੈ ਤਾਂ ਕੀ ਆਰਐਸਐਸ ਦੇ ਹਥਿਆਰਾਂ ਨੂੰ ਵੀ ਕਿਤੇ ਜਮ੍ਹਾ ਕਰਵਾਇਆ ਜਾਂਦਾ ਹੈ? ਜੇਕਰ ਹਾਂ ਤਾਂ ਇਸ ਬਾਰੇ ਜਾਣਕਾਰੀ ਦਿੱਤੀ ਜਾਵੇ।

ਨਾਗਪੁਰ ਪੁਲੀਸ ਨੇ ਜਬਲਪੁਰੇ ਦੇ ਬੇਨਤੀ ਪੱਤਰ ਦੇ ਜਵਾਬ ਵਿਚ ਲਿਖਿਆ, “ਤੁਸੀਂ ਜੋ ਜਾਣਕਾਰੀ ਮੰਗੀ ਹੈ, ਉਸ ਤਰ੍ਹਾਂ ਦੇ ਕਿਸੇ ਵੀ ਅਸਤਰ ਸ਼ਸ਼ਤਰ ਦੇ ਲਾਇਸੈਂਸ ਜਾਰੀ ਕਰਨ ਬਾਰੇ ਵਿਚ ਕੋਈ ਜਾਣਕਾਰੀ ਸਾਡੇ ਰਿਕਾਰਡ ਵਿਚ ਦਰਜ ਨਹੀਂ ਹੈ।” ਆਰਐਸਐਸ ਤੋਂ ਹਥਿਆਰਾਂ ਬਾਰੇ ਪੁਛਗਿੱਛ ਕਰਨ ਵਾਲੀ ਰਿੱਟ ਦਾ ਜਵਾਬ ਦੇਣ ਵਿਚ ਨਾਗਪੁਰ ਪੁਲੀਸ ਨੇ ਲਗਭਗ ਇਕ ਮਹੀਨੇ ਤੋਂ ਜ਼ਿਆਦਾ ਦਾ ਵਕਤ ਲਿਆ। ਇਹ ਦੇਰੀ ਹੈਰਾਨ ਕਰਨ ਵਾਲੀ ਹੈ। ਸੂਚਨਾ ਦਾ ਅਧਿਕਾਰ ਅਧਿਨਿਯਮ-2005 ਦੇ ਮੁਤਾਬਕ ਪੁੱਛੇ ਗਏ ਕਿਸੇ ਵੀ ਸੁਆਲ ਦਾ ਜਵਾਬ ਇਕ ਮਹੀਨੇ ਦੇ ਅੰਦਰ ਦੇਣਾ ਹੁੰਦਾ ਹੈ।

ਜ਼ਾਹਿਰ ਹੈ ਕਿ ਆਰਐਸਐਸ ਨੇ ਹਥਿਆਰਾਂ ਦਾ ਵੱਡਾ ਜਖ਼ੀਰਾ ਜਮ੍ਹਾ ਕੀਤਾ ਹੋਇਆ ਹੈ, ਜਿਸ ਬਾਰੇ ਪੁਲੀਸ ਨੂੰ ਵੀ ਕੋਈ ਜਾਣਕਾਰੀ ਨਹੀਂ ਹੈ। ਜਬਲਪੁਰੇ ਨੂੰ ਸੂਚਨਾ ਦਾ ਅਧਿਕਾਰ ਅਧਿਨਿਯਮ ਤਹਿਤ ਇਕ ਦੂਸਰਾ ਆਰਟੀਆਈ ਬੇਨਤੀ ਪੱਤਰ ਦਾਖਲ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਨਾਗਪੁਰ ਪੁਲੀਸ ਤੋਂ ਪੂਰੇ ਸ਼ਹਿਰ ਵਿਚ ਲੱਗਣ ਵਾਲੀਆਂ ਸ਼ਾਖਾਵਾਂ ਦੇ ਬਾਰੇ ਜਾਣਕਾਰੀ ਮੰਗੀ ਹੈ । ਜਬਲਪੁਰੇ ਨੇ ਆਪਣੇ ਬੇਨਤੀ ਪੱਤਰ ਵਿਚ ਪੁਛਿਆ ਕਿ ਆਰਐਸਐਸ ਦੀ ਸਾਖਾ ਦੇ ਰਾਹੀਂ ਲੋਕ ਇਕ ਜਗ੍ਹਾ ਜਮਾਂ ਹੁੰਦੇ ਹਨ। ਕੀ ਤੁਸੀਂ ਇਸ ਲਈ ਕੋਈ ਇਜਾਜ਼ਤ ਦਿੱਤੀ ਹੈ? ਜੇਕਰ ਹਾਂ ਤਾਂ ਉਸ ਦੀ ਇਕ ਕਾਪੀ ਦਿੱਤੀ ਜਾਵੇ। ਇਸ ਦੇ ਜਵਾਬ ਵਿਚ ਨਾਗਪੁਰ ਦੀ ਪੁਲੀਸ ਨੇ ਸਵੀਕਾਰ ਕੀਤਾ ਕਿ ਸ਼ਹਿਰ ਦੇ ਅਲੱਗ ਅਲੱਗ ਕੋਨਿਆਂ ਵਿਚ ਲੱਗਣ ਵਾਲੀ ਸ਼ਾਖਾ ਦੇ ਲਈ ਪੁਲੀਸ ਤੋਂ ਕੋਈ ਇਜਾਜ਼ਤ ਨਹੀਂ ਲਈ ਜਾਂਦੀ। ਪੁਲੀਸ ਦਾ ਇਹ ਜੁਆਬ ਹੈਰਾਨ ਕਰਨ ਵਾਲਾ ਹੈ। ਜਿਨ੍ਹਾਂ ਸ਼ਾਖਾਵਾਂ ਵਿਚ ਡੰਡਾ ਚਲਾਉਣ ਤੋਂ ਲੈ ਕੇ ਨਿਸ਼ਾਨੇਬਾਜ਼ੀ ਤੇ ਅਸਤਰ ਸ਼ਸ਼ਤਰ ਚਲਾਉਣ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ, ਉਸ ਲਈ ਆਰਐਸਐਸ ਦੇ ਸਵੈ ਸੇਵਕ ਪੁਲੀਸ ਦੀ ਇਜਾਜ਼ਤ ਲੈਣਾ ਜ਼ਰੂਰੀ ਨਹੀਂ ਸਮਝਦੇ। ਅਜਿਹਾ ਨਾਗਪੁਰ ਪੁਲੀਸ ਨੇ ਲਿਖਤੀ ਰੂਪ ਵਿਚ ਸਵੀਕਾਰ ਕੀਤਾ ਹੈ। ਸੁਆਲ ਇਹ ਹੈ ਕਿ ਜੇਕਰ ਅਜਿਹੇ ਕੰਮ ਦੂਸਰੇ ਧਰਮ ਦੇ ਲੋਕ ਕਰਨ ਤਾਂ ਪੁਲੀਸ ਦਾ ਰਵੱਈਆ ਇਹੀ ਹੋਵੇਗਾ?

ਸੂਚਨਾ ਅਧਿਕਾਰ ਕਾਨੂੰਨ ਤਹਿਤ ਪਹਿਲਾ ਬੇਨਤੀ ਪੱਤਰ ਦਾਖਲ ਕਰਨ ਤੋਂ ਬਾਅਦ ਜਬਲਪੁਰੇ ਨੇ ਨਾਗਪੁਰ ਦੇ ਪੁਲੀਸ ਮੁਖੀ ਕੋਲ ਇਕ ਸ਼ਿਕਾਇਤ ਦਰਜ ਕਰਾਈ, ਜਿਸ ਵਿਚ ਉਨ੍ਹਾਂ ਨੇ ਆਰਐਸਐਸ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ।ਲਿਖਤੀ ਸ਼ਿਕਾਇਤ ਵਿਚ ਜਬਲਪੁਰੇ ਨੇ ਪੁਲੀਸ ਤੋਂ ਮੰਗ ਕੀਤੀ ਕਿ ਆਰਐਸਐਸ ਦੀ ਸ਼ਸ਼ਤਰ ਪੂਜਾ ਵਿਚ ਲਿਆਂਦੇ ਗਏ ਹਥਿਆਰਾਂ ਨੂੰ ਤੁਰੰਤ ਜ਼ਬਤ ਕੀਤਾ ਜਾਵੇ। ਆਰਐਸਐਸ ‘ਤੇ ਪਾਬੰਦੀ ਲਗਾਉਣ ਦੀ ਮੰਗ ਕਰਦੇ ਹੋਏ ਜਬਲਪੁਰੇ ਨੇ ਆਪਣੀ ਸ਼ਿਕਾਇਤ ਵਿਚ ਮੁਖ ਤੌਰ ‘ਤੇ ਤਿੰਨ ਬਿੰਦੂਆਂ ਨੂੰ ਆਧਾਰ ਬਣਾਇਆ।

ਪਹਿਲਾ ਇਹ ਕਿ ਆਰਐਸਐਸ ਨੇ ਸਾਰੇ ਭਾਰਤ ਵਿਚ ਛੋਟੇ ਬੱਚਿਆਂ ਨੂੰ ਹਥਿਆਰਾਂ ਦੀ ਟ੍ਰੇਨਿੰਗ ਦਿੱਤੀ ਹੈ, ਜੋ ਕਿ ਗ਼ੈਰ ਕਾਨੂੰਨੀ ਹੈ। ਦੂਜਾ ਬਿਨਾਂ ਸਰਕਾਰ ਦੀ ਇਜਾਜ਼ਤ ਦੇ ਆਰਐਸਐਸ ਦੇ ਸਵੈ ਸੇਵਕ ਹਥਿਆਰਾਂ ਸਮੇਤ ਸੜਕਾਂ ‘ਤੇ ਮਾਰਚ ਕਰਦੇ ਹਨ, ਜੋ ਕਿ ਕਾਨੂੰਨ ਦੀ ਉਲੰਘਣਾ ਹੈ।

ਤੀਜਾ ਆਰਐਸਐਸ ਦੀ ਸ਼ਸ਼ਤਰ ਪੂਜਾ ਵਿਚ ਜੋ ਮੰਤਰੀ ਜਾਂ ਸਰਕਾਰੀ ਅਧਿਕਾਰੀ ਸ਼ਾਮਲ ਹੁੰਦੇ ਹਨ, ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇ।

ਜਬਲਪੁਰੇ ਨੇ ਨਾ ਸਿਰਫ਼ ਨਾਗਪੁਰ ਪੁਲੀਸ ਮੁਖੀ ਦਫ਼ਤਰ ਬਲਕਿ ਕੋਤਵਾਲੀ ਪੁਲੀਸ ਸਟੇਸ਼ਨ ਵਿਚ ਆਰਐਸਐਸ ਦੇ ਖਿਲਾਫ਼ ਸ਼ਿਕਾਇਤ ਦਰਜ ਕਰਾਈ ਸੀ, ਪਰ ਕਿਤੇ ਕੋਈ ਕਾਰਵਾਈ ਨਹੀਂ ਹੋਈ। ਸੰਘ ਹੈਡਕੁਆਰਟਰ ਪੁਲੀਸ ਸਟੇਸ਼ਨ ਕੋਤਵਾਲੀ ਦੇ ਅੰਤਰਗਤ ਆਉਂਦਾ ਹੈ। ਮੋਹਿਨਿਸ਼ ਜਬਲਪੁਰੇ ਦਾ ਦਾਅਵਾ ਹੈ ਕਿ ਰਾਸ਼ਟਰੀ ਸਵੈ ਸੇਵਕ ਸੰਘ ਦੇ ਬਾਰੇ ਪੁਲੀਸ ਮੁਖੀ ਹੈਡਕੁਆਟਰ ਤੋਂ ਜਾਣਕਾਰੀ ਮੰਗਣ ਤੋਂ ਬਾਅਦ ਉਨ੍ਹਾਂ ਨੂੰ ਧਮਕੀ ਭਰੇ ਫੋਨ ਆਉਣ ਲੱਗੇ ਜਿਸ ਬਾਰੇ ਉਨ੍ਹਾਂ ਨੇ ਪੁਲੀਸ ਮੁਖੀ ਦਫਤਰ ਵਿਚ ਲਿਖਤੀ ਸ਼ਿਕਾਇਤ ਦਰਜ ਕਰਾਈ ਸੀ।

ਸ਼ਿਕਾਇਤ ਵਿਚ ਜਬਲਪੁਰੇ ਨੇ ਮੋਬਾਇਲ ਨੰਬਰ ਤੋਂ ਧਮਕੀ ਮਿਲਣ ਦਾ ਦੋਸ਼ ਲਗਾਇਆ ਤੇ ਕਿਹਾ ਕਿ ਖੁਦ ਨਾਗਪੁਰ ਪੁਲੀਸ ਨੇ ਉਸ ਨੂੰ ਆਰਐਸਐਸ ਖਿਲਾਫ਼ ਆਵਾਜ਼ ਨਾ ਚੁੱਕਣ ਦੀ ਨਸੀਹਤ ਦਿੱਤੀ ਹੈ। ਆਪਣੀ ਸ਼ਿਕਾਇਤ ਵਿਚ ਜਬਲਪੁਰੇ ਨੇ ਕਿਹਾ ਕਿ ਕਿਸੇ ਯਾਦਵ ਨਾਮ ਦੇ ਵਿਅਕਤੀ ਨੇ ਉਸ ਨੂੰ ਫੋਨ ਕੀਤਾ ਸੀ ਤੇ ਥਾਣੇ ਵਿਚ ਬੁਲਾ ਕੇ ਧਮਕੀ ਭਰੇ ਅੰਦਾਜ਼ ਵਿਚ ਪੁਲੀਸ ਨੇ ਉਨ੍ਹਾਂ ਨੂੰ ਕਿਹਾ ਕਿ ਤੇਰੀ ਸ਼ਿਕਾਇਤ ‘ਤੇ ਕੁਝ ਨਹੀਂ ਹੋਵੇਗਾ, ਤੇਰਾ ਸਮਾਂ ਤੇ ਮਿਹਨਤ ਬੇਕਾਰ ਜਾਵੇਗੀ। ਭਾਰਤ ਵਿਚ ਦੁਸਹਿਰੇ ਵਾਲੇ ਦਿਨ ਲੋਕ ਜਿਵੇਂ ਗੱਡੀਆਂ ਦੀ ਪੂਜਾ ਕਰਦੇ ਹਨ, ਉਵੇਂ ਹੀ ਆਰਐਸਐਸ ਦੁਸਹਿਰੇ ਵਾਲੇ ਦਿਨ ਹਥਿਆਰਾਂ ਦੀ ਪੂਜਾ ਕਰਦਾ ਹੈ। ਇਸ ਵਿਚ ਗਲਤ ਕੀ ਹੈ?’

ਗਲਤ ਸਹੀ ਦਾ ਫੈਸਲਾ ਅਦਾਲਤ ਵਿਚ ਕੀਤਾ ਜਾਂਦਾ ਹੈ, ਪਰ ਆਰਐਸਐਸ ਬਾਰੇ ਵਿਚ ਸੁਆਲ ਉਠਾਉਣ ਵਾਲੀ ਆਵਾਜ਼ ਨੂੰ ਡਰਾਉਣ ਦਾ ਪੁਲੀਸ ਦਾ ਇਹ ਰਵੱਈਆ ਜਾਣਕਾਰਾਂ ਦੀ ਨਿਗਾਹ ਵਿਚ ਕਾਨੂੰਨ ਤੇ ਸੰਵਿਧਾਨ ਦੇ ਖਿਲਾਫ਼ ਹੈ। ਪੁਲੀਸ ਦੇ ਰਵੱਈਏ ਤੇ ਆਰਐਸਐਸ ਦੀ ਤਾਕਤ ਦਾ ਜ਼ਿਕਰ ਕਰਦੇ ਹੋਏ ਮੋਹਿਨਿਸ਼ ਨੇ ਕਿਹਾ ਕਿ ਆਰਐਸਐਸ ਦੇਸ਼ ਤੇ ਸੰਵਿਧਾਨ ਨਾਲ ਜੋ ਖਿਲਵਾੜ ਕਰ ਰਿਹਾ ਹੈ,ਉਸ ਦੇ ਖਿਲਾਫ਼ ਕਿਸੇ ਨਾ ਕਿਸੇ ਨੂੰ ਤਾਂ ਸੰਘਰਸ਼ ਕਰਨਾ ਹੀ ਹੋਵੇਗਾ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਕੇਂਟ ਡਾਊਨਟਾਊਨ ਦਾ ਸਾਲਾਨਾ ਸਮਾਗਮ 1 ਜੂਨ ਨੂੰ

**ਕੇਂਟ, ਵੇਸ਼ਨ/ਬਿਊਰੋ ਨਿਊਜ਼ :**
ਦ ਕੇਂਟ ਡਾਊਨਟਾਊਨ ਪਾਰਟਨਰਸ਼ਿਪ ਸ਼ੁੱਕਰਵਾਰ 1 ਜੂਨ ਨੂੰ ਸ਼ੋਅਵੇਅਰ ਸੈਂਟਰ ਵਿਖੇ ਆਪਣਾ ਸਾਲਾਨਾ ਸਮਾਗਮ ਕਰੇਗੀ, ਜਿਸ ਵਿਚ 150 ਤੋਂ ਵੱਧ ਕਾਰੋਬਾਰੀ ਕਮਿਊਨਿਟੀਆਂ ਦੇ ਆਗੂ ਕੇਂਟ ਦੇ ਡਾਊਨਟਾਊਨ ਕੋਰ ਨੂੰ ਸ਼ਕਤੀ ਬਣਾਉਣ ਲਈ ਕੀਤੇ ਗਏ ਯਤਨਾਂ ਅਤੇ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ ਇਕੱਠੇ ਹੋਣਗੇ।

ਇਸ ਸਾਲ ਦੇ ਥੀਮ "ਚੰਨ ਤੋਂ ਡਾਊਨਟਾਊਨ ਕੇਂਟ ਲਿਆਓ", ਤਹਿਤ ਇੱਕ ਲੂਨਰ ਰੋਵਰ ਨੂੰ ਇਸ ਦੇ ਪ੍ਰਤੀਕ ਦੇ ਤੌਰ 'ਤੇ ਡਾਊਨਟਾਊਨ ਪਾਰਕ ਵਿੱਚ ਲਿਆਉਣ ਦੀ ਮਨਜ਼ੂਰੀ ਲਈ ਗਈ ਹੈ। ਕੇਂਟ ਡਾਊਨਟਾਊਨ ਪਾਰਟਨਰਸ਼ਿਪ ਦੇ ਪ੍ਰਧਾਨ ਮਾਈਕ ਹਾਨਿਸ ਅਨੁਸਾਰ, "ਬਹੁਤ ਸਾਰੇ ਲੋਕਾਂ ਨੂੰ ਇਹ ਨਹੀਂ ਪਤਾ ਕਿ ਇਥੇ ਕੇਂਟ ਵਿਚ ਕਦੇ ਸ਼ਾਨਦਾਰ ਇਤਿਹਾਸ ਬਣਾਇਆ ਗਿਆ ਸੀ। ਸਭ ਤੋਂ ਪਹਿਲਾਂ 1969 ਵਿਚ ਬੋਇੰਗ ਸਪੇਸ ਸੈਂਟਰ ਕੇਂਟ ਵਿਚ ਬਣਾਇਆ ਗਿਆ ਸੀ। ਅਪੋਲੋ ਮਿਸ਼ਨ ਅਧੀਨ ਤਿੰਨ ਚੰਦਰਮਾ ਰੋਵਰ 15, 16 ਅਤੇ 17 ਚੰਦ 'ਤੇ ਗਏ ਜੋ ਅੱਜ ਵੀ ਚੰਦ ਦੀ ਸਤਹ 'ਤੇ ਟਿਕੇ ਹੋਏ ਹਨ। ਸਾਡੇ ਬੋਰਡ ਦਾ ਮੰਨਣਾ ਹੈ ਕਿ ਇਹ ਸਮਾਗਮ ਸਾਡੇ ਅਗਲੇ ਸਾਲ ਦੇ ਅਪੋਲੋ ਪ੍ਰੋਗਰਾਮ ਦੀ 50ਵੀਂ ਵਰ੍ਹੇਗੰਢ ਸਮੇਤ, ਸਾਡੇ ਸੰਗਠਨ ਦੇ ਕੰਮ ਲਈ ਫੰਡ ਇਕੱਠਾ ਕਰਨ ਦੇ ਨਾਲ ਨਾਲ, ਇਹ ਸਾਡੇ ਪੁਲਾੜ ਪ੍ਰੋਗਰਾਮ ਦੀ ਪੜਚੋਲ ਕਰਨ ਤੇ ਇਸ ਦੀ ਵਿਰਾਸਤ ਨੂੰ ਯਾਦ ਕਰਨ ਲਈ ਵੀ ਢੁਕਵਾਂ ਸਮਾਂ ਰਹੇਗਾ।"

ਹਾਨਿਸ ਨੇ ਕਿਹਾ ਕਿ, "ਇੱਕ ਲੂਨਰ ਰੋਵਰ ਦਾ ਪ੍ਰਤੀਕ ਦੇ ਤੌਰ 'ਤੇ ਡਾਊਨਟਾਊਨ 'ਚ ਹੋਣਾ ਜਿਥੇ ਸਾਡੇ ਅਤੀਤ ਦਾ ਸਨਮਾਨ ਕਰਦਾ ਹੈ, ਉਥੇ ਇਹ ਸਾਡੇ ਬੱਚਿਆਂ ਦੀ ਕਲਪਨਾ ਨੂੰ ਊਰਜਾਵਾਨ ਕਰੇਗਾ ਅਤੇ ਭਵਿੱਖ ਵਿੱਚ ਇਸ ਖੇਤਰ 'ਚ ਹੋਰ ਕੀ ਹੋ ਸਕਦਾ ਹੈ, ਇਸ ਬਾਰੇ ਸੋਚਣ ਲਈ ਸਾਨੂੰ ਪ੍ਰੇਰਿਤ ਗੀ ਕਰਦਾ ਹੈ।"

ਇਸ ਇਵੈਂਟ ਵਿਚ ਹਾਜ਼ਰ ਲੋਕ ਸ਼ਾਮ ਨੂੰ "ਫੰਡ ਦੀ ਲੋੜ" ਪ੍ਰੋਗਰਾਮ ਤਹਿਤ ਸਿੱਧੇ ਰੂਪ ਵਿੱਚ ਚੰਦਰਮਾ ਰੋਵਰ ਪ੍ਰਾਜੈਕਟ ਦੀ ਮਾਲੀ ਮਦਦ ਕਰ ਸਕਣਗੇ। ਸਮਾਗਮ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਕਾਰਪੋਰੇਟ ਇਤਿਹਾਸਕਾਰ ਅਤੇ ਰੋਵਰ ਪ੍ਰਾਜੈਕਟ ਬੋਇੰਗ ਕੰਪਨੀ ਦੇ ਕੈਂਟ ਨਿਵਾਸੀ ਮਾਈਕਲ ਲੋਂਬਾਰਡੀ ਅਤੇ ਬੋਇੰਗ ਐਰੋਸਪੇਸ ਇੰਜੀਨੀਅਰ ਦੇ ਪਦ ਤੋਂ ਰਿਟਾਇਰ ਮੈਨੇਜਰ ਹੈਰਿਸ ਏਟਕਿੰਨਾਂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਣਗੇ। ਦੋਵੇਂ ਜਣੇ ਇਸ ਮੌਕੇ ਲੂਨਰ ਰੋਵਰ ਪ੍ਰੋਗਰਾਮ ਬਹੁਤ ਸਾਰੀ ਬਾਰੇ ਗੁੱਝੀ ਜਾਣਕਾਰੀ ਸਾਂਝੀ ਕਰਨਗੇ ਕਿ ਨਾਸਾ ਨੇ ਸਿਰਫ 14 ਮਹੀਨਿਆਂ ਵਿਚ ਇਹ ਇੰਜਨੀਅਰਿੰਗ ਕਾਰਜ ਕਿਵੇਂ ਪੂਰਾ ਕੀਤਾ ਸੀ।

ਇਹ ਈਵੈਂਟ ਸ਼ਾਮ 5:30 ਵਜੇ ਇੱਕ ਕਾਕਟੇਲ ਰਿਸੈਪਸ਼ਨ ਅਤੇ ਨੀਲਾਮੀ ਪ੍ਰਕਿਰਿਆ ਨਾਲ ਸ਼ੁਰੂ ਹੋਵੇਗੀ। ਰਾਤ 7 ਵਜੇ ਰਾਤ ਦੇ ਖਾਣੇ ਉਤੇ ਲਾਈਵ ਨਿਲਾਮੀ ਹੋਵੇਗੀ। ਇਸ ਸਮਾਗਮ ਵਿਚ ਪਹੁੰਚਣ ਲਈ ਸ਼ੋਅਵੇਅਰ ਕੇਂਦਰ, 625 ਵੈਸਟ ਜੇਮਸ ਸਟਰੀਟ ਡਾਊਨਟਾਊਨ ਕੈਂਟ ਤੋਂ 85 ਡਾਲਰ ਦੀ ਟਿਕਟ ਲਈ ਜਾ ਸਕਦੀ ਹੈ। ਟਿਕਟ http://www.downtownkentwa.com. ਤੋਂ ਵੀ ਖਰੀਦਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਫੋਨ ਨੰ. 253-813-6976 'ਤੇ ਕਾਲ ਕਰ ਸਕਦੇ ਹੋ।

ਸਿਆਣੇ ਕਹਿੰਦੇ ਹਨ ਕਿ ਪ੍ਰਤਿਭਾ ਕਦੇ ਵੀ ਮਹੱਲਾਂ ਦੀ ਮੁਹਤਾਜ ਨਹੀਂ ਹੁੰਦੀ। ਇਸ ਕਥਨ ਨੂੰ ਇਕ ਵਾਰ ਫਿਰ ਸੱਚ ਕਰ ਦਿਖਾਇਆ ਹੈ, ਪੰਜਾਬ ਦੇ ਮੋਹਾਲੀ ਦੀ ਸਕੁਐਸ਼ ਦੀ ਖਿਡਾਰਨ ਪ੍ਰਿਆ ਗੁਪਤਾ ਨੇ। ਹਾਲ ਹੀ 'ਚ 20 ਸਾਲਾ ਪ੍ਰਿਆ ਗੁਪਤਾ ਨੂੰ ਅਸ਼ੋਕਾ ਯੂਨੀਵਰਸਿਟੀ, ਸੋਨੀਪਤ ਦੇ ਯੰਗ ਇੰਡੀਆ ਫੈਲੋਸ਼ਿਪ ਪੁਰਸਕਾਰ ਲਈ ਚੁਣਿਆ ਗਿਆ ਹੈ। ਗੁਪਤਾ ਇਸ ਵੇਲੇ ਭਾਰਤ ਦੀ ਸਕੁਐਸ਼ ਰੈਕੇਟ ਫੈਡਰੇਸ਼ਨ ਆਫ ਕੌਮੀ ਮਹਿਲਾ ਰੈਂਕਿੰਗ 'ਚ 14 ਵੇਂ ਸਥਾਨ 'ਤੇ ਹੈ ਅਤੇ ਖੇਲਾਲਾ ਟਰੇਨੀ ਹੁਣ ਪੜ੍ਹਾਈ ਤੋਂ ਇਲਾਵਾ ਆਪਣੀ ਖੇਡ ਕੈਰੀਅਰ ਨੂੰ ਚਾਰਟ ਕਰ ਰਹੀ ਹੈ। ਪ੍ਰਿਆ ਗੁਪਤਾ ਦੱਸਦੀ ਹੈ ਕਿ ਸਕੁਐਸ਼ ਕੋਚ ਸਤਿੰਦਰ ਬਾਜਵਾ ਕੋਲ 2009 ਵਿਚ ਸੈਕਟਰ 35 ਚੰਡੀਗੜ੍ਹ ਵਿਖੇ ਇਸ ਖੇਡ ਦੀ ਟਰੇਨਿੰਗ ਦੀ ਸ਼ੁਰੂਆਤ ਕੀਤੀ। ਜਦੋਂ ਮੈਂ ਸ਼ੁਰੂਆਤ ਵਿਚ ਸਕੁਐਸ਼ ਖੇਡਣਾ ਸ਼ੁਰੂ ਕੀਤਾ ਤਾਂ ਮੈਂ ਸਕੁਐਸ਼ ਨੂੰ ਇਕ ਮਨੋਰੰਜਨ ਵਜੋਂ ਦੇਖਿਆ। ਬਾਅਦ ਵਿੱਚ ਇਸ ਖੇਡ ਵਿੱਚ ਮੇਰੀ ਦਿਲਚਸਪੀ ਵਧ ਗਈ। ਜਦੋਂ ਮੈਂ ਚੰਡੀਗੜ੍ਹ ਰਾਜ ਚੈਂਪੀਅਨਸ਼ਿਪ ਵਿੱਚ ਅੰਡਰ ਫਿਫਟੀਨ ਦਾ ਖ਼ਿਤਾਬ ਜਿੱਤਿਆ ਸੀ, ਤਾਂ ਇਹ ਮੇਰੇ ਪਰਿਵਾਰ ਲਈ ਇੱਕ ਵੱਡਾ ਪਲ ਸੀ। ਮੇਰੇ ਪਿਤਾ ਜੀ ਇੱਕ ਕਬਾੜ ਦੇ ਵਪਾਰੀ ਵਜੋਂ ਕੰਮ ਕਰਦੇ ਹਨ ਅਤੇ ਤਕਰੀਬਨ 10,000 ਰੁਪਏ ਮਹੀਨਾ ਕਮਾਉਂਦੇ ਹਨ। ਸਕੁਐਸ਼ ਖਿਤਾਬ ਜਿੱਤਣ ਨਾਲ ਅਤੇ 9 ਲੱਖ ਰੁਪਏ ਦੇ ਇਸ ਸਕਾਲਰਸ਼ਿਪ ਨਾਲ ਮੇਰੇ ਪਰਿਵਾਰ ਲਈ ਬਹੁਤ ਕੁਝ ਮਿਲ ਗਿਆ ਹੈ। ਨੌਜਵਾਨ ਨੇ 2009 ਵਿਚ ਖੇਲਸ਼ਾਲਾ ਵਿਚ ਇਕ ਗੋਲਫ ਖੇਡਣਾ ਸ਼ੁਰੂ ਕੀਤਾ ਸੀ, ਜੋ ਕਿ ਸਤਿੰਦਰ ਬਾਜਵਾ ਨੇ ਸ਼ੁਰੂ ਕੀਤਾ ਇਕ ਐਨ.ਜੀ.ਓ. ਹੈ, ਜੋ ਇਕ ਦਹਾਕਾ ਤੋਂ ਜ਼ਿਆਦਾ ਸਮੇਂ ਤਕ ਸਕਵਾਸ਼ ਦੇ ਨਿਰਦੇਸ਼ਕ ਰਹੇ ਹਨ ਅਤੇ ਅੱਠ ਵਾਰ ਵਿਸ਼ਵ ਚੈਂਪੀਅਨ ਪਾਕਿਸਤਾਨ ਦੇ ਜਾਨਸ਼ੇਰ ਖ਼ਾਨ ਦੀ ਸਲਾਹਕਾਰ ਹਨ. ਗੁਪਤਾ ਨੇ 2012 ਵਿੱਚ ਚੰਡੀਗੜ ਸਕਵਾਸ਼ ਚੈਂਪੀਅਨਸ਼ਿਪ ਵਿੱਚ "-15 ਦਾ ਖ਼ਿਤਾਬ ਜਿੱਤਿਆ ਸੀ ਅਤੇ ਉਹ ਪੰਜਾਬ ਯੂਨੀਵਰਸਿਟੀ ਟੀਮ ਦਾ ਮੈਂਬਰ ਸੀ ਜਿਸ ਨੇ 2016 ਅਤੇ 2017 ਵਿੱਚ ਆਲ ਇੰਡੀਆ ਇੰਟਰ ਯੂਨੀਵਰਸਿਟੀ ਸਕਵਾਸ਼ ਚੈਂਪੀਅਨਸ਼ਿਪ ਜਿੱਤੀ ਸੀ. ਪਿਛਲੇ ਸਾਲ ਵੀ ਗੁਪਤਾ ਨੇ ਦੂਜਾ ਖੇਲ ਵਿੱਚ ਖਿਤਾਬ ਜਿੱਤਿਆ ਸੀ. ਐਸਆਰਐਫਈ ਸਕਵਾਸ਼ ਚੈਂਪੀਅਨਸ਼ਿਪ ਅਤੇ ਨੌਜਵਾਨ ਖਿਡਾਰੀਆਂ ਨੇ ਇਸ ਫਰਵਰੀ 'ਚ ਦਿੱਲੀ' ਚ ਖੇਡੇ ਗਏ ਹਮਦਰਦ ਡੈੱਲਟਨ ਸਕਵਾਸ਼ ਓਪਨ 'ਚ ਚੌਥੇ ਸਥਾਨ' ਤੇ ਰਿਹਾ. ਗੁਪਤਾ ਅਗਲੇ ਮਹੀਨੇ ਦਿੱਲੀ ਵਿਚ ਜਿਮਖਾਨਾ ਕਲਾਸਿਕ ਸੀਨੀਅਰ ਚੈਂਪੀਅਨਸ਼ਿਪ ਵਿਚ ਖੇਡਣ ਦੀ ਯੋਜਨਾ ਬਣਾ ਰਿਹਾ ਹੈ। "ਐਸ ਐਫ਼ੀਆਈ ਸਕਵੈਸ਼ ਸਰਕਟ 'ਤੇ ਨਿਯਮਿਤ ਤੌਰ' ਤੇ ਖੇਡਣਾ ਬਹੁਤ ਸਾਰਾ ਪੈਸਾ ਲਾਜ਼ਮੀ ਹੈ. ਪਰ ਮੈਂ ਇਸ ਸਾਲ ਕੁੱਝ ਟੂਰਨਾਮੈਂਟ ਵਿੱਚ ਆਪਣੀ ਰੈਂਕਿੰਗ ਵਿੱਚ ਸੁਧਾਰ ਕਰਨ ਦਾ ਟੀਚਾ ਬਣਾਉਣਾ ਚਾਹੁੰਦਾ ਹਾਂ. ਖੇਲਸ਼ਾਲਾ ਓਪਨ ਵਿਚ ਖਿਤਾਬ ਜਿੱਤਣ ਨਾਲ ਮੇਰਾ ਆਤਮਵਿਸ਼ਵਾਸ ਵਧਿਆ ਅਤੇ ਹਮਦਰਦ ਡੈਲਟਨ ਓਪਨ ਵਿਚ ਸੈਮੀ ਫਾਈਨਲ ਤਕ ਪਹੁੰਚਣ ਨਾਲ ਮੇਰੀ ਖੇਡ ਨੂੰ ਵੀ ਮਦਦ ਮਿਲੀ, "ਗੁਪਤਾ ਨੇ ਸ਼ੇਅਰ ਕੀਤਾ ਸੋਨੀਪਤ ਵਿਚ ਉਦਾਰਵਾਦੀ ਕਲਾਵਾਂ ਵਿਚ ਡਿਪਲੋਮਾ ਦਾ ਅਧਿਐਨ ਕਰਨ ਵਾਲਾ ਕੌਣ ਹੋਵੇਗਾ.

## ਫਰਜ਼ੀ ਬਿਲਾਂ 'ਤੇ ਹਥਿਆਰ ਵੇਚਣ ਦਾ ਮਾਮਲਾ

### *ਡੀਜੀਪੀ ਵੱਲੋਂ ਅਗਲੀ ਜਾਂਚ ਕਰਾਈਮ ਕੰਟਰੋਲ ਯੂਨਿਟ ਦੇ ਹਵਾਲੇ*

**ਫਰੀਦਕੋਟ/ਬਿਊਰੋ ਨਿਊਜ਼ :** ਅਮਰੀਕਾ ਤੋਂ ਸਮੱਗਲਿੰਗ ਹੋ ਕੇ ਆਏ ਹਥਿਆਰਾਂ ਨੂੰ ਫਰਜ਼ੀ ਬਿਲਾਂ 'ਤੇ ਪੰਜਾਬ ਵਿਚ ਵੇਚਣ ਦੇ ਮਾਮਲੇ 'ਚ ਫਰੀਦਕੋਟ ਪੁਲੀਸ ਦੀ ਜਾਂਚ 'ਤੇ ਉਠ ਰਹੇ ਸੁਆਲਾਂ ਤੋਂ ਬਾਅਦ ਡੀਜੀਪੀ ਦੇ ਹੁਕਮਾਂ 'ਤੇ ਇਸ ਕੇਸ ਦੀ ਜਾਂਚ ਫਰੀਦਕੋਟ ਪੁਲੀਸ ਕੋਲੋਂ ਲੈ ਕੇ ਆਰਗੇਨਾਈਜ਼ਡ ਕਰਾਈਮ ਕੰਟਰੋਲ ਯੂਨਿਟ ਚੰਡੀਗੜ੍ਹ ਨੂੰ ਟਰਾਂਸਫਰ ਕਰ ਦਿੱਤੀ ਗਈ ਹੈ। ਇਸ ਸਬੰਧ ਵਿਚ ਫਰੀਦਕੋਟ ਵਿਚ ਦਰਜ ਐਫਆਈਆਰ ਨੰ. 246 ਤੇ 41 ਨਾਲ ਸਬੰਧਿਤ ਰਿਕਾਰਡ ਵੀ ਚੰਡੀਗੜ੍ਹ ਹੈਡਕੁਆਰਟਰ 'ਤੇ ਮੰਗਵਾ ਲਿਆ ਗਿਆ ਹੈ। ਇਸ ਮਾਮਲੇ ਵਿਚ ਅੱਗੇ ਦੀ ਜਾਂਚ ਪੜਤਾਲ ਕਰਾਈਮ ਕੰਟਰੋਲ ਯੂਨਿਟ ਕਰੇਗੀ, ਕਿਉਂਕਿ 2014 ਵਿਚ ਸਾਹਮਣੇ ਆਏ ਇਸ ਮਾਮਲੇ ਨਾਲ ਸੰਬੰਧਿਤ ਤਕਰੀਬਨ 7 ਦੋਸ਼ੀਆਂ ਨੂੰ ਅੱਜ ਤੱਕ ਫਰੀਦਕੋਟ ਪੁਲੀਸ ਨੇ ਨਾ ਤਾਂ ਫੜਿਆ ਹੈ ਤੇ ਨਾ ਹੀ ਉਨ੍ਹਾਂ ਤੋਂ ਪੁਛਗਿੱਛ ਕੀਤੀ ਹੈ। ਹੁਣ ਇਸ ਦੀ ਜਾਂਚ ਵੀ ਆਰਗੇਨਾਈਜਡ ਕਰਾਈਮ ਕੰਟਰੋਲ ਯੂਨਿਟ ਚੰਡੀਗੜ੍ਹ ਹੀ ਕਰੇਗੀ। ਯਾਦ ਰਹੇ ਕਿ ਅਮਰੀਕਾ ਤੋਂ ਸਮੱਗਲ ਹੋ ਕੇ ਆਏ ਹਥਿਆਰ ਫਰਜ਼ੀ ਬਿਲਾਂ 'ਤੇ ਵੇਚੇ ਗਏ ਤੇ ਫਰਜ਼ੀ ਬਿਲਾਂ ਦੇ ਆਧਾਰ 'ਤੇ ਮਾਲਕੀ ਮੰਨ ਕੇ ਪੁਲੀਸ ਨੇ ਐਨਓਸੀ ਦੇ ਦਿੱਤੀ ਤੇ ਇਸੇ ਆਧਾਰ 'ਤੇ ਸਪੁਰਦਦਾਰੀ ਉਤੇ ਤਕਰੀਬਨ ਢਾਈ ਕਰੋੜ ਰੁਪਏ ਦੀ ਕੀਮਤ ਦੇ ਹਥਿਆਰ ਰਿਲੀਜ਼ ਕਰ ਦਿੱਤੇ ਗਏ। ਇਸ ਤੋਂ ਬਾਅਦ ਪੁਲੀਸ ਹਰਕਤ ਵਿਚ ਆਈ ਤੇ ਕੇਸ ਦੀ ਜਾਂਚ ਫਰੀਦਕੋਟ ਪੁਲੀਸ ਤੋਂ ਲੈ ਕੇ ਆਰਗੇਨਾਈਜ਼ਡ ਕਰਾਈਮ ਕੰਟਰੋਲ ਯੂਨਿਟ ਚੰਡੀਗੜ੍ਹ ਨੂੰ ਦੇ ਦਿੱਤੀ ਗਈ ਹੈ। ਸਮੱਗਲ ਹਥਿਆਰਾਂ ਨੂੰ ਜਿਨ੍ਹਾਂ ਫਰਜ਼ੀ ਬਿੱਲਾਂ 'ਤੇ ਫੜਿਆ, ਉਨ੍ਹਾਂ ਦੇ ਆਧਾਰ 'ਤੇ ਹੀ ਪੁਲੀਸ ਦੇ ਰਿਲੀਜ਼ ਕਰਨ ਦੇ ਖ਼ੁਲਾਸੇ ਤੋਂ ਬਾਅਦ ਫਿਰੋਜ਼ਪੁਰ ਰੇਂਜ ਦੇ ਆਈ ਜੀ ਗੁਰਿੰਦਰ ਸਿੰਘ ਢਿੱਲੋਂ ਨੇ ਫਰੀਦਕੋਟ ਪੁਲੀਸ ਨੂੰ ਪੱਤਰ ਲਿਖ ਕੇ 7 ਦਿਨ ਵਿਚ ਰਿਪੋਰਟ ਮੰਗੀ ਹੈ। ਫਰੀਦਕੋਟ ਤੇ ਐਸਐਸਪੀ ਨਾਨਕ ਸਿੰਘ ਨੇ ਇਸ ਮਾਮਲੇ ਵਿਚ ਐਸਪੀ ਹੈਡਕੁਆਰਟਰ ਦਿਨੇਸ਼ ਪਾਰਿਕ ਨੂੰ ਜਾਂਚ ਕਰਨ ਲਈ ਕਿਹਾ ਹੈ।






## ਮੋਦੀ ਦੇ ਪਦ ਚਿੰਨਾਂ 'ਤੇ ਚੱਲੀ ਪੰਜਾਬ ਸਰਕਾਰ

# ਲਾਲ ਕਿਲੇ ਵਾਂਗ ਪੰਜਾਬ ਦੇ ਵਿਰਾਸਤੀ ਮਹਿਮਾਨ ਘਰ ਵੀ ਹੋਣਗੇ ਕੰਪਨੀਆਂ ਹਵਾਲੇ

**ਬਠਿੰਡਾ/ਬਿਊਰੋ ਨਿਊਜ਼ :**
ਕੈਪਟਨ ਹਕੂਮਤ ਵੀ ਹੁਣ ਵਿਰਾਸਤੀ ਭੱਲ ਵਾਲੇ ਮਹਿਮਾਨ ਘਰਾਂ ਨੂੰ ਨਿੱਜੀ ਫ਼ਰਮਾਂ ਦੀ ਝੋਲੀ 'ਚ ਪਾਏਗੀ ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਲਾਲ ਕਿਲੇ' ਤੋਂ ਮੁੱਢ ਬੰਨ੍ਹਿਆ ਹੈ। ਮੁਢਲੇ ਪੜਾਅ 'ਤੇ ਪੰਜਾਬ ਭਰ 'ਚੋਂ ਆਰਾਮ ਘਰਾਂ ਅਤੇ ਮਹਿਮਾਨ ਘਰਾਂ ਦੇ ਵੇਰਵੇ ਇਕੱਠੇ ਕੀਤੇ ਗਏ ਹਨ। ਉਸ ਮਗਰੋਂ ਇਨ੍ਹਾਂ 'ਚੋਂ ਉਨ੍ਹਾਂ ਮਹਿਮਾਨ ਘਰਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਜੋ ਵਿਰਾਸਤੀ ਅਹਿਮੀਅਤ ਰੱਖਦੇ ਹਨ। ਆਮ ਰਾਜ ਪ੍ਰਬੰਧ ਵਿਭਾਗ ਤਰਫ਼ੋਂ ਹੁਣ ਇਸ ਤਰ੍ਹਾਂ ਦੇ 29 ਮਹਿਮਾਨ ਘਰਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਜੋ ਵਿਰਾਸਤੀ ਅਹਿਮੀਅਤ ਰੱਖਦੇ ਹਨ ਜਿਨ੍ਹਾਂ 'ਚ ਪੰਜਾਬ ਤੋਂ ਇਲਾਵਾ ਯੂ.ਪੀ, ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਵਿਚਲੇ ਮਹਿਮਾਨ ਘਰ ਵੀ ਸ਼ਾਮਲ ਹਨ। ਇਨ੍ਹਾਂ ਨੂੰ ਪਬਲਿਕ ਪ੍ਰਾਈਵੇਟ ਪ੍ਰਾਜੈਕਟ ਤਹਿਤ ਚਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਹੁਣ ਇਨ੍ਹਾਂ ਪ੍ਰਾਜੈਕਟਾਂ ਦੀ ਆਖ਼ਰੀ ਪ੍ਰਵਾਨਗੀ ਲਈ ਫਾਈਲ ਮੁੱਖ ਮੰਤਰੀ ਪੰਜਾਬ ਕੋਲ ਪੇਸ਼ ਕੀਤੀ ਜਾਣੀ ਹੈ।
ਖੇਤੀ ਮਹਿਕਮੇ ਦੀਆਂ ਸ੍ਰੀ ਆਨੰਦਪੁਰ ਸਾਹਿਬ, ਤਰਨ ਤਾਰਨ ਅਤੇ ਪਟਿਆਲਾ ਵਿੱਚ ਜੋ ਕਿਸਾਨ ਹਵੇਲੀਆਂ ਹਨ, ਉਨ੍ਹਾਂ ਨੂੰ ਵੀ ਚਲਾਉਣ ਲਈ ਨਿੱਜੀ ਫ਼ਰਮ ਹਵਾਲੇ ਕੀਤਾ ਜਾਣਾ ਹੈ। ਲੋਕ ਨਿਰਮਾਣ ਵਿਭਾਗ ਦੇ ਨਵੀਂ ਦਿੱਲੀ ਵਿਚਲੇ ਕਪੂਰਥਲਾ ਹਾਊਸ, ਨਾਭਾ ਹਾਊਸ ਤੋਂ ਇਲਾਵਾ ਯੂ.ਪੀ ਦੇ ਵਰਿੰਦਾਵਨ ਅਤੇ ਲੁਧਿਆਣਾ ਦੇ ਮੁੱਲਾਂਪੁਰ ਗੈਸਟ ਹਾਊਸ ਨੂੰ ਵੀ ਨਿੱਜੀ ਹੱਥਾਂ 'ਚ ਦੇਣ ਦੀ ਤਿਆਰੀ ਹੈ ਪਾਵਰਕੌਮ ਦੇ ਬਠਿੰਡਾ ਥਰਮਲ ਕਲੋਨੀ ਵਿਚਲੇ ਪੁਰਾਣੇ ਮਹਿਮਾਨ ਘਰ ਅਤੇ ਹਾਲ ਹੀ ਵਿੱਚ 7.25 ਕਰੋੜ ਦੀ ਲਾਗਤ ਨਾਲ ਰੈਨੋਵੇਟ ਕੀਤੇ ਗਏ ਲੇਕਵਿਊ ਮਹਿਮਾਨ ਘਰ ਸਮੇਤ ਹਿਮਾਚਲ ਪ੍ਰਦੇਸ਼ ਵਿਚਲੇ ਜੋਗਿੰਦਰ ਨਗਰ ਅਤੇ ਸ਼ਾਨਨ ਮਹਿਮਾਨ ਘਰ ਨੂੰ ਵੀ ਇਸ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ ਸੈਰ ਸਪਾਟਾ ਵਿਭਾਗ ਦੇ ਪਿੰਕਾਸ਼ੀਆ ਰੋਪੜ ਤੋਂ ਇਲਾਵਾ ਪੰਚਾਇਤ ਵਿਭਾਗ ਦੇ ਤਰਨ ਤਾਰਨ ਅਤੇ ਪਟਿਆਲਾ ਵਿਚਲੇ ਮਹਿਮਾਨ ਘਰਾਂ ਨੂੰ ਵੀ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਯੋਜਨਾ ਹੈ।


ਬਠਿੰਡਾ ਦਾ ਲੇਕਵਿਊ ਗੈਸਟ ਹਾਊਸ, ਜਿਸ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦੀ ਤਿਆਰੀ ਹੈ।

ਇਸੇ ਤਰ੍ਹਾਂ ਸਿੰਚਾਈ ਮਹਿਕਮੇ ਦੇ ਬਹੁਤ ਪੁਰਾਣੇ ਵਿਰਾਸਤੀ ਦਿੱਖ ਵਾਲੇ ਆਰਾਮ ਘਰਾਂ 'ਚੋਂ ਰੋਪੜ, ਹਰੀਕੇਵਾਲਾ, ਤਲਵਾੜਾ, ਸ਼ਾਹਪੁਰ ਕੰਡੀ, ਮਾਨਾਵਾਲਾ, ਹੈੱਡਵਰਕਸ ਲੁਧਿਆਣਾ ਦੇ ਮਹਿਮਾਨ ਘਰਾਂ ਦੀ ਵੀ ਸ਼ਨਾਖ਼ਤ ਕੀਤੀ ਗਈ ਹੈ। ਜੰਗਲਾਤ ਮਹਿਕਮੇ ਦੇ ਸਿਉਂਕ, ਮੁਹਾਲੀ, ਪੱਲਣਪੁਰ, ਮਿਰਜ਼ਾਪੁਰ, ਮਾਣੇਵਾਲਾ, ਮਾਜਰੀ, ਗੜ੍ਹੀ, ਹੁਸ਼ਿਆਰਪੁਰ ਅਤੇ ਛੱਤਬੀੜ ਚਿੜੀਆ ਘਰ ਦੇ ਮਹਿਮਾਨ ਘਰ ਵੀ ਨਿੱਜੀ ਫ਼ਰਮਾਂ ਨੂੰ ਦੇਣ ਦੀ ਤਿਆਰੀ ਵਿੱਢੀ ਗਈ ਹੈ। ਇਨ੍ਹਾਂ ਵੱਖ ਵੱਖ ਸੱਤ ਵਿਭਾਗਾਂ ਦੇ 29 ਮਹਿਮਾਨ ਘਰ ਹਨ। ਪੰਜਾਬ ਸਰਕਾਰ ਨੇ ਇਨ੍ਹਾਂ ਵਿਭਾਗਾਂ ਤੋਂ ਇੱਕ ਦਿਨ ਦੇ ਅੰਦਰ ਅੰਦਰ ਹੀ ਸਾਰੇ ਮਹਿਮਾਨ ਘਰਾਂ ਦੇ ਕੁੱਲ ਏਰੀਏ ਅਤੇ ਕਵਰਡ ਏਰੀਏ ਦੀ ਸੂਚਨਾ ਮੰਗੀ ਹੈ।
ਪੰਜਾਬ ਆਮ ਰਾਜ ਪ੍ਰਬੰਧ ਤੇ ਤਾਲਮੇਲ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਪਾ ਸ਼ੰਕਰ ਸਰੋਜ ਦਾ ਕਹਿਣਾ ਸੀ ਕਿ ਪਹਿਲੇ ਪੜਾਅ 'ਤੇ ਵਿਰਾਸਤੀ ਅਹਿਮੀਅਤ ਵਾਲੇ ਮਹਿਮਾਨ ਘਰਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਤਾਂ ਜੋ ਇਨ੍ਹਾਂ ਨੂੰ ਵਰਤੋਂ ਵਿੱਚ ਲਿਆਂਦਾ ਜਾ ਸਕੇ। ਇਨ੍ਹਾਂ ਨੂੰ ਕਿਵੇਂ ਅਤੇ ਕੌਣ ਚਲਾਏਗਾ, ਇਸ ਬਾਰੇ ਆਖ਼ਰੀ ਫ਼ੈਸਲਾ ਲਿਆ ਜਾਣਾ ਬਾਕੀ ਹੈ।

# ਭਾਜਪਾ ਤੋਂ ਬਾਗੀ ਹੋਏ ਸਿਨਹਾ ਤੇ ਸ਼ਤਰੂਘਨ ਨੇ ਪਾਰਟੀ ਨੂੰ ਲਾਏ ਰਗੜੇ

## 'ਬੀਜੇਪੀ ਮੋਦੀ ਤੇ ਅਮਿਤ ਸ਼ਾਹ ਦੇ ਹੱਥਾਂ ਦੀ ਕਠਪੁਤਲੀ ਬਣੀ'

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤੀ ਜਨਤਾ ਪਾਰਟੀ ਦੇ ਬਾਗੀ ਆਗੂ ਅਤੇ ਸਾਬਕਾ ਕੇਂਦਰੀ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਦੋਸ਼ ਲਾਇਆ ਕਿ ਹੁਣ ਭਾਜਪਾ ਦੋ ਬੰਦਿਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ। ਉਨ੍ਹਾਂ ਦਾ ਇਸ਼ਾਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਵੱਲ ਸੀ। ਇਸੇ ਦੌਰਾਨ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਨੇ ਕਿਹਾ ਕਿ ਜੇਕਰ ਸੱਚ ਬੋਲਣਾ ਬਗਾਵਤ ਹੈ ਤਾਂ ਉਹ ਬਾਗੀ ਹੀ ਚੰਗੇ ਹਨ।
ਸਿਨਹਾ ਜੋੜੀ ਚੰਡੀਗੜ੍ਹ ਦੇ ਭਾਜਪਾ ਤੋਂ ਬਾਗੀ ਹੋਏ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਹਰਮੋਹਨ ਧਵਨ ਦੇ ਸੱਦੇ 'ਤੇ ਇੱਥੇ ਆਏ ਸਨ। ਉਨ੍ਹਾਂ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਪੱਤਰਕਾਰਾਂ ਦੇ ਰੁਬਰੂ ਹੁੰਦਿਆਂ ਐਲਾਨ ਕੀਤਾ ਕਿ ਅਗਲੇ 11 ਮਹੀਨਿਆਂ ਵਿੱਚ ਦੇਸ਼ ਦੇ ਸਿਆਸੀ ਸਮੀਕਰਨ ਬੜੀ ਤੇਜ਼ੀ ਨਾਲ ਬਦਲਣਗੇ ਅਤੇ ਉਨ੍ਹਾਂ ਵੱਲੋਂ ਬਣਾਇਆ




ਗਿਆ 'ਕੌਮੀ ਮੰਚ' ਗੰਧਲੀ ਹੋ ਚੁੱਕੀ ਸਿਆਸਤ ਨੂੰ ਨਵੀਂ ਸੇਧ ਦੇਣ ਲਈ ਅੰਦੋਲਨ ਸ਼ੁਰੂ ਕਰੇਗਾ ਕਿਉਂਕਿ ਮੋਦੀ ਸਰਕਾਰ ਦੇ ਵਾਅਦੇ ਜੁਮਲੇ ਹੀ ਸਾਬਤ ਹੋਏ ਹਨ।
ਯਸ਼ਵੰਤ ਸਿਨਹਾ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਾਲ 2019 ਦੀਆਂ ਲੋਕ ਸਭਾ ਚੋਣਾਂ ਇੰਦਰਾ ਗਾਂਧੀ, ਡਾ. ਮਨਮੋਹਨ ਸਿੰਘ ਜਾਂ ਜਵਾਹਰ ਲਾਲ ਨਹਿਰੂ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਨਹੀਂ ਸਗੋਂ ਮੌਜੂਦਾ ਭਾਜਪਾ ਸਰਕਾਰ ਦੇ ਕੰਮਾਂ ਦੇ ਆਧਾਰ 'ਤੇ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਜਾਂ ਲਾਲ ਕ੍ਰਿਸ਼ਨ ਅਡਵਾਨੀ ਦੇ ਵੇਲਿਆਂ ਦੇ ਉਲਟ ਹੁਣ ਪਾਰਟੀ ਵਿੱਚੋਂ ਅੰਦਰੂਨੀ ਜਮਹੂਰੀਅਤ ਖ਼ਤਮ ਹੋ ਚੁੱਕੀ ਹੈ ਅਤੇ ਦੋ ਬੰਦਿਆਂ ਦਾ ਸਿੱਕਾ ਹੀ ਚੱਲਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਆਮ ਲੋਕਾਂ ਵਿੱਚ ਮੋਦੀ ਸਰਕਾਰ ਬਾਰੇ ਘੋਰ ਨਿਰਾਸ਼ਾ ਹੈ। ਇਸ ਕਾਰਨ ਖੇਤਰੀ ਪਾਰਟੀਆਂ ਦੀ ਗਿਣਤੀ ਤੇ ਮਜ਼ਬੂਤੀ ਵਿਆਪਕ ਪੱਧਰ 'ਤੇ ਹੋਈ ਹੈ ਅਤੇ ਮੋਦੀ ਦਾ ਮੁਕਾਬਲਾ ਕਰਨ ਲਈ ਜਲਦੀ ਹੀ ਕੋਈ ਨਾ ਕੋਈ ਆਗੂ ਉਭਰੇਗਾ। ਉਨ੍ਹਾਂ ਕਿਹਾ ਕਿ ਜੇਕਰ ਨਰਿੰਦਰ ਮੋਦੀ ਮੁੱਖ ਮੰਤਰੀ ਤੋਂ ਬਾਅਦ ਪ੍ਰਧਾਨ ਮੰਤਰੀ ਬਣ ਸਕਦੇ ਹਨ ਤਾਂ ਕੋਈ ਹੋਰ ਮੁੱਖ ਮੰਤਰੀ ਵੀ ਪ੍ਰਧਾਨ ਮੰਤਰੀ ਬਣ ਸਕਦਾ ਹੈ।
ਯਸ਼ਵੰਤ ਸਿਨਹਾ ਨੇ ਕਿਹਾ ਕਿ ਮੋਦੀ ਕੋਈ ਮੁੱਦਾ ਨਹੀਂ ਹੈ ਅਤੇ ਮੁੱਖ ਲੋੜ ਲੋਕਤੰਤਰ ਨੂੰ ਬਚਾਉਣ ਦੀ ਹੈ। ਉਨ੍ਹਾਂ ਕਿਹਾ ਕਿ ਉਹ ਦੇਸ਼ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕਰ ਚੁੱਕੇ ਹਨ ਅਤੇ ਸਿਆਸੀ ਸਮੀਕਰਨ ਤੇਜ਼ੀ ਨਾਲ ਬਦਲਦੇ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਮੰਚ ਵਿਚ ਕਿਸੇ ਵੀ

ਬਾਕੀ ਸਫ਼ਾ 32 'ਤੇ


# HOTHI FREIGHTLINES

HOTHI FREIGHTLINES

## ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਓ ਅਤੇ ਆਪਣੇ ਪੈਸੇ ਲਓ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

## ਗੁਰਜੀਤ ਸਿੰਘ ਹੋਠੀ (408) 332-9355

**248 South Hillview Dr Milpitas CA 95035**

# ਟਾਰਗੇਟ ਕਿਲਿੰਗ ਵਿਚ ਗੁਰਸ਼ਰਨਬੀਰ ’ਤੇ ਹਮਲਾਵਰਾਂ ਨੂੰ ਟਰੇਨਿੰਗ ਦੇਣ ਦੇ ਇਲਜ਼ਾਮ

## ਗੁਰਸ਼ਰਨਬੀਰ ਸਿੰਘ ਨੂੰ ਸਕਾਟਲੈਂਡ ਪੁਲਿਸ ਨੇ ਕਲੀਨ ਚਿੱਟ ਦਿੱਤੀ : ਵਕੀਲ ਜਸਪਾਲ ਸਿੰਘ ਮੰਝਪੁਰ

**ਜਲੰਧਰ/ ਬਿਊਰੋ ਨਿਊਜ਼ :**
ਟਾਰਗੈਟ ਕਿਲਿੰਗ ਮਾਮਲੇ ਵਿਚ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ਼ ਜੱਗੀ ਜੌਹਲ ਤੋਂ ਬਾਅਦ ਭਾਰਤ ਦੀ ਕੌਮੀ ਜਾਂਚ ਏਜੰਸੀ (ਐਨਆਈਏ) ਦੇ ਰਾਡਾਰ ਉੱਤੇ ਇੱਕ ਹੋਰ ਬ੍ਰਿਟਿਸ਼ ਸਿੱਖ ਨਾਗਰਿਕ ਗੁਰਸ਼ਰਨਬੀਰ ਸਿੰਘ ਉਰਫ਼ ਗੁਰਸ਼ਰਨ ਸਿੰਘ, ਉਰਫ਼ ਵਾਹਿਲੀ, ਉਰਫ਼ ਪਹਿਲਵਾਨ ਹੈ। ਐਨਆਈਏ ਦੀ ਚਾਰਜਸ਼ੀਟ ਅਨੁਸਾਰ ਇੰਗਲੈਂਡ ਦੇ ਕਵੈਂਟਰੀ ਇਲਾਕੇ ਵਿਚ ਰਹਿਣ ਵਾਲਾ ਗੁਰਸ਼ਨਬੀਰ ਸਿੰਘ ਪੰਜਾਬ ਵਿਚ ਇੱਕ ਹਿੰਦੂ ਨੇਤਾ ਰਵਿੰਦਰ ਗੋਸਾਈਂ ਦੇ ਕਤਲ ਮਾਮਲੇ ਵਿੱਚ ਲੋੜੀਂਦਾ ਹੈ। ਐਨਆਈਏ ਨੇ ਗੁਰਸ਼ਰਨਬੀਰ ਸਿੰਘ ਨੂੰ ਉਪਰੋਕਤ ਕੇਸ ਵਿਚ ਮੁਲਜ਼ਮ ਵਾਂਗ ਪੇਸ਼ ਕੀਤਾ ਹੈ ਅਤੇ ਉਸ ਨੂੰ ਅਪਰਾਧੀ ਐਲਾਨੇ ਜਾਣ ਦੀ ਮੰਗ ਕੀਤੀ ਹੈ ਜਿਸ ਉੱਤੇ ਅਦਾਲਤ ਨੇ ਅਜੇ ਫ਼ੈਸਲਾ ਨਹੀਂ ਲਿਆ।

ਬਚਾਅ ਪੱਖ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਦਾ ਕਹਿਣਾ ਹੈ ਕਿ ਗੁਰਸ਼ਰਨਬੀਰ ਸਿੰਘ ਨੂੰ ਸਕਾਟਲੈਂਡ ਪੁਲਿਸ ਵੱਲੋਂ ਕਲੀਨ ਚਿੱਟ ਦਿੱਤੀ ਜਾ ਚੁੱਕੀ ਹੈ। ਐਨਆਈਏ ਦਾ ਦਾਅਵਾ ਹੈ ਕਿ ਗੁਰਸ਼ਰਨਬੀਰ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੈਂਬਰ ਹੈ। ਐਨਆਈਏ ਨੇ ਅਦਾਲਤ ਨੂੰ ਦੱਸਿਆ ਹੈ ਕਿ ਰਮਨਦੀਪ ਸਿੰਘ ਅਤੇ ਗੁਰਸ਼ਰਨਬੀਰ ਸਿੰਘ ਦੀਆਂ ਗਤੀਵਿਧੀਆਂ ਦੇ ਸਬੂਤ ਲੱਭਣ ਲਈ ਆਪਸੀ ਕਾਨੂੰਨੀ ਸਹਾਇਤਾ ਸਮਝੌਤੇ ਤਹਿਤ ਬਰਤਾਨੀਆ ਸਰਕਾਰ ਨੂੰ ਅਪੀਲ ਕੀਤੀ ਗਈ ਹੈ।

ਐਨਆਈਏ ਦੀ ਪਿਛਲੇ ਮਹੀਨੇ ਮੁਹਾਲੀ ਅਦਾਲਤ ਵਿਚ ਪੇਸ਼ ਕੀਤੀ ਆਪਣੀ ਚਾਰਜਸ਼ੀਟ ਵਿੱਚ ਗੁਰਸ਼ਰਨਬੀਰ ਸਿੰਘ ‘ਤੇ ਦੋਸ਼ ਲਗਾਇਆ ਗਿਆ ਹੈ ਕਿ ਉਹ ਲੁਧਿਆਣਾ ਵਿਚ ਹਿੰਦੂ ਨੇਤਾ ਰਵਿੰਦਰ ਗੁਸਾਈਂ ਦੀ ਹੱਤਿਆ ਵਿਚ ਸ਼ਾਮਲ ਕੁਝ ਮੁਲਜ਼ਮਾਂ ਨੂੰ ਸਿਖਲਾਈ ਦਿੰਦਾ ਸੀ। ਪੰਜਾਬ ਵਿਚ ਟਾਰਗੈਟ ਕਿਲਿੰਗ ਦੇ ਮਾਮਲੇ ਵਿਚ ਪੰਜਾਬ ਪੁਲਿਸ ਵੱਲੋਂ ਪਿਛਲੇ ਸਾਲ ਚਾਰ ਨਵੰਬਰ ਨੂੰ ਬ੍ਰਿਟਿਸ਼ ਨਾਗਰਿਕ ਜੱਗੀ ਜੌਹਲ ਨੂੰ ਗ੍ਰਿਫ਼ਤਾਰ ਕੀਤਾ ਸੀ। ਫ਼ਿਲਹਾਲ ਜੱਗੀ ਜੌਹਲ ਨਿਆਇਕ ਹਿਰਾਸਤ ਤਹਿਤ ਜੇਲ੍ਹ ਵਿੱਚ ਹੈ। ਜਗਤਾਰ ਜੌਹਲ ਟਾਰਗੇਟ ਕਿਲਿੰਗ ਦੇ ਇਲਜ਼ਾਮਾਂ ਹੇਠ ਚਾਰ ਨਵੰਬਰ ਤੋਂ ਜੇਲ੍ਹ ਵਿੱਚ ਹੈ।


ਜਸਪਾਲ ਸਿੰਘ ਮੰਝਪੁਰ

ਗੁਰਸ਼ਰਨਬੀਰ ਸਿੰਘ ਨੂੰ 2009 ਵਿਚ ਪਟਿਆਲਾ ਵਿਚ ਆਰਐਸਐਸ ਆਗੂ ਰੁਲਦਾ ਸਿੰਘ ਦੀ ਹੱਤਿਆ ਵਿੱਚ ਵੀ ਪੰਜਾਬ ਪੁਲਿਸ ਵੱਲੋਂ ਨਾਮਜ਼ਦ ਕੀਤਾ ਗਿਆ ਸੀ।

ਇਸ ਸਬੰਧੀ ਬਚਾਅ ਪੱਖ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ, ਕਿ ਭਾਰਤ ਸਰਕਾਰ ਨੇ ਸਕਾਟਲੈਂਡ ਯਾਰਡ ਪੁਲਿਸ ਕੋਲ ਪਹੁੰਚ ਕੀਤੀ ਸੀ, ਜਿਸ ਤੋਂ ਬਾਅਦ ਪੁਲਿਸ ਨੇ ਗੁਰਸ਼ਨਬੀਰ ਸਿੰਘ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਕੁਝ ਸਮੇਂ ਬਾਅਦ ਸਕਾਟਲੈਂਡ ਪੁਲਿਸ ਨੇ ਗੁਰਸ਼ਨਬੀਰ ਸਿੰਘ ਨੂੰ ਕਲੀਨ ਚਿੱਟ ਦੇ ਦਿੱਤੀ ਕਿਉਂਕਿ ਉਹ ਭਾਰਤ ਆਇਆ ਹੀ ਨਹੀਂ ਸੀ।

ਐਨਆਈਏ ਦੇ ਪੱਛਮੀ ਦੇਸ਼ਾਂ ਵਿੱਚ ਟਰੇਨਿੰਗ ਕੈਂਪ ਦੇ ਕੀਤੇ ਦਾਅਵੇ ਦੇ ਜਵਾਬ ਵਿਚ ਮੰਝਪੁਰ ਨੇ ਆਖਿਆ, ਕਿ ਇਸ ਮਾਮਲੇ ਵਿਚ ਸਾਨੂੰ ਇਹ ਦੇਖਣ ਦੀ ਲੋੜ ਹੈ ਕਿ ਉਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਇਸ ‘ਤੇ ਕੀ ਪ੍ਰਤੀਕਰਮ ਦਿੰਦੀਆਂ ਹਨ।

ਐਨਆਈਏ ਨੇ ਚਾਰਜਸ਼ੀਟ ਵਿੱਚ ਗੁਰਸ਼ਰਨਬੀਰ ਸਿੰਘ ਦੀ ਕਥਿਤ ਭੂਮਿਕਾ ਬਾਰੇ ਵਿਸਥਾਰ ਪੂਰਵਕ ਵੇਰਵਾ ਦਿੱਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਰਮਨਦੀਪ ਸਿੰਘ (ਨਿਆਇਕ ਹਿਰਾਸਤ ਵਿੱਚ) ਅਤੇ ਗੁਰਸ਼ਰਨਬੀਰ ਤਿੰਨ ਸਥਾਨਾਂ ‘ਤੇ ਇਕੱਠੇ ਰਹੇ। ਦੁਬਈ ਵਿਖੇ ਗੁਰਸ਼ਨਬੀਰ ਸਿੰਘ ਨੇ ਰਮਨਦੀਪ ਸਿੰਘ ਨੂੰ ਆਪਣੇ ਆਉਣ ਵਾਲੇ ਮਿਸ਼ਨ ਬਾਰੇ ਵਿਸਥਾਰ ਨਾਲ ਟਰੇਨਿੰਗ ਦਿੱਤੀ ਸੀ। ਜਾਂਚ ਏਜੰਸੀ ਮੁਤਾਬਕ ਟਰੇਨਿੰਗ ਵਿਚ ਸੋਸ਼ਲ ਮੀਡੀਆ ਦੀ ਵਰਤੋਂ ਸਮੇਂ ਸਾਵਧਾਨੀ ਵਰਤਣੀ ਵੀ ਸ਼ਾਮਲ ਸੀ ਜਿਸ ਵਿਚ ਖ਼ਾਸ ਤੌਰ ਉੱਤੇ ਇੰਟਰਨੈੱਟ ‘ਤੇ ਸੰਵੇਦਨਸ਼ੀਲ ਅਤੇ ਕੱਟੜਪੰਥੀ ਸਮੱਗਰੀ ਪੋਸਟ ਕਰਨ ਤੋਂ ਪਰਹੇਜ਼ ਕਰਨਾ ਸ਼ਾਮਲ ਸੀ।

ਇਸ ਤੋਂ ਇਲਾਵਾ ਆਪਸੀ ਗੱਲਬਾਤ ਲਈ ਮੈਸੇਂਜਰ ਐਪਲੀਕੇਸ਼ਨਾਂ ਦੀ ਵਰਤੋਂ ਦੇ ਨਾਲ ਕੋਡ ਭਾਸ਼ਾ ਵਿਚ ਗੱਲ ਕਰਨਾ, ਹੱਤਿਆਵਾਂ ਕਰਨ ਦੌਰਾਨ ਸੀਸੀਟੀਵੀ ਕੈਮਰੇ ਤੋਂ ਬਚਣਾ, ਵਾਰਦਾਤ ਸਮੇਂ ਮੋਬਾਈਲ ਫੋਨਾਂ ਦੀ ਵਰਤੋਂ ਨਹੀਂ ਕਰਨੀ, ਵਾਰਦਾਤ ਨੂੰ ਅੰਜਾਮ ਦੇਣ ਸਮੇਂ ਨਿੱਜੀ ਵਾਹਨਾਂ ਦੀ ਵਰਤੋਂ ਨਹੀਂ ਕਰਨੀ ਸ਼ਾਮਿਲ ਸੀ।

ਚਾਰਜਸ਼ੀਟ ਮੁਤਾਬਕ ਦੁਬਈ ਠਹਿਰਨ ਦੌਰਾਨ ਹੀ ਗੁਰਸ਼ਨਬੀਰ ਸਿੰਘ ਨੇ ਰਮਨਦੀਪ ਸਿੰਘ ਨੂੰ ਗੋਲੀਆਂ ਚਲਾਉਣ ਦੀ ਟਰੇਨਿੰਗ ਦਾ ਪ੍ਰਬੰਧ ਸ਼ਾਰਜਾਹ ਦੀ ਸ਼ੂਟਿੰਗ ਰੇਂਜ ਵਿੱਚ ਕੀਤਾ ਸੀ। ਗੁਰਸ਼ਨਬੀਰ ਸਿੰਘ ਨੇ ਹਰਦੀਪ ਸਿੰਘ ਨੂੰ ਦੱਸਿਆ ਸੀ ਕਿ ਉਸ ਨੂੰ ਟਾਰਗੇਟ ਦਾ ਵੇਰਵਾ ਦਿੱਤਾ ਜਾਵੇਗਾ ਅਤੇ ਉਸ ਨੂੰ ਬਿਨਾਂ ਕੋਈ ਸਵਾਲ ਕੀਤੇ ਵਫ਼ਾਦਾਰੀ ਨਾਲ ਪੂਰਾ ਕਰਨਾ ਹੋਵੇਗਾ। ਚਾਰਜਸ਼ੀਟ ਮੁਤਾਬਕ 21 ਦਸੰਬਰ, 2015 ਨੂੰ ਹਰਦੀਪ ਸਿੰਘ ਇਟਲੀ ਤੋਂ ਭਾਰਤ ਆਇਆ ਅਤੇ ਰਮਨਦੀਪ ਸਿੰਘ ਨਾਲ ਮਿਲ ਕੇ ਪਹਿਲੀ ਘਟਨਾ ਨੂੰ 18 ਜਨਵਰੀ 2017 ਨੂੰ ਅੰਜਾਮ ਦਿੱਤਾ।

ਚੰਡੀਗੜ੍ਹ ਸਥਿਤ ਮਨੁੱਖੀ ਅਧਿਕਾਰਾਂ ਦੇ ਵਕੀਲ ਰੰਜਨ ਲਖਨਪਾਲ ਨੇ ਕਿਹਾ ਕਿ ਐਨਆਈਏ ਦੀਆਂ ਜ਼ਿਆਦਾਤਰ ਰਿਪੋਰਟਾਂ ਸਰਕਾਰੀ ਪੱਖ ਪੂਰਨ ਵਾਲੀਆਂ ਹਨ।

ਅਦਾਲਤ ਹੁਣ ਐਨਆਈਏ ਦੀ ਚਾਰਜਸ਼ੀਟ ‘ਤੇ ਵਿਚਾਰ ਕਰੇਗੀ, ਜਿਸ ਵਿਚ ਜਗਤਾਰ ਸਿੰਘ ਜੌਹਲ ਸਮੇਤ 15 ਵਿਅਕਤੀਆਂ ਵਿਰੁੱਧ ਕਤਲ, ਅਪਰਾਧਿਕ ਸਾਜ਼ਿਸ਼, ਚੋਰੀ, ਗੈਰ ਕਾਨੂੰਨੀ ਸਰਗਰਮੀਆਂ (ਰੋਕਥਾਮ) ਕਾਨੂੰਨ ਅਤੇ ਹਥਿਆਰ ਐਕਟ ਦੀਆਂ ਕਈ ਧਾਰਾਵਾਂ ਤਹਿਤ ਦੋਸ਼ ਲਾਏ ਗਏ ਹਨ।

ਇਸ ਤੋਂ ਇਲਾਵਾ ਭਾਰਤੀ ਪੀਨਲ ਕੋਡ ਦੀਆਂ ਧਾਰਾਵਾਂ ਇਹਨਾਂ ਉੱਤੇ ਲਗਾਈਆਂ ਗਈਆਂ ਹਨ। ਬਚਾਅ ਪੱਖ ਦੇ ਵਕੀਲ ਵੱਜੋਂ ਜਸਪਾਲ ਸਿੰਘ ਮੰਝਪੁਰ ਐਨਆਈਏ ਦੀ ਚਾਰਜਸ਼ੀਟ ਉੱਤੇ ਆਪਣੇ ਮੁਵੱਕਲਾਂ ਲਈ ਅਦਾਲਤ ਵਿਚ ਬਹਿਸ ਲਈ ਤਿਆਰ ਹਨ।

## ਗੁਰਜੰਟ ਸਿੰਘ ਖ਼ਾਲਸਾ ਨੇ ਪੰਜਾਬ ਪੁਲੀਸ ਵੱਲੋਂ ਲਾਏ ਦੋਸ਼ ਕੀਤੇ ਰੱਦ

**ਐਡੀਲੇਡ/ ਬਿਉਰੋ ਨਿਊਜ਼ :** ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਮੁਖੀ ਗੁਰਜੰਟ ਸਿੰਘ ਖ਼ਾਲਸਾ (ਆਸਟਰੇਲੀਆ) ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਭਾਰਤੀ ਏਜੰਸੀ ਐੱਨਆਈਏ (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਵੱਲੋਂ ਉਸ ਖ਼ਿਲਾਫ਼ ਪੰਜਾਬ ਵਿੱਚ ਹੋਈ ਟਾਰਗੇਟ ਕਿਲਿੰਗ ਦੇ ਦੋਸ਼ੀਆਂ ਨੂੰ ਸਤੰਬਰ ਵਿੱਚ 1500 ਆਸਟਰੇਲੀਅਨ ਡਾਲਰ ਦੀ ਫੰਡਿੰਗ ਕਰਨ ਦੇ ਲਗਾਏ ਦੋਸ਼ਾਂ ਨੂੰ ਰੱਦ ਕੀਤਾ ਹੈ।

ਉਸ ਨੇ ਇਹ ਸਭ ਪੰਜਾਬ ਪੁਲੀਸ ਅਤੇ ਭਾਰਤੀ ਏਜੰਸੀਆਂ ਦੀ ਸਾਜ਼ਿਸ਼ ਕਰਾਰ ਦਿੰਦਿਆਂ ਮੁੱਢੋਂ ਨਕਾਰਿਆ ਹੈ। ਪੰਜਾਬ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਦੋ ਖ਼ਾਲਿਸਤਾਨੀ ਵਿਅਕਤੀਆਂ ਵੱਲੋਂ ਉਸ (ਗੁਰਜੰਟ ਸਿੰਘ) ਵਿਰੁੱਧ ਲਾਏ ਗਏ ਦੋਸ਼ਾਂ ਨੂੰ ਵੀ ਉਸ ਨੇ ਤੱਥਹੀਣ ਦੱਸਿਆ ਹੈ। ਗੁਰਜੰਟ ਸਿੰਘ ਖ਼ਾਲਸਾ ਨੇ ਸਪੱਸ਼ਟ ਕੀਤਾ ਕਿ ਉਸ ਦਾ ਕਿਸੇ ਸਿਆਸੀ ਪਾਰਟੀ ਅਤੇ ਗਰਮਖਿਆਲੀ ਜਥੇਬੰਦੀ ਨਾਲ ਕੋਈ ਸਬੰਧ ਨਹੀਂ ਹੈ। ਉਸ ਨੇ ਖ਼ਦਸ਼ਾ ਪ੍ਰਗਟਾਇਆ ਕਿ ਜੇਕਰ ਉਹ ਭਾਰਤ ਜਾਂਦਾ ਹੈ ਤਾਂ ਉਸ ਦੀ ਜਾਨ ਨੂੰ ਖਤਰਾ ਹੈ।



ਅੰਮ੍ਰਿਤਸਰ ਟਾਈਮਜ਼ AMRITSAR TIMES

23 ਮਈ 2018 ਤੋਂ 29 ਮਈ 2018

## ਪਾਣੀਆਂ ਨੂੰ ਪਲੀਤ ਕਰਨ ਦਾ ਕੁਕਰਮ

ਧਰਤੀ ਉਤੇ ਮਨੁੱਖ ਸਮੇਤ ਜਿੰਨੇ ਵੀ ਹੋਰ ਜੀਵ-ਜੰਤੂ ਅਤੇ ਬਨਸਪਤੀ ਦੀ ਜੀਵਨ-ਜੋਤ ਰੁਮਕਦੀ ਹੈ, ਉਸ ਵਾਸਤੇ ਕਾਦਰ ਦੀ ਕੁਦਰਤ ਨੇ ਸਾਨੂੰ ਕਈ ਸਾਰੀਆਂ ਰੱਬੀ ਨਿਆਮਤਾਂ ਬਖਸ਼ੀਆਂ ਹਨ। ਇਨ੍ਹਾਂ ਰੱਬੀ ਨਿਆਮਤਾਂ ਵਿਚ ਪਾਣੀ ਇਕ ਬਹੁਤ ਹੀ ਅਹਿਮ ਸੋਮਾ ਹੈ, ਜਿਸ ਵਿਚ ਸਾਡਾ ਜੀਵਨ ਧੜਕਦਾ ਹੈ। ਪਾਣੀ ਦੀ ਬੇਤਹਾਸ਼ਾ ਗੈਰ-ਜਰੂਰੀ ਵਰਤੋਂ ਅਤੇ ਕੁਦਰਤੀ ਜਲ ਭੰਡਾਰਾਂ ਨੂੰ ਗੰਦਾ ਕੀਤੇ ਜਾਣ ਦੀ ਸਮੱਸਿਆ ਵਿਸ਼ਵ ਪੱਧਰੀ ਹੈ। ਆਲਮੀ ਤਪਸ਼ ਅਤੇ ਧਰਤੀ ਦੇ ਵਾਤਾਵਰਣ ਵਿਚ ਆ ਰਹੇ ਹੋਰ ਵਿਗਾੜਾਂ ਨੇ ਪੂਰੀ ਦੁਨੀਆ ਦੇ ਸੂਝਵਾਨਾਂ ਨੂੰ ਚਿੰਤਾ ਵਿਚ ਪਾਇਆ ਹੈ। ਇਹ ਸਵਾਲ ਸਾਰੇ ਵਿਸ਼ਵ ਦੇ ਸਾਹਮਣੇ ਖੜ੍ਹਾ ਹੋ ਗਿਆ ਹੈ ਕਿ ਆਖਰ ਵਿਕਾਸ ਤੇ ਖੁਦ ਦੇ ਸਵਾਰਥ ਦੀ ਅੰਨ੍ਹੀ ਦੌੜ ਵਿਚ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਿਹੋ ਜਿਹਾ ਸੰਸਾਰ ਛੱਡ ਕੇ ਜਾ ਰਹੇ ਹਾਂ। ਇਹ ਸਭ ਜਾਣਦੇ ਹੋਏ ਵੀ ਕਿ ਧਰਤੀ, ਹਵਾ ਤੇ ਪਾਣੀ ਨੂੰ ਪਲੀਤ ਕਰਨ ਦੇ ਗੁਨਾਹ ਤੋਂ ਵੱਡਾ ਸ਼ਾਇਦ ਹੀ ਕੋਈ ਹੋਰ ਗੁਨਾਹ ਹੋਵੇ, ਅਸੀਂ ਇਹ ਸਭ ਕਰਦੇ ਜਾ ਰਹੇ ਹਾਂ। ਕੁਦਰਤ ਨਾਲ ਛੇੜਛਾੜ ਕਰਨੀ ਕਿੰਨੀ ਮਹਿੰਗੀ ਪੈਂਦੀ ਹੈ ਤੇ ਪਵੇਗੀ, ਇਹ ਚੇਤਾਵਨੀ ਭਰੀ ਹਕੀਕਤ ਸਾਡੇ ਰੋਜ਼ਮਰ੍ਹਾ ਦੇ ਵਿਵਹਾਰ ਦਾ ਹਿੱਸਾ ਨਹੀਂ ਬਣ ਰਹੀ ਹੈ।

ਪੰਜਾਬ ਦੇ ਬਿਆਸ ਦਰਿਆ ਵਿਚ ਇਕ ਮਿੱਲ ਵੱਲੋਂ ਛੱਡੇ ਗਏ ਮਣਾਂਮੂੰਹੀ ਗੰਧਲੇ ਪਾਣੀ ਨੇ ਜੋ ਤਬਾਹੀ ਕੀਤੀ ਹੈ, ਉਹ ਸਭ ਦੇ ਸਾਹਮਣੇ ਹੈ। ਲੱਖਾਂ ਦੀ ਗਿਣਤੀ ਵਿਚ ਮੱਛੀਆਂ ਤੇ ਹੋਰ ਜੀਵ-ਜੰਤੂਆਂ ਨੇ ਤੜਫ-ਤੜਫ ਕੇ ਜਾਨ ਦੇ ਦਿਤੀ ਹੈ। ਮਨੁੱਖੀ ਜ਼ਿੰਦਗੀ ਲਈ ਵੀ ਵੱਡਾ ਖਤਰਾ ਖੜ੍ਹਾ ਹੋ ਗਿਆ ਹੈ। ਬਿਆਸ ਦਰਿਆ ਦਾ ਇਹੋ ਪਾਣੀ ਪੰਜਾਬ ਦੇ ਮਾਲਵਾ ਖਿੱਤੇ ਵਿਚ ਬਹੁਤ ਸਾਰੇ ਪਿੰਡਾਂ ਨੂੰ "ਵਾਟਰ ਟਰੀਟਮੈਂਟ ਪਲਾਂਟਸ" ਰਾਹੀਂ ਪੀਣ ਵਾਸਤੇ ਸਪਲਾਈ ਹੁੰਦਾ ਹੈ। ਕਿੰਨੇ ਹੀ ਲੋਕਾਂ ਦੇ ਅੰਦਰ ਅਣਜਾਣੇ ਵਿਚ ਹੀ ਚਲਾ ਗਿਆ ਇਹ ਪ੍ਰਦੂਸ਼ਿਤ ਪਾਣੀ ਉਨ੍ਹਾਂ ਬੇਚਾਰਿਆਂ ਵਾਸਤੇ ਅੱਗੇ ਜਾ ਕੇ ਬਿਮਾਰੀਆਂ ਦੇ ਰੂਪ ਵਿਚ ਕਿਹੜੀਆਂ ਮੁਸੀਬਤਾਂ ਪੈਦਾ ਕਰੇਗਾ, ਇਹ ਸੋਚਣ ਦਾ ਵਿਸ਼ਾ ਹੈ।

ਉਂਝ ਵੀ ਸਾਡੇ ਕੋਲ ਪੀਣ ਵਾਲੇ ਸਾਫ ਸੁਥਰੇ ਪਾਣੀ ਦੇ ਬਹੁਤ ਜ਼ਿਆਦਾ ਭੰਡਾਰ ਨਹੀਂ ਬਚੇ ਹਨ। ਕੁਦਰਤੀ ਤੌਰ 'ਤੇ ਵਹਿੰਦੇ ਦਰਿਆਵਾਂ, ਝੀਲਾਂ ਅਤੇ ਝਰਨਿਆਂ ਦਾ ਪਾਣੀ ਸਾਡੀਆਂ ਮਿੱਲਾਂ, ਫੈਕਟਰੀਆਂ ਅਤੇ ਸ਼ਹਿਰਾਂ ਦੇ ਸੀਵਰੇਜ ਦੇ ਗੰਦੇ ਪਾਣੀ ਨੇ ਬਹੁਤ ਹੱਦ ਤਕ ਪਲੀਤ ਕਰ ਦਿਤੇ ਹਨ। ਇਥੋਂ ਤਕ ਕਿ ਧਰਤੀ ਹੇਠਲਾ ਪਾਣੀ ਵੀ ਪਲੀਤ ਹੋ ਗਿਆ ਹੈ। ਪੀਣ ਵਾਲੇ ਪਾਣੀ ਦੀ ਪੂਰਤੀ ਲਈ ਧਰਤੀ ਦੀ ਹਿੱਕ ਪਾੜ ਕੇ ਅਸੀਂ ਹੋਰ ਤੋ ਹੋਰ ਡੂੰਘੇਰੇ ਜਾ ਰਹੇ ਹਾਂ। ਅਜਿਹੇ ਵਿਚ ਜਿੰਨੇ ਕੁ ਕੁਦਰਤੀ ਜਲ ਭੰਡਾਰ ਸਾਡੇ ਕੋਲ ਬਚੇ ਹਨ, ਇਨ੍ਹਾਂ ਨੂੰ ਬਚਾਉਣ ਦੀ ਲੋੜ ਹੈ।

ਲੁਧਿਆਣਾ ਨੇੜੇ ਵਗਦੇ ਬੁੱਢੇ ਨਾਲੇ ਦਾ ਗੰਦਾ ਪਾਣੀ ਸਤਲੁਜ ਦਰਿਆ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਰਿਹਾ ਹੈ। ਸ਼ਹਿਰ ਦੇ ਸਨਅਤੀ ਖੇਤਰ ਦੇ ਗੰਦੇ ਨਾਲਿਆਂ ਦਾ ਪਾਣੀ ਸਿੱਧਾ ਹੀ ਇਸ ਵਿਚ ਜਾ ਪੈਂਦਾ ਹੈ। ਬਨਸਪਤੀ ਤੇਲ, ਰੰਗਾਈ, ਬੀਅਰ ਅਤੇ ਉੱਨ ਦੀਆਂ ਫ਼ੈਕਟਰੀਆਂ ਦਾ ਗੰਧਲਾ ਤੇ ਜ਼ਹਿਰੀਲਾ ਪਾਣੀ ਬੁੱਢੇ ਨਾਲੇ ਰਾਹੀਂ ਸਤਲੁਜ ਵਿਚ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਲਗਭਗ ਹਰੇਕ ਸਰਕਾਰ ਨੇ ਬੁੱਢੇ ਨਾਲੇ ਦੀ ਸਾਫ ਸਫਾਈ ਲਈ ਵੱਡੇ ਦਮਗਜ਼ੇ ਮਾਰੇ ਹਨ ਪਰ ਕੰਮ ਦੇ ਪੱਖ ਤੋਂ ਹਾਲਾਂ ਤਕ "ਗੋਹੜੇ ਚੋਂ ਪੂਣੀ" ਵੀ ਨਹੀਂ ਕੱਤੀ ਗਈ ਹੈ।

ਸਤਲੁਜ ਦਰਿਆ ਦੇ ਪਾਕਿਸਤਾਨ ਤਕ ਦੇ ਤਕਰੀਬਨ 277 ਕਿਲੋਮੀਟਰ ਦੇ ਸਫਰ ਵਿਚ ਇਹ ਪੈਰ-ਪੈਰ ਉਤੇ ਪਲੀਤ ਹੁੰਦੇ ਜਾਣ ਦੀ ਕਹਾਣੀ ਬਿਆਨ ਕਰਦਾ ਹੈ। ਨੰਗਲ ਦੇ ਭਾਖੜਾ ਡੈਮ ਤੋਂ ਸ਼ੁਰੂ ਹੋ ਕੇ ਆਨੰਦਪੁਰ ਸਾਹਿਬ, ਰੋਪੜ, ਨਵਾਂਸ਼ਹਿਰ, ਫਿਲੌਰ, ਲੁਧਿਆਣਾ, ਫਗਵਾੜਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਸੁਲਤਾਨਪੁਰ ਲੋਧੀ ਤਕ ਦਾ ਘਰੇਲੂ ਅਤੇ ਸਨਅਤੀ ਪਾਣੀ ਨਾਲਿਆਂ ਰਾਹੀਂ ਸਤਲੁਜ ਵਿਚ ਪੈਂਦਾ ਹੈ।ਇਕ ਸਰਵੇਖਣ ਮੁਤਾਬਕ ਫ਼ੈਕਟਰੀਆਂ ਸਭ ਤੋਂ ਵੱਧ ਜਲ ਦੂਸ਼ਿਤ ਕਰ ਰਹੀਆਂ ਹਨ।

ਪੰਜਾਬ ਦੇ ਕਈ ਉਦਯੋਗਿਕ ਨਗਰਾਂ ਦੇ ਧਰਤੀ ਹੇਠਲੇ ਪਾਣੀ ਦੇ ਸੈਂਪਲਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਸਾਡਾ ਪਾਣੀ ਕਿੰਨਾ ਗੰਧਲਾ ਹੋ ਗਿਆ ਹੈ। ਜਲ ਸੈਂਪਲਾਂ ਵਿਚ ਸਾਇਆਕਸਾਈਡ ਦੀ ਮਾਤਰਾ ਵਧ ਨਿਕਲ ਰਹੀ ਹੈ। ਜ਼ਹਿਰੀਲੀਆਂ ਧਾਤਾਂ ਦੇ ਅੰਸ਼ ਨਿਰਧਾਰਿਤ ਮਾਤਰਾ ਨਾਲੋਂ ਕਈ ਗੁਣਾਂ ਵੱਧ ਮਿਲ ਰਹੇ ਹਨ। ਹਰੇ ਇਨਕਲਾਬ ਨੇ ਵੀ ਜਲ ਪ੍ਰਦੂਸ਼ਣ ਦੇ ਨੁਕਤੇ ਤੋਂ ਪੰਜਾਬ ਦਾ ਸੱਤਿਆਨਾਸ਼ ਹੀ ਕੀਤਾ ਹੈ। ਖਾਦਾਂ, ਨਦੀਨ ਮਾਰਨ ਵਾਲੀਆਂ ਦਵਾਈਆਂ ਅਤੇ ਕੀਟਨਾਸ਼ਕਾਂ ਦੀ ਅੰਧਾ-ਧੁੰਦ ਵਰਤੋਂ ਕਾਰਨ ਸਾਡੇ ਖੇਤਾਂ ਵਿਚਲੀ ਮਿੱਟੀ ਦੀ ਉਪਰਲੀ ਪਰਤ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਮਾਹਰਾਂ ਮੁਤਾਬਕ ਮੀਂਹ ਦੇ ਪਾਣੀ ਨਾਲ ਇਹ ਜ਼ਮੀਨ, ਟੋਭਿਆਂ ਤੇ ਖੂਹਾਂ ਵਿਚ ਜਾ ਕੇ ਪਾਣੀ ਨੂੰ ਪਲੀਤ ਕਰਦੀ ਹੈ। ਮੀਂਹ ਦਾ ਪਾਣੀ ਜ਼ਮੀਨ ਵਿਚ ਰਿਸਣ ਕਰਕੇ ਬਹੁਤ ਸਾਰੇ ਵਿਸ਼ੈਲੇ ਤੱਤ ਧਰਤੀ ਦੇ ਗਰਭ ਵਿਚ ਜਾ ਰਹੇ ਹਨ। ਇਹ ਤਬਾਹੀ ਖਤਰਨਾਕ ਪੱਧਰ ਉਤੇ ਪਹੁੰਚ ਗਈ ਹੈ। ਪਾਣੀ ਦੇ ਪ੍ਰਦੂਸ਼ਿਤ ਹੋਣ ਕਰਕੇ ਪੰਜਾਬ ਵਿਚ ਕੈਂਸਰ, ਗੁਰਦਿਆਂ ਦਾ ਫੇਲ੍ਹ ਹੋਣਾ, ਲਿਵਰ ਦੀ ਖਰਾਬੀ ਤੇ ਕਾਲੇ ਪੀਲੀਏ ਵਰਗੇ ਮਾਰੂ ਰੋਗਾਂ ਦੇ ਅੰਕੜੇ ਦਿਨ ਪ੍ਰਤੀ ਦਿਨ ਵਧਦੇ ਹੀ ਜਾ ਰਹੇ ਹਨ।

ਪੰਜਾਬ ਵਿਚ ਜ਼ਮੀਨ ਹੇਠਲਾ ਪਾਣੀ ਗਹਿਰਾ ਹੋਣ ਦੇ ਨਾਲ-ਨਾਲ ਪ੍ਰਦੂਸ਼ਿਤ ਵੀ ਹੋ ਜਾਣਾ ਖਤਰੇ ਦੀ ਘੰਟੀ ਹੈ। ਇਕ ਰਿਪੋਰਟ ਮੁਤਾਬਕ ਪੰਜਾਬ ਦੇ ਪੰਜ ਤੋਂ ਅੱਠ ਫੀਸਦੀ ਟਿਊਬਵੈੱਲ ਹਰ ਸਾਲ ਪੱਤਣ ਹੋਰ ਹੇਠਾਂ ਜਾਣ ਕਰਕੇ ਨਕਾਰਾ ਹੋ ਜਾਂਦੇ ਹਨ। ਪਿਛਲੇ ਇਕ ਦਹਾਕੇ ਤੋਂ ਧਰਤੀ ਹੇਠਲੇ ਪਾਣੀ ਦਾ ਲੈਵਲ ਡੂੰਘਾ ਹੋਣ ਦੀ ਦਰ ਨੇ ਵੀ ਰਫਤਾਰ ਫੜੀ ਹੋਈ ਹੈ। ਜ਼ਾਹਰ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਪਾਣੀ ਦੇ ਗੰਭੀਰ ਸੰਕਟ ਵੱਲ ਸਰਪੱਟ ਵਧਦੀ ਜਾ ਰਹੀ ਹੈ।

ਭਾਰਤ 'ਚ ਦੇਸ਼ ਪੱਧਰ ਉਤੇ ਵੀ ਪਾਣੀ ਨੂੰ ਪਲੀਤ ਕਰਨ ਦਾ ਕੁਕਰਮ ਬਾ-ਦਸਤੂਰ ਜਾਰੀ ਹੈ। ਗੰਗਾ, ਜਮਨਾ, ਕਾਵੇਰੀ ਤੇ ਗੋਦਾਵਰੀ ਵਰਗੀਆਂ ਵਿਰਾਸਤੀ ਨਦੀਆਂ ਵਿਚ ਗੰਦਗੀ ਸੁੱਟ-ਸੁੱਟ ਕੇ ਅਸੀਂ ਬਰਬਾਦੀ ਦਾ ਆਲਮ ਸਿਰਜ ਦਿਤਾ ਹੈ। ਗੰਦਗੀ ਕਾਰਨ ਮਲੀਨ ਹੋ ਚੁੱਕੀ ਗੰਗਾ ਦੇ ਪਾਣੀ ਨੂੰ ਸਾਫ ਕਰਨ ਦੇ ਕਰੋੜਾਂ-ਅਰਬਾਂ ਰੁਪਏ ਦੇ ਪ੍ਰੋਜੈਕਟ ਬਣ ਚੁੱਕੇ ਹਨ। ਇਥੇ ਵੀ ਪਾਣੀ ਦੀ ਸਾਫ ਸਫਾਈ ਦੇ ਨਾਂ ਉਤੇ ਜਾਂ ਤਾਂ ਰਾਜਨੀਤੀ ਹੋਈ ਹੈ ਤੇ ਜਾਂ ਫਿਰ ਇਸ ਵਾਸਤੇ ਜਾਰੀ ਹੋਏ ਨੋਟਾਂ ਦੀ "ਵਗਦੀ ਗੰਗਾ" 'ਚ "ਹੱਥ ਧੋਤੇ" ਗਏ ਹਨ।

ਪੰਜਾਬ ਦੇ ਪਾਣੀਆਂ ਦੀ ਲੁੱਟ ਤੋਂ ਬਾਅਦ ਕਿਸੇ ਤਰ੍ਹਾਂ ਬਾਕੀ ਬਚੇ ਪਾਣੀ ਦੀ ਸੰਭਾਲ ਕਰਨ ਤੇ ਇਸ ਦੀ ਸੁਚੱਜੀ ਵਰਤੋਂ ਕਰਨ ਦੀ ਸਖਤ ਲੋੜ ਹੈ। ਇਸ ਵਾਸਤੇ ਦ੍ਰਿੜ ਸਿਆਸੀ ਇੱਛਾ ਸ਼ਕਤੀ ਨਾਲ ਇਕ ਨੇਮਬੱਧ ਸਰਕਾਰ ਦੇ ਪੱਧਰ 'ਤੇ ਪ੍ਰੋਗਰਾਮ ਉਲੀਕਿਆ ਜਾਵੇ। ਸਾਡਾ ਵਰਤਮਾਨ ਅਤੇ ਭਵਿੱਖ ਇਸ ਗੱਲ ਦੀ ਮੰਗ ਕਰਦਾ ਹੈ ਕਿ ਅਸੀਂ ਕੁਦਰਤ ਨਾਲ ਖਿਲਵਾੜ ਕਰਨ ਤੋਂ ਬਚਦੇ ਹੋਏ, ਹੁਣ ਤਕ ਹੋ ਚੁੱਕੇ ਨੁਕਸਾਨ ਦੀ ਭਰਪਾਈ ਵੱਲ ਵੀ ਕਦਮ ਵਧਾਈਏ।

# ਜਲ ਪ੍ਰਦੂਸ਼ਣ ਅਤੇ ਜਲ ਸੋਮਿਆਂ ਦੀ ਮੰਦੀ ਹੋਣੀ

**ਪਾਣੀ ਨੂੰ ਬਹੁਤ ਸਾਰੇ ਪਦਾਰਥ ਦੂਸ਼ਿਤ ਕਰਦੇ ਹਨ ਪਰ ਮੁੱਖ ਰੂਪ ਵਿਚ ਪੈਟਰੋਲੀਅਮ ਪਦਾਰਥ, ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ, ਪਾਰਾ, ਕੇਮੀਅਮ, ਆਰਸਨਿਕ, ਕਈ ਪ੍ਰਕਾਰ ਦੀਆਂ ਖਾਦਾਂ, ਪਰਮਾਣੂ ਤੇ ਮਨੁੱਖੀ ਰਹਿੰਦ-ਖੂੰਹਦ, ਡਾਈਆਂ, ਸਾਬਣ, ਡਿਟਰਜੈਂਟ, ਮਲ ਤਿਆਗ ਅਤੇ ਕੂੜਾ ਕੱਚਰਾ ਆਦਿ ਦਾ ਵਰਣਨ ਕੀਤਾ ਜਾ ਸਕਦਾ ਹੈ। ਪਾਰਾ, ਕੇਮੀਅਮ ਅਤੇ ਆਰਸਨਿਕ ਤਾਂ ਬਹੁਤ ਹੀ ਜ਼ਹਿਰੀਲੇ ਅੰਸ਼ ਹਨ ਜੋ ਜਲ ਪ੍ਰਦੂਸ਼ਤ ਕਰਦੇ ਹਨ ਅਤੇ ਕਾਰਖਾਨਿਆਂ ਦੀ ਨੁਕਸਾਨਦੇਹ ਰਹਿੰਦ-ਖੂੰਹਦ ਵਜੋਂ ਪਾਣੀ ਵਿਚ ਆ ਰਲਦੇ ਹਨ। ਮੀਂਹ ਪੈਣ ਨਾਲ ਖਾਦਾਂ ਵਿਚਲੇ ਜ਼ਹਿਰੀਲੇ ਅਤੇ ਮਾਰੂ ਤੱਤ ਜਲ ਸੋਮਿਆਂ ਵਿਚ ਰਲ ਜਾਂਦੇ ਹਨ। ਵੱਡੇ ਸ਼ਹਿਰਾਂ ਦਾ ਮਨੁੱਖੀ ਮਲ-ਮੂਤਰ ਤੇ ਕੂੜੇ ਕਰਕਟ ਸਮੇਤ ਸਮੁੱਚੀ ਰਹਿੰਦ-ਖੂੰਹਦ ਜਲ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ।**



**ਵਿਜੈ ਬੰਬੇਲੀ**
(ਸੰਪਰਕ: 94634-39075)

ਬਿਆਸ ਦਰਿਆ ਵਿੱਚ ਖੰਡ ਮਿੱਲ ਦਾ ਜ਼ਹਿਰੀਲਾ ਪਦਾਰਥ ਵਗਣ ਅਤੇ ਹਜ਼ਾਰਾਂ ਮੱਛੀਆਂ ਤੇ ਜਲ ਜੀਵ ਮਰਨ ਦੀ ਘਟਨਾ ਨੇ ਇੱਕ ਤਰ੍ਹਾਂ ਨਾਲ ਸਰਕਾਰ ਅਤੇ ਪ੍ਰਸ਼ਾਸਨ ਦੀ ਨਾਅਹਿਲੀਅਤ ਹੀ ਜ਼ਾਹਿਰ ਕੀਤੀ ਹੈ। ਨੇਮਾਂ ਵੱਲ ਧਿਆਨ ਨਾ ਦੇਣ ਕਾਰਨ ਹੀ ਗਾਹੇ-ਬਗਾਹੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਸਿਤਮਜ਼ਰੀਫ਼ੀ ਇਹ ਵੀ ਹੈ ਕਿ ਕੁਝ ਦਿਨਾਂ ਦੀ ਹਲਚਲ ਪਿੱਛੋਂ ਪਰਨਾਲਾ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਇਹ ਘਟਨਾ ਚਿਤਾਵਨੀ ਹੈ ਕਿ ਜੇ ਹੁਣ ਵੀ ਇਸ ਤੋਂ ਸਬਕ ਲੈ ਕੇ ਜਲ ਪ੍ਰਦੂਸ਼ਣ ਬਾਰੇ ਕੋਈ ਬੰਨ੍ਹ-ਸੁਬ ਨਾ ਕੀਤਾ ਤਾਂ ਆਉਣ ਵਾਲਾ ਸਮਾਂ ਬਹੁਤ ਭਿਅੰਕਰ ਰੂਪ ਅਖ਼ਤਿਆਰ ਕਰ ਕੇ ਟੱਕਰੇਗਾ।

ਪੰਜਾਬ ਦੇ ਹਾਲਾਤ ਹੁਣ ਇਹ ਹਨ ਕਿ ਸਤਲੁਜ ਦਰਿਆ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਗੰਦੇ ਨਾਲਿਆਂ ਦਾ ਪਾਣੀ ਬਿਨਾਂ ਸੋਧੇ ਇਸ ਵਿਚ ਪੈਂਦਾ ਹੈ। ਸਤਲੁਜ ਭਾਖੜਾ ਡੈਮ ਤੋਂ ਮੈਦਾਨੀ ਇਲਾਕੇ ਵਿਚ ਦਾਖ਼ਲ ਹੁੰਦਾ ਹੈ ਅਤੇ ਇਹ ਪਾਕਿਸਤਾਨ ਵਿਚ ਜਾਣ ਤੋਂ ਪਹਿਲਾਂ ਰਾਹ ਦੇ ਮੈਦਾਨ ਵਿਚੋਂ ਤਕਰੀਬਨ 277 ਕਿਲੋਮੀਟਰ ਦੂਰੀ ਤੈਅ ਕਰਦਾ ਹੈ। ਨੰਗਲ ਟਾਊਨਸ਼ਿਪ, ਨਯਾ ਨੰਗਲ, ਆਨੰਦਪੁਰ ਸਾਹਿਬ, ਰੋਪੜ, ਨਵਾਂਸ਼ਹਿਰ, ਫਿਲੌਰ, ਲੁਧਿਆਣਾ, ਫਗਵਾੜਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਸੁਲਤਾਨਪੁਰ ਲੋਧੀ ਦਾ ਘਰੇਲੂ ਅਤੇ ਸਨਅਤੀ ਪਾਣੀ ਆਖ਼ਿਰ ਸਿੱਧਾ ਜਾਂ ਨਾਲਿਆਂ ਰਾਹੀਂ ਸਤਲੁਜ ਵਿਚ ਪੈਂਦਾ ਹੈ। ਇਸ ਪਾਣੀ ਨੂੰ ਦਰਿਆ ਵਿਚ ਡਿੱਗਣ ਤੋਂ ਪਹਿਲਾਂ ਸੋਧਿਆ ਜਾਂ ਸਾਫ ਨਹੀਂ ਕੀਤਾ ਜਾਂਦਾ। ਪ੍ਰਦੂਸ਼ਿਤ ਕਰਨ ਵਾਲੇ ਨਾਲਿਆਂ ਵਿਚ ਬੁੱਢਾ ਨਾਲਾ, ਪੂਰਬੀ ਵੇਈਂ ਅਤੇ ਪੱਛਮੀ ਵੇਈਂ ਸ਼ਾਮਲ ਹਨ। ਇਕ ਅਧਿਐਨ ਦਰਸਾਉਂਦਾ ਹੈ ਕਿ ਫ਼ੈਕਟਰੀਆਂ ਸਭ ਤੋਂ ਵੱਧ ਜਲ ਦੂਸ਼ਿਤ ਕਰਦੀਆਂ ਹਨ। ਉਹ ਪਾਣੀ ਨੂੰ ਬਿਨਾਂ ਸੋਧੇ ਹੀ ਬਾਹਰ ਛੱਡ ਦਿੰਦੀਆਂ ਹਨ। ਬਨਸਪਤੀ ਤੇਲ, ਰੰਗਾਈ, ਬੀਅਰ ਅਤੇ ਉੱਨ ਦੀਆਂ ਫ਼ੈਕਟਰੀਆਂ 100 ਕਿਲੋ ਮਾਲ ਬਣਾਉਣ ਪਿੱਛੋਂ ਕ੍ਰਮਵਾਰ 400, 500, 750 ਅਤੇ 800 ਲਿਟਰ ਗੰਧਲਾ ਤੇ ਜ਼ਹਿਰੀਲਾ ਪਾਣੀ ਛੱਡਦੀਆਂ ਹਨ।

ਪੰਜਾਬ ਦੇ ਕਈ ਉਦਯੋਗਿਕ ਨਗਰਾਂ ਦੇ ਧਰਤੀ ਹੇਠਲੇ ਪਾਣੀ ਦੇ ਸੈਂਪਲਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਪਾਣੀ ਕਿੰਨਾ ਹਾਨੀਕਾਰਕ ਹੋ ਗਿਆ ਹੈ। ਸਾਈਕਲ ਸਨਅਤ ਨੇੜਲੇ ਜਲ ਸੈਂਪਲਾਂ ਵਿਚ ਸਾਇਆਕਸਾਈਡ ਦੀ ਮਾਤਰਾ ਵਧ ਨਿੱਕਲੀ ਹੈ। ਬੁੱਢੇ ਨਾਲੇ ਦੇ ਸੈਂਪਲਾਂ ਵਿਚੋਂ ਜ਼ਹਿਰੀਲੀਆਂ ਧਾਤਾਂ ਦੇ ਅੰਸ਼ ਨਿਰਧਾਰਿਤ ਮਾਤਰਾ ਨਾਲੋਂ ਕਈ ਗੁਣਾ ਵੱਧ ਮਿਲੇ ਹਨ। ਬੁੱਢੇ ਨਾਲੇ ਦੇ ਪਾਣੀ ਦੇ ਸੈਂਪਲ ਵਿਚ ਆਕਸੀਜਨ ਦੀ ਮਾਤਰਾ ਵੀ ਘੱਟ ਮਿਲੀ ਹੈ। ਹਮੀਰਾ ਡਿਸਟਲਰੀ ਵਿਚੋਂ ਨਿੱਕਲ ਕੇ ਪਾਣੀ ਵਿਚ ਮਿਲਣ ਵਾਲੇ ਦੂਸ਼ਿਤ ਪਦਾਰਥਾਂ ਕਾਰਣ ਇਨ੍ਹਾਂ ਇਲਾਕਿਆਂ ਦਾ ਜਲ ਵੀ ਦੂਸ਼ਿਤ ਹੋ ਰਿਹਾ ਹੈ। ਲੁਧਿਆਣਾ, ਜਲੰਧਰ, ਫਗਵਾੜਾ, ਗੋਰਾਇਆ, ਰਾਜਪੁਰਾ ਅਤੇ ਗੋਬਿੰਦਗੜ੍ਹ ਆਦਿ ਦੇ ਕਾਰਖਾਨਿਆਂ ਵਿਚੋਂ ਨਿੱਕਲ ਕੇ ਪਾਣੀ ਨੂੰ ਦੂਸ਼ਿਤ ਕਰਨ ਵਾਲੇ ਪਦਾਰਥਾਂ ਦੀ ਮਾਤਰਾ ਵਧਦੀ ਜਾ ਰਹੀ ਹੈ।

ਹਰੇ ਇਨਕਲਾਬ ਲਈ ਮਾਰੀ ਟਪੂਸੀ ਨੇ ਵੀ ਜਲ ਪ੍ਰਦੂਸ਼ਣ ਲਈ ਕਹਿਰ ਢਾਹਿਆ ਹੈ। ਅੰਧਾ-ਧੁੰਦ ਵਰਤੇ ਜਾ ਰਹੇ ਬਨਾਉਟੀ ਖਾਦ-ਪਦਾਰਥਾਂ, ਨਦੀਨਨਾਸ਼ਕਾਂ ਤੇ ਕੀਟਨਾਸ਼ਕਾਂ ਵਿਚਲੇ ਜ਼ਹਿਰੀ ਰਸਾਇਣ ਮਿੱਟੀ ਤੇ ਜਲ ਸ੍ਰੋਤਾਂ ਨੂੰ ਪ੍ਰਦੂਸ਼ਿਤ ਕਰਦੇ ਹਨ। ਮੀਂਹ ਨਾਲ ਇਹ ਜ਼ਮੀਨ, ਜਲ ਵਹਿਣਾ ਅਤੇ ਜਲ ਕੁੰਡਾਂ 'ਚ ਜਾ ਕੇ ਉਨ੍ਹਾਂ ਨੂੰ ਪਲੀਤ ਕਰਦੇ ਹਨ। ਮੀਂਹ ਦਾ ਪਾਣੀ ਜ਼ਮੀਨ ਵਿਚ ਰਿਸਣ ਨਾਲ ਵਿਸ਼ੈਲੇ ਤੱਤ ਭੂ-ਜਲ ਵਿਚ ਚਲੇ ਜਾਂਦੇ ਹਨ। ਘੱਟ ਗਹਿਰਾਈ ਤੋਂ ਪਾਣੀ ਖਿੱਚਣ ਨਾਲ ਆਰਸਨਿਕ ਅਤੇ ਦੂਸਰੇ ਮਾਰੂ ਤੱਤ ਪੀਣ ਵਾਲੇ ਪਾਣੀ ਰਾਹੀਂ ਅਸਾਧ ਰੋਗ ਲਾ ਦਿੰਦੇ ਹਨ। ਆਰਸਨਿਕ (ਸੰਖੀਏ ਵਾਲੇ) ਤੱਤਾਂ ਦੀ ਜ਼ਿਆਦਾ ਵਰਤੋਂ ਨਾਲ ਕੈਂਸਰ ਰੋਗ ਤੋਂ ਬਿਨਾਂ ਫੇਫੜਿਆਂ ਤੇ ਚਮੜੀ ਰੋਗ ਵੀ ਹੋ ਜਾਂਦੇ ਹਨ। ਆਰਸਨਿਕ ਤੱਤਾਂ ਨੂੰ ਧੀਮਾ ਜ਼ਹਿਰ ਕਿਹਾ ਜਾਂਦਾ ਹੈ। ਕੁਦਰਤੀ ਤੌਰ 'ਤੇ ਆਰਸਨਿਕ ਤੱਤ ਧਰਤੀ ਦੇ ਬਹੁਤ ਹੇਠਾਂ ਹੁੰਦੇ ਸਨ ਪਰ ਹੁਣ ਅਸੀਂ ਅਚੇਤ-ਸੁਚੇਤ ਇਨ੍ਹਾਂ ਨੂੰ ਉਪਰਲੀਆਂ ਤੱਗੀਆਂ ਜਾਂ ਜਲ-ਕੁੰਡਾਂ 'ਚ ਧੱਕ ਰਹੇ ਹਾਂ।

ਸ਼ਰਾਬ ਦੇ ਕਾਰਖਾਨਿਆਂ ਵਿਚੋਂ ਨਿਕਲੀ ਤਰਲ ਗੰਦਗੀ ਅਤੇ ਰੋੜ੍ਹ ਨੂੰ ਲਾਹਣ ਦਾ ਨਾਂ ਦਿੱਤਾ ਗਿਆ ਹੈ। ਇਹ ਵਿਹੁਲਾ ਬਦਬੂਦਾਰ ਪਦਾਰਥ ਹੈ। ਇਸ ਗੰਦਗੀ ਨੂੰ ਬਾਹਰ ਸੁੱਟਣ ਤੋਂ ਪਹਿਲਾਂ ਤਾਜ਼ਾ ਪਾਣੀ ਨਾਲ ਸੋਧਣਾ ਜ਼ਰੂਰੀ ਹੁੰਦਾ ਹੈ। ਇਹ ਕਾਰਜ ਬਹੁਤ ਜ਼ਿਆਦਾ ਮਿਕਦਾਰ ਵਿਚ ਪਾਣੀ ਦੀ ਖ਼ਪਤ ਮੰਗਦਾ ਹੈ ਪਰ ਕਿੰਨੇ ਕੁ ਕਾਰਖਾਨੇ ਇਨ੍ਹਾਂ ਨੇਮਾਂ ਦੀ ਪਾਲਣਾ ਕਰ ਰਹੇ ਹਨ? ਸਾਧਾਰਨ ਜਿਹੀ ਡਿਸਟਲਿਰੀ ਜਿਹੜੀ ਪ੍ਰਤੀ ਦਿਨ 40,000 ਲਿਟਰ ਸ਼ਰਾਬ ਬਣਾਉਂਦੀ ਹੈ, ਵਿਹੁਲੇ ਲਾਹਣ ਦੀ 4 ਤੋਂ 6 ਲੱਖ ਲਿਟਰ ਮਾਤਰਾ ਨਾਲ ਹੀ ਪੈਦਾ ਕਰ ਦਿੰਦੀ ਹੈ। ਇਹੀ ਹਾਲ ਕਾਗਜ਼ ਮਿੱਲਾਂ ਦਾ ਹੈ।

ਪਾਣੀ ਦੀ ਬੱਚਤ ਲਈ ਹੁਣ ਜੀਵੀ-ਸੋਧਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਵਾਤਾਵਰਨੀ ਸੁਰੱਖਿਆ ਅਧਿਨਿਯਮ (ਜੀਵੀ ਆਕਸੀਜਨ ਮੰਗ) ਇਸ ਰੋੜ੍ਹ ਨੂੰ ਪਾਣੀ ਵਿਚ ਰੋੜ੍ਹਨ ਲਈ 30 ਮਿਲੀਗ੍ਰਾਮ ਪ੍ਰਤੀ ਲਿਟਰ ਅਤੇ ਜ਼ਮੀਨੀ ਰੋੜ੍ਹ ਲਈ 100 ਮਿਲੀਗ੍ਰਾਮ ਪ੍ਰਤੀ ਲਿਟਰ ਦੀ ਆਗਿਆ ਦਿੰਦੀ ਹੈ ਪਰ ਸਾਡੇ ਕਾਰਖਾਨੇ ਇਹ ਮਾਤਰਾ 50,000 ਮਿਲੀਗ੍ਰਾਮ ਪ੍ਰਤੀ ਲਿਟਰ ਭਿਆਨਕ ਦਰ ਨਾਲ ਡੋਲ੍ਹ ਰਹੇ ਹਨ। ਇਸੇ ਤਰ੍ਹਾਂ 'ਰਸਾਇਣੀ ਆਕਸੀਜਨ ਮੰਗ' ਦੀ ਆਗਿਆ 250 ਮਿਲੀਗ੍ਰਾਮ ਪ੍ਰਤੀ ਲਿਟਰ ਹੈ। ਪਤਾ ਇਨ੍ਹਾਂ ਕਾਰਖਾਨਿਆਂ ਦੀ ਰੋੜ੍ਹ ਦਰ ਕੀ ਹੈ? 85,000 ਮਿਲੀਗ੍ਰਾਮ ਪ੍ਰਤੀ ਲਿਟਰ। ਇਹ ਕਾਰਖਾਨੇ ਫਿਰ ਵੀ ਚੱਲ ਰਹੇ ਹਨ। ਇਸੇ ਬਿਪਤਾ ਨੂੰ ਦੇਖ ਕੇ ਹੀ ਕਿਸੇ ਈਕਾਲੋਜੀ ਮਾਹਿਰ ਨੇ ਕਿਹਾ ਸੀ, "ਇਨ੍ਹਾਂ ਕਾਰਖ਼ਾਨੇਦਾਰਾਂ ਨੂੰ ਵਸਤਾਂ ਬਣਾਉਣ ਦੇ ਲਾਈਸੈਂਸ ਤਾਂ ਸਰਕਾਰਾਂ ਨੇ ਦਿੱਤੇ ਹੋਏ ਹਨ ਪਰ ਇਨ੍ਹਾਂ ਨੂੰ ਮਨੁੱਖੀ ਤੇ ਪਸ਼ੂ ਜੀਵਨ ਨਸ਼ਟ ਕਰਨ ਦੇ ਲਾਈਸੈਂਸ ਕਿਸ ਦਿੱਤੇ ਹਨ?"

ਪਾਣੀ ਨੂੰ ਬਹੁਤ ਸਾਰੇ ਪਦਾਰਥ ਦੂਸ਼ਿਤ ਕਰਦੇ ਹਨ ਪਰ ਮੁੱਖ ਰੂਪ ਵਿਚ ਪੈਟਰੋਲੀਅਮ ਪਦਾਰਥ, ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ, ਪਾਰਾ, ਕੇਮੀਅਮ, ਆਰਸਨਿਕ, ਕਈ ਪ੍ਰਕਾਰ ਦੀਆਂ ਖਾਦਾਂ, ਪਰਮਾਣੂ ਤੇ ਮਨੁੱਖੀ ਰਹਿੰਦ-ਖੂੰਹਦ, ਡਾਈਆਂ, ਸਾਬਣ, ਡਿਟਰਜੈਂਟ, ਮਲ ਤਿਆਗ ਅਤੇ ਕੂੜਾ ਕੱਚਰਾ ਆਦਿ ਦਾ ਵਰਣਨ ਕੀਤਾ ਜਾ ਸਕਦਾ ਹੈ। ਪਾਰਾ, ਕੇਮੀਅਮ ਅਤੇ ਆਰਸਨਿਕ ਤਾਂ ਬਹੁਤ ਹੀ ਜ਼ਹਿਰੀਲੇ ਅੰਸ਼ ਹਨ ਜੋ ਜਲ ਪ੍ਰਦੂਸ਼ਤ ਕਰਦੇ ਹਨ ਅਤੇ ਕਾਰਖਾਨਿਆਂ ਦੀ ਨੁਕਸਾਨਦੇਹ ਰਹਿੰਦ-ਖੂੰਹਦ ਵਜੋਂ ਪਾਣੀ ਵਿਚ ਆ ਰਲਦੇ ਹਨ। ਮੀਂਹ ਪੈਣ ਨਾਲ ਖਾਦਾਂ ਵਿਚਲੇ ਜ਼ਹਿਰੀਲੇ ਅਤੇ ਮਾਰੂ ਤੱਤ ਜਲ ਸੋਮਿਆਂ ਵਿਚ ਰਲ ਜਾਂਦੇ ਹਨ। ਵੱਡੇ ਸ਼ਹਿਰਾਂ ਦਾ ਮਨੁੱਖੀ ਮਲ-ਮੂਤਰ ਤੇ ਕੂੜੇ ਕਰਕਟ ਸਮੇਤ ਸਮੁੱਚੀ ਰਹਿੰਦ-ਖੂੰਹਦ ਜਲ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ।

ਵਿਹੁਲਾ ਕਚਰੇ ਤੋਂ ਪੈਦਾ ਹੋਇਆ ਵਾਤਾਵਰਨ ਸੰਕਟ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ। ਗੰਦਗੀ ਪਹਿਲਾਂ ਵੀ ਦਰਿਆਵਾਂ, ਝੀਲਾਂ ਤੇ ਸਾਗਰਾਂ ਵਿਚ ਰਲਦੀ ਸੀ ਪਰ ਉਹ ਗੰਦਗੀ ਰਵਾਇਤੀ ਅਤੇ ਘੱਟ ਮਾਤਰਾ ਵਿਚ ਹੁੰਦੀ ਸੀ, ਉਸ ਵਿਚ ਬਹੁਤ ਘੱਟ ਜ਼ਹਿਰੀ ਅੰਸ਼ ਹੁੰਦੇ ਸਨ। ਕੁਦਰਤੀ ਕਾਰਕ ਇਸ ਗੰਦਗੀ ਨੂੰ ਸਮੇਟਣ, ਗਾਲ਼ਣ ਅਤੇ ਮੁੜ-ਚੱਕਰ ਵਿਚ ਲਿਆਉਣ ਦੇ ਸਮਰੱਥ ਹੁੰਦੇ ਸਨ। ਹੁਣ ਰਹਿੰਦ-ਖੂੰਹਦ ਵਿਚ ਸਿੰਥੈਟਿਕ ਪਦਾਰਥ ਬਹੁਤ ਹੁੰਦੇ ਹਨ। ਕੁਦਰਤੀ ਕਾਰਜ ਇਨ੍ਹਾਂ ਨਾ-ਮੁਰਾਦ ਵਸਤਾਂ ਨੂੰ ਕਾਬੂ ਰੱਖਣ ਦੀ ਯੋਗਤਾ ਨਹੀਂ ਰੱਖਦੇ। ਹੁਣ ਪਾਰਾ, ਪਲਾਸਟਿਕ ਅਤੇ ਪੈਟਰੋਲੀਅਮ ਪਦਾਰਥਾਂ ਦਾ ਰਹਿੰਦ-ਖੂੰਹਦ ਕਿਵੇਂ ਗਲ਼ੇਗਾ ਭਲਾ?

ਹਰ ਭਾਰਤੀ ਪਰਿਵਾਰ ਹਰ ਰੋਜ਼ ਔਸਤਨ ਅੱਧੀ ਟੋਕਰੀ ਗੰਦਗੀ ਪੈਦਾ ਕਰਦਾ ਹੈ। ਇਸ ਵਿਚ ਮਲ-ਮੂਤਰ ਤੋਂ ਇਲਾਵਾ ਰਹਿੰਦ-ਖੂੰਹਦ, ਘਰਾਂ ਦੀ ਗੰਦਗੀ ਆਦਿ ਸ਼ਾਮਲ ਹਨ। ਕਰੀਬ 20 ਕਰੋੜ ਪਰਿਵਾਰ ਹਰ ਰੋਜ਼ 10 ਕਰੋੜ ਟੋਕਰੀਆਂ ਗੰਦਗੀ ਪੈਦਾ ਕਰ ਰਹੇ ਹਾਂ। ਇੱਕ ਸਾਲ ਵਿਚ ਗੰਦਗੀ ਦੇ 40 ਅਰਬ ਟੋਕਰੇ ਢੇਰਾਂ ਉੱਪਰ ਪੁੱਜ ਜਾਂਦੇ ਹਨ। ਇਹ ਕਚਰਾ ਆਪਣੀਆਂ ਨਿਸ਼ਚਿਤ ਥਾਵਾਂ ਉੱਤੇ ਨਹੀਂ ਪੁੱਜਦਾ ਸਗੋਂ ਜਿੱਥੇ ਜੀ ਚਗਹੇ, ਖਿਲਾਰ ਦਿੱਤਾ ਜਾਂਦਾ ਹੈ। ਬਹੁਤ ਵਾਰੀ ਇਹ ਦਰਿਆਵਾਂ, ਝੀਲਾਂ ਜਾਂ ਫਿਰ ਸਾਗਰਾਂ ਦਾ ਹਿੱਸਾ ਬਣ ਜਾਂਦਾ ਹੈ। ਇਸ ਗੰਦਗੀ ਕਾਰਨ ਗੰਗਾ ਮਲੀਨ ਹੋ ਚੁੱਕੀ ਹੈ ਅਤੇ ਮੂਸੀ ਨਦੀ (ਹੈਦਰਾਬਾਦ) ਆਖ਼ਰੀ ਸਾਹ ਲੈ ਰਹੀ ਹੈ। ਸ੍ਰੀਨਗਰ ਦੀ ਆਰਥਿਕ ਸਾਹਰਗ ਡੱਲ ਝੀਲ ਵੀ ਮਰਨ ਕਿਨਾਰੇ ਹੈ। ਮਨੀਪੁਰ ਦੀ ਲੋਕਤਾਰ ਝੀਲ ਦਾ ਵੀ ਇਹੋ ਹਸ਼ਰ ਹੋ ਰਿਹਾ ਹੈ। ਇਸ ਵਿਚ ਇੰਨੀ ਬਨਸਪਤੀ ਉੱਗ ਚੁੱਕੀ ਹੈ ਕਿ ਆਸਾਨੀ ਨਾਲ ਝੀਲ ਅੰਦਰ ਤੁਰਿਆ-ਫਿਰਿਆ ਜਾ ਸਕਦੇ ਹੈ। ਉੜੀਸਾ ਦੀ ਝਿਲਕਾ ਝੀਲ ਨੂੰ ਖ਼ਤਰਾ ਪੈਦਾ ਹੋ ਗਿਆ ਚੁੱਕਿਆ ਹੈ, ਹਾਲਾਂਕਿ ਉੱਥੇ ਬਹੁਤ ਮਹੱਤਵਪੂਰਨ 'ਨੇਵਲ ਬੇਸ' ਹੈ।

ਪਵਿੱਤਰ ਮੰਨੇ ਜਾਂਦੇ ਗੰਗਾ, ਜਮਨਾ, ਕਾਵੇਰੀ ਤੇ ਗੋਦਾਵਰੀ ਦਰਿਆਵਾਂ ਦਾ ਜਲ ਪ੍ਰਦੂਸ਼ਿਤ ਹੋ ਚੁੱਕਿਆ ਹੈ। ਗੰਗਾ ਦੇ ਕੰਢੇ ਉੱਪਰ 98 ਸ਼ਹਿਰ ਤੇ ਕਸਬੇ ਹਨ। ਇਸ ਦੀ 2,525 ਕਿਲੋਮੀਟਰ ਦੀ ਲੰਬਾਈ ਵਿਚ ਤਕਰੀਬਨ 29 ਅਰਬ ਘਣ ਮੀਟਰ ਗੰਦਾ ਪਾਣੀ ਹਰ ਰੋਜ਼ ਡਿਗਦਾ ਹੈ। ਕੇਵਲ 16 ਸ਼ਹਿਰ ਅਜਿਹੇ ਹਨ ਜਿਨ੍ਹਾਂ ਕੋਲ ਸੀਵਰ ਵਰਗੀ ਵਿਵਸਥਾ ਹੈ, ਬਾਕੀ 82 ਨਗਰਾਂ ਦਾ ਮਲ-ਮੂਤਰ ਤੇ ਕਚਰਾ ਇਸ ਵਿਚ ਸੁੱਟਿਆ ਜਾ ਰਿਹਾ ਹੈ। ਕਿੰਨਾ ਸਿਤਮ ਹੈ, ਜਿਹੜੇ ਲੋਕ ਪਾਣੀਆਂ ਕੰਢੇ ਧੂਫ਼-ਬੱਤੀ ਕਰਦੇ ਹਨ, ਦੀਵੇ ਬਾਲਦੇ ਹਨ, ਉਹ ਵੀ ਜਲ ਸੋਮਿਆਂ 'ਚ ਗੰਦ ਉਲੱਦੀ ਜਾਂਦੇ ਹਨ।

ਮੁੱਕਦੀ ਗੱਲ, ਸਾਡਾ ਭਵਿੱਖ ਪਦਾਰਥਵਾਦੀ ਸਹੂਲਤਾਂ ਅਤੇ ਸਿਆਸਤ ਦੇ ਤੱਕੜ ਵਿਚ ਨਹੀਂ ਸਗੋਂ ਭੌਤਿਕ ਤੱਕੜ ਵਿਚ ਲਟਕਦਾ ਹੈ ਅਤੇ ਚੌਗਿਰਦੇ ਨਾਲ ਜੁੜਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿਚ ਕੀ ਹੋਵੇਗਾ? ਇਸ ਦਾ ਨਿਤਾਰਾ ਇਸ ਗੱਲ ਉੱਪਰ ਨਿਰਭਰ ਹੈ ਕਿ ਅਸੀਂ ਕੁਦਰਤ ਦੀ ਸੰਭਾਲ ਕਿੰਨੀ ਕੁ ਕੀਤੀ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

ਗੁਰੂ ਅਰਜਨ ਸਾਹਿਬ ਅਤੇ ਗੁਰਬਾਣੀ ਦੇ ਅਪਮਾਨ ਦਾ ਮਾਮਲਾ

# ਨਰਾਇਣ ਦਾਸ ਵੱਲੋਂ ਮੰਗੀ ਮੁਆਫੀ ਦਾ ਫੈਸਲਾ ਸਿੱਖ ਪੰਥ ਦੀਆਂ ਭਾਵਨਾਵਾਂ ਮੁਤਾਬਕ ਹੋਵੇ

**ਪ੍ਰੋ. ਬਲਵਿੰਦਰਪਾਲ ਸਿੰਘ**
(9815700916)

ਪੰਚਮ ਪਾਤਸ਼ਾਹ ਸ੍ਰੀ ਅਰਜਨ ਦੇਵ ਜੀ ਤੇ ਭਗਤਾਂ ਦੀ ਬਾਣੀ ਬਾਰੇ ਕੁਝ ਦਿਨ ਪਹਿਲਾਂ ਸ਼ੋਸ਼ਲ ਮੀਡੀਆ 'ਤੇ ਗ਼ਲਤ ਟਿੱਪਣੀ ਕਰਨ ਵਾਲੇ ਨਰਾਇਣ ਦਾਸ ਉਰਫ ਨਰੈਣੂ ਸਾਧ ਦਾ ਮੁਆਫ਼ੀ ਪੱਤਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੁੱਜ ਗਿਆ ਹੈ ਜਿਸ ਦੀ ਪੁਸ਼ਟੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਿੱਜੀ ਸਹਾਇਕ ਸਤਿੰਦਰਪਾਲ ਸਿੰਘ ਨੇ ਕੀਤੀ ਹੈ॥ ਉਨ੍ਹਾਂ ਦੱਸਿਆ ਕਿ ਜਥੇਦਾਰ ਗੁਰਬਚਨ ਸਿੰਘ ਇਸ ਵੇਲੇ ਅੰਮ੍ਰਿਤਸਰ ਵਿਚ ਮੌਜੂਦ ਨਹੀਂ ਹਨ ਤੇ ਉਨ੍ਹਾਂ ਦੇ ਆਉਣ 'ਤੇ ਹੀ ਇਸ ਪੱਤਰ 'ਤੇ ਵਿਚਾਰ ਹੋਵੇਗਾ।

ਪੰਥਕ ਸੂਤਰਾਂ ਦਾ ਮੰਨਣਾ ਹੈ ਕਿ ਸਿੱਖ ਧਰਮ ਵਿਚ ਜਾਣੇ ਅਨਜਾਣੇ ਹੋਈ ਗਲ਼ਤੀ ਦੀ ਮਾਫ਼ੀ ਤਾਂ ਦਿੱਤੀ ਜਾ ਸਕਦੀ ਹੈ ਪਰ ਗਿਣ-ਮਿਥ ਕੇ ਕੀਤੇ ਪਾਪ ਨੂੰ, ਗੁਨਾਹ ਨੂੰ, ਸਾਜਿਸ਼ ਨੂੰ ਕਿਵੇਂ ਮਾਫ਼ ਕੀਤਾ ਜਾ ਸਕਦਾ ਹੈ, ਜੋ ਇਸ ਸਾਧ ਨਰੈਣੂ ਨੇ ਨਾਗਪੁਰ ਦੇ ਭਗਵੇਂਵਾਦੀਆਂ ਦੀਆਂ ਹਦਾਇਤਾਂ 'ਤੇ ਰਚੀ ਹੈ। ਸਮੂਹ ਪੰਥਕ ਜਥੇਬੰਦੀਆਂ ਇਹ ਗੱਲ ਸਵੀਕਾਰ ਕਰ ਰਹੀਆਂ ਹਨ ਕਿ ਸਾਧ ਨੇ ਭਗਤ ਸਾਹਿਬਾਨਾਂ ਦੀ ਸੰਗਤ ਅਤੇ ਸਿੱਖ ਪੰਥ ਵਿਚ ਫੁੱਟ ਪਾਉਣ ਦੀ ਸ਼ਰਾਰਤਪੂਰਨ ਕਾਰਵਾਈ ਕੀਤੀ ਹੈ। ਪਤਾ ਲੱਗਾ ਹੈ ਕਿ ਜੋ ਨਾਗਪੁਰ ਦੇ ਭਗਵੇਂਵਾਦੀਆਂ ਦੀਆਂ ਹਦਾਇਤਾਂ 'ਤੇ ਸਿੱਖ ਭੇਖ ਵਿਚ ਕੁਝ ਲੋਕ ਇਸ ਪਾਖੰਡੀ ਸਾਧ ਨੂੰ ਮਾਫੀ ਦਿਵਾਉਣ ਲਈ ਸਰਗਰਮ ਹੋਏ ਹਨ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਹ ਸਾਧ ਆਰਐਸਐਸ ਦੀਆਂ ਹਦਾਇਤਾਂ 'ਤੇ ਗੁਰੂ ਗ੍ਰੰਥ ਤੇ ਪੰਥ 'ਤੇ ਹਮਲੇ ਕਰ ਰਿਹਾ ਹੈ। ਜਦ ਤੱਕ ਬੂਬਨਾ ਸਾਧ ਸਾਰਾ ਕੁਝ ਸਾਫ਼ ਤੇ ਸੱਚ-ਸੱਚ ਸਪੱਸ਼ਟ ਨਹੀਂ ਕਰਦਾ, ਉਦੋਂ ਤੱਕ ਇਸ ਦੀ ਮੁਆਫ਼ੀ ਬਾਰੇ ਸੋਚਣਾ, ਗੁਰੂ ਅਰਜਨ ਦੇਵ ਜੀ ਦੇ ਨਾਲ ਅਕ੍ਰਿਤਘਣਤਾ ਹੋਵੇਗੀ ਤੇ ਖਾਲਸਾ ਪੰਥ ਨਾਲ ਧੋਖਾ ਹੋਵੇਗਾ।

ਉਹ ਆਪਣੀ ਮਾਫੀ ਰਾਹੀਂ ਪੰਥ ਨੂੰ ਜ਼ਲੀਲ ਕਰ ਰਿਹਾ ਹੈ। ਉਸ ਨੇ ਮਾਫੀ ਮੰਗਣ ਤੋਂ ਬਾਅਦ ਵੀ ਆਪਣਾ ਦਾਅਵਾ ਕਾਇਮ ਰੱਖਿਆ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਮੌਲਿਕ ਨਹੀਂ ਹੈ। ਜਦ ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਮੌਲਿਕਤਾ ਨੂੰ ਚੈਲਿੰਜ ਕਰ ਦਿੱਤਾ ਹੈ ਤਾਂ ਮਾਫੀ ਦੇ ਕੀ ਅਰਥ ਹਨ

ਜ਼ਿਕਰਯੋਗ ਹੈ ਕਿ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਕ ਵੀਡੀਓ ਵਿਚ ਇਕ ਭਗਵੇਂ ਸਾਧ ਨਰਾਇਣ ਦਾਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ 'ਤੇ ਸ਼ਰੇਆਮ ਦੋਸ਼ ਲਗਾਏ ਹਨ ਕਿ ਉਹਨਾਂ ਨੇ ਭਗਤਾਂ ਦੀ ਬਾਣੀ ਨਾਲ ਵੱਡੀ ਛੇੜਛਾੜ ਕਰਕੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ। ਇਸ ਛੇੜਛਾੜ ਕਰਕੇ ਭਗਤਾਂ ਵਲੋਂ ਦਿੱਤੇ ਗਏ ਸਰਾਪ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀਂ 'ਤੇ ਬੈਠਣਾ ਪਿਆ ਅਤੇ ਤੱਤੀ ਰੇਤ ਸਿਰ ਵਿਚ ਪਵਾਉਂਦਿਆਂ ਘੋਰ ਤਸੀਹੇ ਝੱਲ ਕੇ ਆਪਣੀ ਜਾਨ ਦੇਣੀ ਪਈ।

ਯੂ-ਟਿਊਬ 'ਤੇ ਚਲਦੀ ਇਕ ਵੀਡੀਓ ਵਿਚ ਸ੍ਰੀ ਚੰਦ ਦੀ ਫੋਟੋ ਦੇ ਸਾਹਮਣੇ ਬੈਠੇ ਇਕ ਭਗਵੇਂ ਸਾਧ ਵਲੋਂ ਗੁਰਬਾਣੀ ਉਪਰ ਕਿੰਤੂ-ਪਰੰਤੂ ਕਰਦਿਆਂ ਕਿਹਾ ਜਾ ਰਿਹਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਬਾਣੀ ਤਾਂ ਬਹੁਤ ਉੱਚ ਦਰਜੇ ਦੀ ਹੈ ਅਤੇ ਉਸ ਦੀ ਵਿਆਖਿਆ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ ਪਰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਭਗਤਾਂ ਦੀ ਬਾਣੀ ਨਾਲ ਬਹੁਤ ਛੇੜਛਾੜ ਕੀਤੀ ਹੈ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤ ਰਵਿਦਾਸ ਜੀ, ਭਗਤ ਨਾਮਦੇਵ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਨੂੰ ਰੱਦ ਕਰਦਿਆਂ ਭਗਤਾਂ ਦੇ ਕਈ ਨਕਲੀ ਸ਼ਬਦ ਪੇਸ਼ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਚੈਲਿੰਜ ਕੀਤਾ ਹੈ। ਇਸ ਵੀਡੀਓ ਦੇ ਵਾਇਰਲ ਹੋਣ ਬਾਅਦ ਜਦੋਂ ਭਗਵੇਂ ਸਾਧ ਨਾਲ ਮੋਬਾਇਲ 'ਤੇ ਸੰਪਰਕ ਕੀਤਾ ਗਿਆ ਤਾਂ ਉਕਤ ਸਾਧ ਦੇ ਚੇਲੇ ਨੇ ਫੋਨ ਚੁੱਕਿਆ ਅਤੇ ਉਕਤ ਸਾਧ ਬਾਰੇ ਦੱਸਿਆ ਕਿ ਉਹ ਉਦਾਸੀਨ ਭੇਖ ਵਿਚ ਵਿਚਰਦਾ ਨਰਾਇਣ ਦਾਸ ਹੈ। ਉਕਤ ਸਾਧ ਕਿੱਥੇ ਰਹਿੰਦਾ ਹੈ, ਇਸ ਸਬੰਧੀ ਅਜੇ ਕੁਝ ਪਤਾ ਨਹੀਂ ਲੱਗ ਸਕਿਆ। ਸਾਧ ਦਾ ਚੇਲਾ ਡਰਦੇ ਮਾਰੇ ਦੱਸ ਵੀ ਨਹੀਂ ਰਿਹਾ ਸੀ ਤੇ ਇਸ ਸਬੰਧੀ ਗੱਲਬਾਤ ਕਰਨ ਤੋਂ ਵੀ ਭੱਜ ਰਿਹਾ ਸੀ। ਜਦੋਂ ਸਾਧ ਦੀ ਇਸ ਵੀਡੀਓ ਦਾ ਸ਼ੋਸ਼ਲ ਮੀਡੀਏ 'ਤੇ ਸਖ਼ਤ ਵਿਰੋਧ ਹੋਇਆ ਤਾਂ ਅਖੌਤੀ ਸੰਤ ਨਰਾਇਣ ਦਾਸ ਨੇ ਗੋਲ ਮੋਲ ਮਾਫੀ ਮੰਗਣ ਦਾ ਡਰਾਮਾ ਰਚਿਆ। ਉਹ ਮਾਫੀ ਮੰਗਦਾ ਹੋਇਆ ਕਹਿੰਦਾ ਹੈ ਕਿ ਜੋ ਮੇਰਾ ਵਿਰੋਧ ਕਰਦੇ ਹਨ, ਉਹ ਪਾਕਿਸਤਾਨੀ ਹਨ। ਅਸਲ ਵਿਚ ਇਹ ਸਾਧ ਵਲੋਂ ਮੰਗੀ ਮਾਫੀ ਨਹੀਂ, ਸਗੋਂ ਲੱਛੇਦਾਰ ਸ਼ਬਦਾਂ ਵਿਚ ਧਮਕੀ ਦਿੱਤੀ ਗਈ ਹੈ। ਅਸਲ ਵਿਚ ਸੰਘ ਪਰਿਵਾਰ ਵਾਲੇ ਇੰਝ ਦੇ ਹੀ ਡਰਾਮੇ ਰਚਦੇ ਹਨ।

ਇਸ ਸਾਧ ਦਾ ਅਸਲ ਪਿਛੋਕੜ ਕੀ ਹੈ ? ਇਹ ਖੋਜ ਦਾ ਵਿਸ਼ਾ ਹੈ ? ਕੀ ਇਹ ਸਾਧ ਉਦਾਸੀ ਸੰਪਰਦਾ ਨਾਲ ਸਬੰਧਿਤ ਹੈ ? ਅਜਿਹਾ ਸੁਆਲ ਇਸ ਲਈ ਉਠਾਇਆ ਜਾ ਰਿਹਾ ਹੈ, ਕਿਉਂਕਿ ਉਸ ਨੇ ਇਹੋ ਜਿਹੀ ਬੱਕੜਬਾਜ਼ੀ ਕਰਦਿਆਂ ਆਪਣੇ ਪਿੱਛੇ ਗੁਰੂ ਨਾਨਕ ਸਾਹਿਬ ਦੇ ਸਪੁੱਤਰ ਬਾਬਾ ਸ੍ਰੀ ਚੰਦ ਦੀ ਫੋਟੋ ਲਗਾਈ ਹੋਈ ਹੈ, ਜਿਸ ਦਾ ਗੁਰੂ ਘਰ ਨਾਲ ਡੂੰਘਾ ਰਿਸ਼ਤਾ ਸੀ। ਦਾਅਵੇ ਨਾਲ ਕਹਿ ਸਕਦੇ ਹਾਂ ਕਿ ਇਹ ਉਦਾਸੀ ਸੰਤ ਨਹੀਂ ਹੈ। ਉਦਾਸੀ ਬਾਬੇ ਦਸ਼ਮੇਸ਼ ਗੁਰੂ ਦੇ ਪਿਆਰ ਵਿਚ ਮਸਤਾਨੇ ਹੋ ਗਏ ਅਤੇ ਭੰਗਾਣੀ ਦੇ ਯੁੱਧ ਵਿਚ ਮਹੰਤ ਕ੍ਰਿਪਾਲ ਦਾਸ ਦੀ ਅਗਵਾਈ ਵਿਚ ਗੁਰੂ ਲਈ ਸ਼ਹਾਦਤਾਂ ਦੇ ਦਿੱਤੀਆਂ। ਇਹ ਉਦਾਸੀ ਸਾਧੂ ਉਹ ਰਹੇ ਹਨ ਜੋ ਗੁਰੂ ਨਾਨਕ ਸਾਹਿਬ ਤੋਂ ਲੈਕੇ ਗੁਰੂ ਹਰਗੋਬਿੰਦ ਸਾਹਿਬ ਦੇ ਮੋਹ ਵਿਚ ਭਿਜਦੇ ਰਹੇ ਹਨ। ਅੱਜ ਵੀ ਉਦਾਸੀ ਬਾਬੇ ਆਪਣੇ ਆਪ ਨੂੰ ਨਾਨਕ ਪੰਥੀ ਸਦਵਾਉਂਦੇ ਨੇ। ਭਾਵੇਂ ਉਹ ਸਿੱਖ ਪੰਥ ਦਾ ਹਿੱਸਾ ਨਹੀਂ ਪਰ ਸਾਡੀਆਂ ਉਹਨਾਂ ਨਾਲ ਸਾਂਝਾ ਹਨ। ਇਹ ਬਾਬੇ ਤਾਂ ਗੁਰੂਆਂ ਦੀ ਆਲੋਚਨਾ ਸੁਪਨੇ ਵਿਚ ਵੀ ਨਹੀਂ ਕਰ ਸਕਦੇ। ਪਰ ਇਹ ਅਖੌਤੀ ਸੰਤ ਨਰਾਇਣ ਦਾਸ ਉਦਾਸੀ ਬਾਬਾ ਨਹੀਂ ਹੈ ਸਗੋਂ ਫਰਿਜ ਵਾਲੇ ਬਾਬੇ ਨੂਰਮਹਿਲੀਏ ਦਾ ਚੇਲਾ ਜਾਪਦਾ ਹੈ। ਬਾਬਾ ਤੇਜਪਾਲ ਸਿੰਘ ਦਮਦਮੀ ਟਕਸਾਲ ਵਾਲੇ ਵੀ ਕਹਿੰਦੇ ਹਨ ਕਿ ਇਹ ਨੂਰਮਹਿਲੀਆਂ ਦਾ ਚੇਲਾ ਹੈ।

ਨੂਰਮਹਿਲੀਏ ਦੇ ਚੇਲੇ ਕਹਿੰਦੇ ਹਨ ਕਿ ਮਾਡਰਨ ਯੁੱਗ ਹੈ, ਇਸ ਕਰਕੇ ਹੁਣ ਕੈਲਾਸ਼ ਪਰਬਤ 'ਤੇ ਜਾਣ ਦੀ ਲੋੜ ਨਹੀਂ, ਫਰਿਜ ਵਿਚ ਬੈਠਕੇ ਤਪੱਸਿਆ ਕਰਕੇ ਉਹ ਮਾਹੌਲ ਪ੍ਰਾਪਤ ਹੋ ਜਾਂਦਾ ਹੈ। ਨੂਰਮਹਿਲੀਆ ਬਾਬਾ ਫਰਿੱਜ਼ ਵਿਚ ਤਪੱਸਿਆ ਕਰ ਰਿਹਾ ਦੱਸਿਆ ਜਾਂਦਾ ਹੈ। ਇਹ ਕੀ ਪਾਗਲਪਨ ਹੈ ? ਅਸੀਂ ਇਸ ਸੰਸਾਰੀਕਰਨ ਵਾਲੇ ਯੁੱਗ ਵਿਚ ਰਹਿ ਰਹੇ ਹਾਂ, ਜੋ ਕਿ ਵਿਗਿਆਨਕ ਯੁੱਗ ਹੈ, ਜਿੱਥੇ ਅੰਧ-ਵਿਸ਼ਵਾਸਾਂ ਦੀ ਕੋਈ ਥਾਂ ਨਹੀਂ ਹੈ। ਸ਼ਾਇਦ ਭਾਰਤ ਵਿਚ ਸਭ ਕੁਝ ਸੰਭਵ ਹੈ, ਕਿਉਂਕਿ ਇੱਥੇ ਮਨੂੰਸਿਮਰਤੀਆਂ ਦਾ ਸਿਧਾਂਤ ਚਲਾਇਆ ਜਾ ਰਿਹਾ ਹੈ ਤੇ ਲੋਕਾਂ ਦੀ ਸੋਚ ਨੂੰ ਖਤਮ ਕਰਨ ਲਈ ਇਹੋ ਜਿਹੇ ਚਮਤਕਾਰ, ਕਰਾਮਾਤਾਂ ਤੇ ਝੂਠੇ ਇਤਿਹਾਸ ਦੇ ਸੰਕਲਪ ਪੇਸ਼ ਕੀਤੇ ਜਾ ਰਹੇ ਹਨ। ਇਸ ਲਈ ਸ਼ੋਸ਼ਲ ਮੀਡੀਆ ਦਾ ਸਹਾਰਾ ਲਿਆ ਜਾ ਰਿਹਾ ਹੈ, ਜਿਵੇਂ ਕਿ ਇਸ ਅਖੌਤੀ ਬਾਬੇ ਨਰਾਇਣ ਦਾਸ ਨੇ ਗੁਰੂਆਂ 'ਤੇ ਹਮਲੇ ਕਰਨ ਲਈ ਲਿਆ ਹੈ। ਅਸਲੀਅਤ ਇਹ ਹੈ ਕਿ ਇਸ ਸਾਧ ਦੀਆਂ ਤਾਰਾਂ ਨਾਗਪੁਰ ਤੋਂ ਤਿਲਕਧਾਰੀ ਹਿਲਾ ਰਹੇ ਹਨ, ਜੋ ਭਾਰਤ ਵਿਚ ਹਿੰਦੂ ਰਾਸ਼ਟਰ ਚਾਹੁੰਦੇ ਹਨ। ਗੁਰੂ ਗਰੰਥ ਸਾਹਿਬ ਉਤੇ ਹਮਲਾ ਇਹਨਾਂ ਦਾ ਬ੍ਰਹਮ ਅਸਤਰ ਹੈ। ਇਸੇ ਲਈ ਇਹ ਅਖੌਤੀ ਸੰਤ ਨਰਾਇਣ ਦਾਸ ਪੈਦਾ ਕੀਤਾ ਗਿਆ ਹੈ। ਹੋਰ ਵੀ ਇਹੋ ਜਿਹੇ ਸਾਧ, ਦੇਵਤੇ ਪੈਦਾ ਹੋਣਗੇ। ਹੋਰ ਹਮਲੇ ਜ਼ੋਰ ਨਾਲ ਹੋਣਗੇ। ਤੁਸੀਂ ਜਾਣਦੇ ਹੋ ਜਦੋਂ ਆਰੀਅਨਾਂ ਤੇ ਦਰਾਵੜਾਂ ਵਿਚ ਯੁੱਧ ਹੋਇਆ ਸੀ ਤਾਂ ਆਰੀਅਨਾਂ ਨੇ ਜਿੱਤਣ ਤੋਂ ਬਾਅਦ ਆਪਣੇ ਯੋਧਿਆਂ ਨੂੰ ਭਗਵਾਨ, ਦੇਵਤਿਆਂ ਦਾ ਨਾਮ ਦੇ ਦਿੱਤਾ ਸੀ ਤੇ ਦਰਾਵੜਾਂ ਨੂੰ ਰਾਖਸ਼ ਤੇ ਨਾਗਵੰਸ਼ੀ ਕਹਿ ਦਿੱਤਾ ਸੀ। ਅੱਜ ਇਨ੍ਹਾਂ ਦਾ ਇਤਿਹਾਸ ਪੜ੍ਹ ਕੇ ਦੇਖ ਲਵੋ ਤਾਂ ਇਹਨਾਂ ਘਟਨਾਵਾਂ ਦੇ ਸੰਕਲਪ ਸਾਫ਼ ਨਜ਼ਰ ਆਉਣਗੇ।

ਸਿੱਖ ਕੌਮ ਨਾਲ ਵੀ ਅਜਿਹਾ ਹੀ ਵਾਪਰਨ ਜਾ ਰਿਹਾ ਹੈ, ਜੋ ਦਰਾਵੜਾਂ ਨਾਲ ਅਤੇ ਜੋ ਬੁੱਧ ਧਰਮ ਨਾਲ ਵਾਪਰਿਆ ਸੀ। ਜਦੋਂ ਕਿਸੇ ਕੌਮ ਨੂੰ ਖਤਮ ਕਰਨਾ ਹੋਵੇ ਤਾਂ ਉਸ ਦਾ ਫਲਸਫਾ ਤੇ ਇਤਿਹਾਸ ਤਬਾਹ ਕੀਤਾ ਜਾਂਦਾ, ਜਿਸ 'ਤੇ ਉਸ ਕੌਮ ਨੂੰ ਮਾਣ ਹੁੰਦਾ ਹੈ। ਇਹ ਸਾਡੇ ਫਲਸਫੇ ਦੀ ਤਬਾਹੀ ਲਈ ਨਰਾਇਣ ਦਾਸ ਦੀ ਵਿਚਾਰਧਾਰਕ ਮਿਜ਼ਾਈਲ ਵਜੋਂ ਵਰਤੋਂ ਕੀਤੀ ਗਈ ਹੈ। ਇਹ ਹਮਲੇ ਆਰਐਸਐਸ ਵਲੋਂ ਲਗਾਤਾਰ ਹੋ ਰਹੇ ਹਨ। ਹੁਣੇ ਜਿਹੇ ਤਿੰਨ ਪੁਸਤਕਾਂ ਰਾਹੀਂ ਗੁਰੂ ਸਾਹਿਬਾਨਾਂ ਨੂੰ ਹਿੰਦੂ ਐਲਾਨਿਆ ਗਿਆ ਹੈ। ਇਨ੍ਹਾਂ ਪੁਸਤਕਾਂ ਦੇ ਪ੍ਰਕਾਸ਼ਕ ਦਾ ਪਤਾ ਕਿਤਾਬਾਂ ਅਨੁਸਾਰ ਡਾ:ਹੈਡਗਵਾਰ ਭਵਨ ਕੰਪਲੈਕਸ ਨਾਗਪੁਰ ਹੈ। ਇਹ ਪੁਸਤਕਾਂ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ, ਕਿਸੇ ਸਤਿਆਪਾਲ ਪਟਾਇਤ ਨਾਮੀ ਲੇਖਕ ਦੁਆਰਾ ਲਿਖੀਆਂ ਹਨ ਤੇ ਪੁਸਤਕ ਗੁਰੂ ਪੁੱਤਰ ਫਤਿਹ ਸਿੰਘ ਜ਼ੋਰਾਵਰ ਸਿੰਘ, ਕਿਸੇ ਹਰਭਜਨ ਸਿੰਘ ਹੰਸਪਾਲ ਨਾਮੀ ਲੇਖਕ ਵਲੋਂ ਲਿਖੀਆਂ ਦੱਸੀਆਂ ਗਈਆਂ ਹਨ। ਇਨ੍ਹਾਂ ਪੁਸਤਕਾਂ ਦਾ ਮਨੋਰਥ ਸਿੱਖ ਗੁਰੂ ਸਾਹਿਬਾਨਾਂ ਨੂੰ ਹਿੰਦੂ ਰੱਖਿਅਕ ਤੇ ਹਿੰਦੂ ਧਰਮ ਦਾ ਅੰਗ ਤੇ ਗਊ ਪੂਜਕ ਦੱਸਣਾ ਹੈ।



ਗੁਰੂ ਗ੍ਰੰਥ ਸਾਹਿਬ ਤੇ ਗੁਰੂਆਂ ਦੀ ਵਿਚਾਰਧਾਰਾ 'ਤੇ ਹਮਲੇ ਇਸ ਗੱਲ ਦਾ ਸਬੂਤ ਹੈ ਕਿ ਮਨੂੰਵਾਦੀ ਵਿਚਾਰਧਾਰਾ ਤੇ ਹਿੰਦੂ ਰਾਸ਼ਟਰਵਾਦ ਅੱਗੇ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ ਤੇ ਖਾਲਸਾ ਪੰਥ ਦੀ ਪਹਿਰੇਦਾਰੀ ਰੁਕਾਵਟ ਹਨ। ਆਰਐਸਐਸ ਵਾਲੇ ਚਾਹੁੰਦੇ ਹਨ ਕਿ ਸਿੱਖ ਧਰਮ ਤੇ ਬਹੁਜਨ ਸਮਾਜ ਵਿਚ ਨਫ਼ਰਤ ਫੈਲਾਈ ਜਾਵੇ ਤੇ ਭਗਤਾਂ ਦੀ ਬਾਣੀ ਨੂੰ ਨਕਲੀ ਸਿੱਧ ਕਰਕੇ ਅਤੇ ਕਿੰਤੂ ਕਰਕੇ ਬਹੁਜਨ ਸਮਾਜ ਨੂੰ ਗੁਰੂ ਗਰੰਥ ਸਾਹਿਬ ਨਾਲੋਂ ਤੋੜਿਆ ਜਾਵੇ।

ਸਾਧ ਨੇ ਇਹ ਕੁਫਰ ਤੋਲਿਆ ਹੈ ਕਿ ਗੁਰੂ ਗਰੰਥ ਸਾਹਿਬ ਦੀ ਬਾਣੀ ਗੁਰੂ ਅਰਜਨ ਦੇਵ ਜੀ ਨੇ ਇਕੱਠੀ ਕੀਤੀ ਸੀ। ਗੁਰੂ ਅਰਜਨ ਦੇਵ ਜੀ ਨੇ ਤਾਂ ਇਹ ਸੰਪਾਦਿਤ ਕੀਤੀ ਸੀ ਤੇ ਇਕੱਠੀ ਗੁਰੂ ਨਾਨਕ ਸਾਹਿਬ ਨੇ ਉਦਾਸੀਆ ਕਰਕੇ ਕੀਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ ਹੋਰ ਗੁਰਸਿੱਖਾਂ ਦੀ ਬਾਣੀ ਦਰਜ ਹੈ। ਇਸ ਦੇ 1430 ਪੰਨੇ ਹਨ। ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਜਿਹੜਾ ਗਿਆਨ ਅਕਾਲ ਪੁਰਖ ਤੋਂ ਪ੍ਰਾਪਤ ਹੋਇਆ ਸੀ, ਆਪ ਜੀ ਨੇ ਉਸ ਨੂੰ ਬਾਣੀ ਦੇ ਰੂਪ ਵਿੱਚ ਇਕ ਪੋਥੀ ਵਿੱਚ ਦਰਜ਼ ਕਰ ਲਿਆ ਸੀ। "ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨ ਵੇ ਲਾਲੋ।। " (ਪੰਨਾ 722)।

ਉਹਨਾਂ ਆਪਣੀਆਂ ਪ੍ਰਚਾਰ ਯਾਤਰਾਵਾਂ (ਉਦਾਸੀਆਂ) ਦੌਰਾਨ ਭਗਤ-ਸਾਹਿਬਾਨਾਂ ਦੀ ਬਾਣੀ ਵੀ ਪ੍ਰਾਪਤ ਕਰਕੇ, ਉਸੇ ਪੋਥੀ ਵਿੱਚ ਦਰਜ ਕਰ ਲਈ ਸੀ। ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇਣ ਸਮੇਂ ਆਪ ਜੀ ਨੇ ਇਹ ਬਾਣੀ ਦੀ ਪੋਥੀ ਵੀ ਉਹਨਾਂ ਨੂੰ ਦੇ ਦਿਤੀ ਸੀ। ਗੁਰੂ ਅੰਗਦ ਦੇਵ ਜੀ ਨੇ ਵੀ ਆਪਣੀ ਬਾਣੀ ਰਚੀ ਤੇ ਸਾਰੀ ਬਾਣੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿਤੀ। ਗੁਰੂ ਅਮਰਦਾਸ ਜੀ ਨੇ ਆਪਣੀ ਰਚੀ ਹੋਈ ਬਾਣੀ ਸਮੇਤ, ਪਹਿਲੇ ਗੁਰੂ ਸਾਹਿਬਾਨਾਂ ਦਾ ਬਾਣੀ ਦਾ ਸਾਰਾ ਖਜ਼ਾਨਾ ਗੁਰੂ ਰਾਮਦਾਸ ਜੀ ਨੂੰ ਸੌਂਪ ਦਿਤਾ। ਗੁਰੂ ਰਾਮ ਦਾਸ ਜੀ ਨੇ ਵੀ ਬਾਣੀ ਰਚੀ ਤੇ ਪਹਿਲੇ ਗੁਰੂ ਸਾਹਿਬਾਂ ਦੀਆਂ ਬਾਣੀਆਂ ਸਮੇਤ ਸਾਰੀ ਬਾਣੀ ਅੱਗੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿਤੀ। ਇਸ ਤਰ੍ਹਾਂ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਕੋਲ ਆ ਗਈ ਸੀ। ਪੰਚਮ ਪਾਤਿਸ਼ਾਹ ਨੇ ਆਪ ਵੀ ਵੱਡੀ ਮਾਤਰਾ ਵਿੱਚ ਬਾਣੀ ਰਚੀ ਸੀ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਰਾਮਸਰ ਸਾਹਿਬ ਦੇ ਅਸਥਾਨ 'ਤੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾਇਆ ਅਤੇ ਸੰਪਾਦਨ ਕੀਤਾ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਬਿਨਾ ਕਿਸੇ ਵਿਤਕਰੇ ਤੋਂ ਹੋਰ ਧਰਮਾਂ, ਜਾਤਾਂ, ਮਜ਼ਹਬਾਂ, ਕੌਮਾਂ ਅਤੇ ਇਲਾਕਿਆਂ ਦੇ ਭਗਤਾਂ ਅਤੇ ਗੁਰਸਿੱਖਾਂ ਦੀ ਬਾਣੀ, ਜੋ ਗੁਰੂ ਸਾਹਿਬਾਨ ਦੀ ਰਚੀ ਬਾਣੀ ਦੇ ਸਿਧਾਂਤ ਨਾਲ ਮੇਲ ਖਾਂਦੀ ਸੀ; ਇਕੱਠੀ ਕਰਨ ਉਪਰੰਤ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਸ "ਆਦਿ ਗ੍ਰੰਥ" ਵਿੱਚ ਦਰਜ ਕਰਵਾਈ ਸੀ। ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਹੋਣ ਤੋਂ ਬਾਅਦ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਕਾਸ਼ ਕੀਤਾ ਅਤੇ ਬਾਬਾ ਬੁਢਾ ਜੀ ਪਹਿਲੇ ਗ੍ਰੰਥੀ ਥਾਪੇ ਗਏ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੇ ਵੱਡਾ ਕਾਰਨ ਆਦਿ ਗ੍ਰੰਥ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਸੀ, ਜੋ ਕਿ ਵਰਨ-ਆਸ਼ਰਮ, ਮਨੂੰਵਾਦ ਤੇ ਬ੍ਰਾਹਮਣਵਾਦ ਉੱਪਰ ਵੱਡਾ ਹਮਲਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਮਨੂੰਸਿਮਰਤੀਆਂ ਵਾਂਗ ਜਾਤ-ਪਾਤ ਨੂੰ ਪ੍ਰਵਾਨ ਨਹੀਂ ਕੀਤਾ ਤੇ ਨਾ ਹੀ ਬ੍ਰਹਮਾ ਦੇਵਤਾ ਨੂੰ ਪ੍ਰਵਾਨ ਕੀਤਾ ਹੈ। ਉਸ ਦੀ ਥਾਂ 'ਤੇ ਬ੍ਰਹਮ ਦਾ ਸੰਕਲਪ ਪ੍ਰਗਟਾਇਆ ਹੈ। ਜਦੋਂ ਗੁਰੂ ਸਾਹਿਬ ਬ੍ਰਹਮਾ ਨੂੰ ਰੱਦ ਕਰਦੇ ਹਨ ਤਾਂ ਇਸ ਦਾ ਅਰਥ ਹੈ ਕਿ ਉਹ ਬ੍ਰਹਮਾ ਦੇ ਮੂੰਹ ਵਿਚੋਂ ਬ੍ਰਾਹਮਣ, ਹੱਥਾਂ ਵਿਚੋਂ ਖੱਤਰੀ, ਪੇਟ ਵਿਚੋਂ ਵੈਸ਼ ਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਹੋਣ ਦੀ ਸਿਮਰਤੀਆਂ ਤੇ ਮਨੂੰਵਾਦ ਦੀ ਇਸ ਰਚਨਾ ਨੂੰ ਰੱਦ ਕਰਦੇ ਹਨ ਤੇ ਉਸ ਦੀ ਥਾਂ 'ਤੇ ਬ੍ਰਹਮ ਦਾ ਸੰਕਲਪ ਪੇਸ਼ ਕਰਦੇ ਹਨ, ਜਿੱਥੇ ਜਾਤ-ਪਾਤ, ਨਸਲਵਾਦ ਦੀ ਕੋਈ ਥਾਂ ਨਹੀਂ ਹੈ। ਜਾਤੀਵਾਦ ਤੇ ਕਰਮਕਾਂਡਾਂ ਅਤੇ ਭ੍ਰਿਸ਼ਟ ਸਟੇਟ ਦਾ ਵਿਰੋਧ ਹੀ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਬਣਿਆ। ਗੁਰੂ ਸਾਹਿਬ ਨੇ ਕਾਹਨੇ ਭਗਤ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਸੀ ਕੀਤੀ, ਕਿਉਂਕਿ ਉਹ ਗੁਰੂਆਂ ਦੀ ਵਿਚਾਰਧਾਰਾ ਦੇ ਉਲਟ ਮਨੂੰਸਿਮਰਤੀਆਂ ਦਾ ਪਰਨਾਇਆ ਸਰਗੁਣਵਾਦੀ ਸਾਧ ਸੀ, ਜਿਸ ਦਾ ਸਬੰਧ ਚੰਦੂ ਸ਼ਾਹ ਨਾਲ ਸੀ, ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜ਼ਿੰਮੇਵਾਰ ਬਣਿਆ।

1598 ਈ. ਵਿੱਚ ਬ੍ਰਾਹਮਣਵਾਦ ਤੇ ਦੇਵਤਿਆਂ ਅਤੇ ਕੱਟੜਵਾਦੀ ਮੌਲਾਨਿਆਂ ਨੇ ਇੱਕ ਸਾਂਝੀ ਜੁੰਡਲੀ ਬਣਾ ਕੇ ਗੁਰੂ ਘਰ ਦਾ ਵਿਰੋਧ ਸਿੱਧੇ ਜਾਂ ਅਸਿੱਧੇ ਢੰਗ ਵਰਤ ਕੇ ਖੁੱਲ੍ਹੇ ਆਮ ਕਰਨਾ ਸ਼ੁਰੂ ਕਰ ਦਿੱਤਾ। ਪਰ ਬਾਦਸ਼ਾਹ ਅਕਬਰ ਦੀ ਨਿਰਪੱਖ ਨੀਤੀ ਤੇ ਫਿਰਾਕ ਦਿਲੀ ਦੇ ਸਾਹਮਣੇ ਇਹ ਕੱਟੜਵਾਦੀ ਟਿਕ ਨਾ ਸਕੇ। ਇਸ ਮੌਲਾਣਾਵਾਦ ਦਾ ਸਰਪ੍ਰਸਤ ਨਕਸ਼ਬੰਦੀ ਆਗੂ ਸ਼ੇਖ ਅਹਿਮਦ ਸਰਹੰਦੀ ਸੀ।

ਦੂਜਾ ਸ਼ੇਖ ਫਰੀਦ ਬੁਖਾਰੀ ਸਨ, ਜਿਨ੍ਹਾਂ ਨੂੰ ਬਾਦਸ਼ਾਹ ਵੱਲੋਂ ਮੁਰਤਜਾ ਖਾਂ (ਖੁਸ਼ੀ ਦਾ ਖਜ਼ਾਨਾ) ਦੀ ਉਪਾਧੀ ਹਾਸਲ ਸੀ। ਸਖੀ ਸਰਵਰੀਏ ਵੀ ਸਿੱਖ-ਸਿਧਾਂਤਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਾ ਹੋਣ ਕਾਰਨ ਆਪਣੀ ਰੋਜ਼ੀ ਰੋਟੀ ਦੇ ਫਿਕਰ ਵਿੱਚ ਹੀ ਗੁਰੂ ਘਰ ਦੇ ਵਿਰੋਧੀ ਬਣ ਬੈਠੇ। ਪ੍ਰਿਥੀ ਚੰਦ ਵੀ ਇਸ ਵਿਚ ਸ਼ਾਮਲ ਸੀ, ਜਿਸ ਨੇ ਗੁਰਗੱਦੀ ਦੀ ਲਾਲਸਾ ਅਧੀਨ ਕਮੀਨਗੀ ਦੀ ਹੱਦ ਤੱਕ ਜਾ ਕੇ ਗੁਰੂ ਜੀ ਅਤੇ ਇਨ੍ਹਾਂ ਦੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੀਵਨ ਭਰ ਵੈਰ ਕਮਾਇਆ ਅਤੇ ਸੁਲਹੀ ਖਾਂ ਤੇ ਇਸ ਦੇ ਭਤੀਜੇ ਸੁਲਬੀ ਖਾਨ ਨੂੰ ਹਮਲਾ ਕਰਨ ਲਈ ਉਕਸਾਇਆ, ਪਰ ਇਹ ਦੋਨੋਂ ਹੀ ਅਣਹੋਣੀ ਮੌਤ ਮਰ ਗਏ। ਇਸੇ ਲਈ ਭਾਈ ਗੁਰਦਾਸ ਜੀ ਨੇ ਪ੍ਰਿਥੀ ਚੰਦ ਨੂੰ ਮੀਣਾ (ਕਪਟੀ) ਲਿਖਿਆ ਹੈ। ਚੰਦੂਸ਼ਾਹ ਖੱਤਰੀ ਸ਼ਾਹੀ ਦਰਬਾਰ ਵਿੱਚ ਦੀਵਾਨ ਸੀ, ਨੇ ਵੀ ਹੰਕਾਰੀ ਤੇ ਨੀਚ ਬਿਰਤੀ ਦਾ ਪ੍ਰਗਟਾਵਾ ਕਰਦਿਆਂ ਗੁਰੂ ਜੀ ਵੱਲੋਂ ਇਸ ਦੀ ਲੜਕੀ ਦਾ ਰਿਸ਼ਤਾ ਆਪਣੇ ਪੁੱਤਰ ਵਾਸਤੇ ਨਾ ਲੈਣ ਕਾਰਨ ਗੁਰੂ ਜੀ ਨੂੰ ਕਸ਼ਟ ਦੇ ਕੇ ਆਪਣਾ ਵੈਰ ਕਮਾਇਆ।

ਅਕਬਰ ਬਾਦਸ਼ਾਹ ਦੀ 17 ਅਕਤੂਬਰ 1605 ਈ. ਨੂੰ ਹੋਈ ਮੌਤ ਤੋਂ ਬਾਅਦ 27 ਅਕਤੂਬਰ ਨੂੰ ਜਹਾਂਗੀਰ ਨੇ ਰਾਜਗੱਦੀ ਉਪਰ ਬੈਠਦਿਆਂ ਹੀ ਅਕਬਰ ਦੀ ਮਾਨਵਵਾਦੀ ਨਿਰਪੱਖ ਸੋਚ ਨੂੰ ਤਿਲਾਂਜਲੀ ਦੇ ਦਿੱਤੀ। ਜਹਾਂਗੀਰ ਸਿੱਖ ਧਰਮ ਦੇ ਹੋ ਰਹੇ ਵਿਕਾਸ ਨੂੰ ਕੁਫਰ (ਝੂਠ) ਦੀ ਦੁਕਾਨ ਹੀ ਮੰਨਦਾ ਸੀ ਤੇ ਇਸ ਨੂੰ ਖਤਮ ਕਰਨ ਜਾਂ ਇਸਲਾਮ ਦੇ ਘੇਰੇ ਵਿੱਚ ਹੀ ਲਿਆਉਣਾ ਚਾਹੁੰਦਾ ਸੀ। ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਢੇ ਗੋਇੰਦਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ, ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚੱਲ ਰਹੀ ਸੀ, ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ ਗੁਰੂ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਇਨ੍ਹਾਂ ਦਿਨਾਂ ਵਿਚ ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ ਗੁਰੂ ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਉਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸ ਦਾ ਪਤਾ ਲੱਗਾ ਤਾਂ ਮੈਂ ਹੁਕਮ ਕੀਤਾ ਕਿ ਇਸ ਗੁਰੂ ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਅਤੇ ਮਾਲ

**ਬਾਕੀ ਸਫ਼ਾ 31 'ਤੇ**

# ਸਮਾਜ ਭਲਾਈ ਹਿੱਤ ਗੁਰਦੁਆਰਾ ਸੰਸਥਾ ਦੀ ਧਾਰਮਿਕ-ਸਮਾਜਿਕ ਭੂਮਿਕਾ

**ਭਾਈ ਹਰਿਸਿਮਰਨ ਸਿੰਘ**

ਗੁਰਦੁਆਰਾ ਸਿੱਖ ਧਰਮ, ਪੰਥ ਅਤੇ ਸਮਾਜ ਦਾ ਕੇਵਲ ਇਕ ਧਰਮ ਸਥਾਨ ਹੀ ਨਹੀਂ, ਸਗੋਂ ਇਹ ਸਮੁੱਚੇ ਸਿੱਖੀ ਜੀਵਨ ਅਤੇ ਸਮਾਜਿਕ-ਮਨੁੱਖੀ ਸਰੋਕਾਰਾਂ ਦਾ ਕੇਂਦਰੀ ਧੁਰਾ ਹੈ।



ਸਿੱਖੀ ਜੀਵਨ ਜੀਊਣ ਦੀ ਮੁੱਢਲੀ ਪ੍ਰੇਰਨਾ ਅਤੇ ਦਿਸ਼ਾ ਗੁਰਦੁਆਰਾ ਸਥਾਨ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲਦੀ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਸਥਾਪਿਤ ਹੋਈਆਂ ਸੰਗਤਾਂ ਤੋਂ ਲੈ ਕੇ ਵਰਤਮਾਨ ਤੱਕ ਗੁਰਦੁਆਰਾ ਸੰਸਥਾ ਨੇ ਇਕ ਵੱਡਾ ਗੁਣਾਤਮਕ ਤੇ ਗਿਣਾਤਮਕ ਸਫ਼ਰ ਤੈਅ ਕਰ ਲਿਆ ਹੈ। ਅਜੋਕੇ ਸਮੇਂ ਅਤੇ ਭਵਿੱਖ ਵਿਚ ਇਸ ਸੰਸਥਾ ਨੇ ਪੰਥਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਜੋ ਨਵੀਂ ਧਾਰਮਿਕ-ਸਮਾਜਿਕ ਭੂਮਿਕਾ ਨਿਭਾਉਣੀ ਹੈ, ਇਸ ਬਾਰੇ ਕੀਤੇ ਜਾਣ ਵਾਲੇ ਕਾਰਜਾਂ ਦੀ ਇਕ ਰੂਪ-ਰੇਖਾ ਤਿਆਰ ਕੀਤੀ ਜਾਣੀ ਜ਼ਰੂਰੀ ਹੋ ਗਈ ਹੈ।

ਪੰਜਾਬ ਤੋਂ ਲੈ ਕੇ ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਵਿਸ਼ਵ ਦੇ ਸਿੱਖ ਵੱਸੋਂ ਵਾਲੇ ਖੇਤਰਾਂ ਵਿਚ ਇਤਿਹਾਸਕ, ਸਿੰਘ ਸਭਾ ਅਤੇ ਹੋਰ ਗੁਰਦੁਆਰੇ ਵੱਡੀ ਗਿਣਤੀ ਵਿਚ ਉਸਾਰ ਲਏ ਗਏ ਹਨ। ਭਾਵੇਂ ਇਹ ਗੁਰਦੁਆਰਾ ਕੇਂਦਰ ਸਿੱਖ ਸੰਗਤਾਂ ਦੀ ਸਹੂਲਤ ਲਈ ਤਿਆਰ ਕੀਤੇ ਗਏ ਹਨ ਪਰ ਅਕਸਰ ਜਿਨ੍ਹਾਂ ਵਿਰੋਧ ਭਾਵਨਾਵਾਂ ਨਾਲ ਇਹ ਗੁਰਦੁਆਰੇ ਜਾਂ ਪ੍ਰਬੰਧਕਾਂ ਵਿਚ ਮਨ-ਮੁਟਾਵ ਦਾ ਕਾਰਨ ਬਣਾਏ ਜਾ ਰਹੇ ਹਨ, ਉਸ ਨਾਲ ਸਿੱਖ ਸਮਾਜ ਵਿਚ ਟੁੱਟ-ਭੱਜ ਅਤੇ ਮਤਭੇਦ ਆਦਿ ਵੀ ਵਧ ਰਹੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸੰਸਥਾਵਾਂ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿਚ ਗੈਰ-ਸਿਧਾਂਤਿਕ ਜਾਤ-ਪਾਤੀ ਵੰਡ ਦੇ ਆਧਾਰ 'ਤੇ ਉਸਰੇ ਗੁਰਦੁਆਰਿਆਂ ਦਾ ਏਕੀਕਰਣ ਕਰਨ ਬਾਰੇ ਸਮੇਂ-ਸਮੇਂ ਉਤੇ ਯਤਨ ਕੀਤੇ ਜਾਂਦੇ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ "ਇਕ ਪਿੰਡ ਇਕ ਗੁਰਦੁਆਰਾ" ਸਬੰਧੀ ਚਲਾਈ ਗਈ ਮੁਹਿੰਮ ਇਕ ਸਵਾਗਤਯੋਗ ਕਦਮ ਹੈ, ਜਿਸ ਦਾ ਭਵਿੱਖ ਵਿਚ ਸਿੱਖ ਸੰਗਤਾਂ ਵੱਲੋਂ ਚੰਗਾ ਹੁੰਗਾਰਾ ਮਿਲਣ ਦੀ ਆਸ ਹੈ। ਪਿੰਡਾਂ ਜਾਂ ਸ਼ਹਿਰਾਂ ਵਿਚ ਜਿਹੜੀਆਂ ਗੁਰਦੁਆਰਾ ਇਮਾਰਤਾਂ ਆਮ ਇਮਾਰਤਾਂ ਵਿਚ ਤਬਦੀਲ ਹੋ ਜਾਣਗੀਆਂ, ਉਨ੍ਹਾਂ ਨੂੰ ਸਮਾਜ ਭਲਾਈ ਹਿੱਤ ਕਿਵੇਂ ਵਰਤਿਆ ਜਾਣਾ ਹੈ, ਸਾਡੇ ਸਾਹਮਣੇ ਇਹ ਇਕ ਵੱਡਾ ਮੁੱਦਾ ਹੈ।

ਦੂਸਰਾ, ਜੇਕਰ ਇਸ ਮੁਹਿੰਮ ਨੂੰ ਲੋੜੀਂਦਾ ਹੁੰਗਾਰਾ ਨਹੀਂ ਮਿਲਦਾ, ਤਾਂ ਗੁਰਦੁਆਰਾ ਕੇਂਦਰ ਦੀ ਪ੍ਰੀਭਾਸ਼ਾ ਅਨੁਸਾਰ ਇਕ ਪਿੰਡ ਜਾਂ ਕੁਝ ਪਿੰਡਾਂ ਦੇ ਕਲੱਸਟਰ ਸਮੂਹਾਂ ਵਿਚ ਸਥਿਤ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਆਪਸੀ ਤਾਲਮੇਲ ਨਾਲ ਧਾਰਮਿਕ ਸਰਗਰਮੀਆਂ ਦੇ ਨਾਲ-ਨਾਲ ਸਮਾਜ ਦੀ ਭਲਾਈ ਹਿੱਤ ਹੋਰ ਕਿਹੜੇ-ਕਿਹੜੇ ਕਾਰਜ ਕਰ ਸਕਦੇ ਹਨ, ਸਾਡੇ ਸਾਹਮਣੇ ਇਹ ਇਕ ਹੋਰ ਮਹੱਤਵਪੂਰਨ ਮੁੱਦਾ ਹੈ।

ਗੁਰਦੁਆਰਾ ਇਮਾਰਤਾਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਅਤੇ ਸਮਾਜ ਭਲਾਈ ਲਈ ਵਰਤੇ ਜਾਣ ਨਾਲ ਸਿੱਖ ਪੰਥ ਦਾ ਉੱਜਵਲ ਭਵਿੱਖ ਸਿਰਜਣ ਦੀ ਨਾ ਕੇਵਲ ਨਵੀਂ ਸ਼ੁਰੂਆਤ ਹੋ ਸਕੇਗੀ, ਸਗੋਂ ਸਿੱਖ ਪੰਥ ਵਿਸ਼ਵ ਪੱਧਰ ਦੀਆਂ ਹੋਰ ਵੱਡੀਆਂ ਪ੍ਰਾਪਤੀਆਂ ਵੀ ਕਰ ਸਕੇਗਾ। ਇਸ ਸਬੰਧੀ ਅਸੀਂ ਗੁਰਦੁਆਰਾ ਕੇਂਦਰਾਂ ਦੀ ਨਵੀਂ ਧਾਰਮਿਕ-ਸਮਾਜਿਕ ਭੂਮਿਕਾ ਅਤੇ ਸੁਧਾਰਵਾਦੀ ਕਾਰਜਾਂ ਹਿੱਤ ਕੁਝ ਸੁਝਾਅ ਦੇ ਰਹੇ ਹਾਂ, ਜਿਸ ਨਾਲ ਪੰਥ ਵਿਚ ਨਵੀਂ ਲੋਕ ਭਲਾਈ ਲਹਿਰ ਦੀ ਸ਼ੁਰੂਆਤ ਹੋ ਸਕਦੀ ਹੈ।

ਆਰਥਿਕ ਤੌਰ 'ਤੇ ਖੁਸ਼ਹਾਲ ਅਤੇ ਬੁਨਿਆਦੀ ਢਾਂਚੇ ਵਿਚ ਮਜ਼ਬੂਤ ਇਕ ਪਿੰਡ ਤੋਂ ਲੈ ਕੇ ਵੱਡੇ ਸ਼ਹਿਰਾਂ ਵਿਚ ਸਥਿਤ ਗੁਰਦੁਆਰਾ ਕੇਂਦਰ ਆਪਣੇ ਤੌਰ 'ਤੇ ਜਾਂ ਕੁਝ ਗੁਰਦੁਆਰਿਆਂ ਦੀ ਤਾਲਮੇਲ ਕਮੇਟੀ ਬਣਾ ਕੇ ਜਾਂ ਪਹਿਲਾਂ ਹੀ ਬਣੀਆਂ ਤਾਲਮੇਲ ਕਮੇਟੀਆਂ ਸਮਾਜ ਭਲਾਈ ਦੇ ਕਾਰਜਾਂ ਨੂੰ ਅਮਲੀ ਰੂਪ ਦੇਣ ਲਈ ਕਿਸੇ ਇਕ ਜਾਂ ਇਕ ਤੋਂ ਵਧੇਰੇ ਗੁਰਦੁਆਰਿਆਂ ਨੂੰ ਅਜਿਹਾ ਕੇਂਦਰ ਬਣਾਉਣ;

ਗੁਰਦੁਆਰਾ ਕੇਂਦਰ ਵਿਚ ਇਕ ਵਿਸ਼ੇਸ਼ ਮਿਆਰ ਦੀ ਕਾਰਜਸ਼ੀਲ ਲਾਇਬ੍ਰੇਰੀ ਸਥਾਪਿਤ ਕੀਤੀ ਜਾਵੇ, ਜਿਸ ਵਿਚ ਧਾਰਮਿਕ-ਬੌਧਿਕ ਗਿਆਨ ਪੁਸਤਕਾਂ ਤੇ ਹੋਰ ਲਿਟਰੇਚਰ ਆਦਿ ਰੱਖਿਆ ਜਾਵੇ। ਲਾਇਬ੍ਰੇਰੀ ਦੀ ਮੈਂਬਰਸ਼ਿਪ ਸਮਾਜ ਦੇ ਸਾਰੇ ਵਰਗਾਂ ਲਈ ਖੁੱਲ੍ਹੀ ਰੱਖੀ ਜਾਵੇ;

ਸਿੱਖਿਅਤ ਗ੍ਰੰਥੀ ਸਿੰਘ ਜਾਂ ਹੋਰ ਕਿਸੇ ਸਵੈ-ਸੇਵੀ ਧਾਰਮਿਕ ਸ਼ਖ਼ਸੀਅਤ ਸਬੰਧਿਤ ਇਲਾਕੇ ਦੇ ਬੱਚਿਆਂ, ਬੀਬੀਆਂ, ਨੌਜਵਾਨਾਂ ਅਤੇ ਬਜ਼ੁਰਗਾਂ ਆਦਿ ਨੂੰ ਉਨ੍ਹਾਂ ਦੇ ਵਿੱਦਿਅਕ ਤੇ ਬੌਧਿਕ ਮਿਆਰ ਦੇ ਅਨੁਸਾਰ ਧਾਰਮਿਕ-ਨੈਤਿਕ ਵਿਦਿਆ ਅਤੇ ਉੱਚ ਜੀਵਨ ਜਾਚ ਸਿਰਜਣ ਸਬੰਧੀ ਸਿੱਖਿਆ ਦੇਣ;

ਸਬੰਧਿਤ ਇਲਾਕੇ ਦੇ ਵਿਅਕਤੀਆਂ, ਬੀਬੀਆਂ ਅਤੇ ਬੱਚਿਆਂ ਆਦਿ ਨੂੰ ਸ਼ੁੱਧ ਬਾਣੀ ਉਚਾਰਨ, ਕੀਰਤਨ ਸਿਖਲਾਈ ਤੇ ਇਤਿਹਾਸ ਦੀ ਜਾਣਕਾਰੀ ਆਦਿ ਦੇਣ ਲਈ ਸਿੱਖਿਅਤ ਧਾਰਮਿਕ ਅਧਿਆਪਕ ਇਸ ਕੇਂਦਰ ਵਿਚ ਰੱਖੇ ਜਾਣ;

ਸਬੰਧਿਤ ਕੇਂਦਰ ਅਤੇ ਇਸ ਦੇ ਪ੍ਰਬੰਧਕਾਂ ਵੱਲੋਂ ਸਿੱਖ ਵਿਦਵਾਨਾਂ ਦੀ ਮਦਦ ਨਾਲ ਛੋਟੀਆਂ ਪੁਸਤਕਾਂ ਤੇ ਹੋਰ ਪੈਂਫਲਿਟ ਲਿਟਰੇਚਰ ਆਦਿ ਦੀ ਛਪਾਈ ਕਰਾ ਕੇ ਇਲਾਕੇ ਵਿਚ ਮੁਫਤ ਵੰਡਿਆ ਜਾਵੇ। ਕੇਂਦਰ ਵੱਲੋਂ ਆਦਰਸ਼ਕ ਮਨੁੱਖ ਦੀ ਸਿਰਜਣਾ, ਸਮਾਜਿਕ ਬੁਰਾਈਆਂ, ਨਸ਼ਿਆਂ, ਵਹਿਮਾਂ-ਭਰਮਾਂ, ਜਾਤ-ਪਾਤ, ਉਚ-ਨੀਚ ਆਦਿ ਬਾਰੇ ਗੁਰਮਤਿ ਦਾ ਸੁਨੇਹਾ ਦੇਣ ਨੂੰ ਤਰਜੀਹ ਦਿੱਤੀ ਜਾਵੇ;

ਕੇਂਦਰ ਦੇ ਪ੍ਰਬੰਧਕਾਂ ਵੱਲੋਂ ਗੁਰਮਤਿ ਗਿਆਨ, ਨੈਤਿਕ ਸਿੱਖਿਆ, ਅਤੇ ਧਾਰਮਿਕ ਸਰਗਰਮੀਆਂ ਨੂੰ ਉਤਸ਼ਾਹਿਤ ਕਰਨ ਲਈ ਸਬੰਧਿਤ ਖੇਤਰ ਦੇ ਹਰ ਉਮਰ ਦੇ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਕੁਇਜ਼ ਮੁਕਾਬਲੇ , ਭਾਸ਼ਣ ਪ੍ਰਤੀਯੋਗਤਾਵਾਂ, ਕੀਰਤਨ ਕਰਨ ਦੇ ਮੁਕਾਬਲੇ, ਦਸਤਾਰਬੰਦੀ ਤੇ ਲੇਖਣੀ ਆਦਿ ਦੇ ਮੁਕਾਬਲਿਆਂ ਸਮੇਤ ਹਰ ਸੰਭਵ ਸਰਗਰਮੀ ਕੀਤੀ ਜਾਵੇ, ਜਿਸ ਨਾਲ ਸਿੱਖ ਧਰਮ ਅਤੇ ਜੀਵਨ ਜਾਚ ਦਾ ਪ੍ਰਸਾਰ ਅਤੇ ਆਦਰਸ਼ਕ ਸ਼ਖ਼ਸੀਅਤ ਦਾ ਨਿਰਮਾਣ ਯਕੀਨੀ ਬਣ ਸਕੇ;



ਧਰਤੀ ਅਤੇ ਵਾਤਾਵਰਣ ਦੇ ਗਰਮ ਹੋ ਰਹੇ ਰੁਝਾਨ ਨੂੰ ਰੋਕਣ ਅਤੇ ਵਾਤਾਵਰਣ ਸੰਭਾਲ ਲਈ ਗੁਰਦੁਆਰਾ ਕੇਂਦਰਾਂ ਦੇ ਅੰਦਰ ਅਤੇ ਬਾਹਰ ਹਰ ਢੁਕਵੇਂ ਸਥਾਨ ਉੱਤੇ ਫਲਦਾਰ, ਫੁੱਲਦਾਰ, ਛਾਂਦਾਰ ਅਤੇ ਹਰਬਲ ਦਵਾਈਆਂ ਆਦਿ ਨਾਲ ਸਬੰਧਿਤ ਬੂਟੇ ਲਗਾਏ ਜਾਣ ਅਤੇ ਉਨ੍ਹਾਂ ਦੀ ਲਗਾਤਾਰ ਸੰਭਾਲ ਕੀਤੀ ਜਾਵੇ;

ਸਬੰਧਿਤ ਕੇਂਦਰ ਨਾਲ ਜੁੜੇ ਹੋਏ ਇਲਾਕੇ ਵਿਚ ਸਥਿਤ ਸਰਕਾਰੀ ਤੇ ਗੈਰ-ਸਰਕਾਰੀ ਸਕੂਲਾਂ ਵਿਚ ਪੜ੍ਹਦੇ, ਵਿਸ਼ੇਸ਼ ਕਰਕੇ ਸਕੂਲੀ ਪੜ੍ਹਾਈ ਵਿਚ ਕਮਜ਼ੋਰ ਬੱਚੇ-ਬੱਚੀਆਂ ਨੂੰ ਵੱਖ-ਵੱਖ ਵਿਸ਼ਿਆਂ ਦੇ ਮਾਹਿਰ ਅਧਿਆਪਕ, ਰਿਟਾਇਰਡ ਜਾਂ ਸਵੈ-ਸੇਵੀ ਅਧਿਆਪਕ ਰੋਜ਼ਾਨਾ ਸ਼ਾਮ ਨੂੰ ਲੋੜੀਂਦੇ ਸਮੇਂ ਲਈ ਸਕੂਲੀ ਪੜ੍ਹਾਈ ਕਰਵਾਉਣ। ਚੰਗਾ ਹੋਵੇ ਜੇਕਰ ਇਸ ਅਧਿਆਪਨ ਕਾਰਜ ਲਈ ਬੇਰੁਜ਼ਗਾਰ ਅਧਿਆਪਕਾਂ ਨੂੰ ਪਹਿਲ ਦਿੱਤੀ ਜਾਵੇ।

ਇਨ੍ਹਾਂ ਕੇਂਦਰਾਂ ਵਿਚ ਕੁਸ਼ਲ ਅਧਿਆਪਕਾਂ ਦੀ ਅਗਵਾਈ ਹੇਠ ਕੰਪਿਊਟਰ ਅਤੇ ਇਲੈਕਟ੍ਰਾਨਿਕ ਮੀਡੀਆ ਆਦਿ ਵਿਸ਼ਿਆਂ ਦੀ ਪੜ੍ਹਾਈ ਅਤੇ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ। ਕਮੇਟੀਆਂ ਦੀ ਆਰਥਿਕ ਸਮਰੱਥਾ ਅਨੁਸਾਰ ਅਤੇ ਯੋਗ ਅਧਿਆਪਕਾਂ ਦੀ ਨਿਗਰਾਨੀ ਹੇਠ ਕੰਪਿਊਟਰੀਕਰਨ ਨਾਲ ਸਬੰਧਿਤ ਕੋਰਸ ਵੀ ਕਰਵਾਏ ਜਾਣ;

ਇਨ੍ਹਾਂ ਕੇਂਦਰਾਂ ਵਿਚ ਇਲਾਕੇ ਦੇ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਲੋਕਾਂ, ਵਿਸ਼ੇਸ਼ ਕਰਕੇ ਘਰੇਲੂ ਬੀਬੀਆਂ ਅਤੇ ਨੌਜਵਾਨਾਂ ਨੂੰ ਸਿੱਖਿਆ ਦੇਣ ਦੇ ਪ੍ਰਬੰਧ ਕੀਤੇ ਜਾਣ।

ਗਰੀਬ ਅਤੇ ਲੋੜਵੰਦ ਬੱਚਿਆਂ ਦੀਆਂ ਫੀਸਾਂ, ਸਕੂਲ ਵਰਦੀਆਂ ਅਤੇ ਕਿਤਾਬਾਂ ਆਦਿ ਦਾ ਪ੍ਰਬੰਧ ਵੀ ਕੀਤਾ ਜਾਵੇ, ਵਿਦਿਅਕ ਕਾਰਜ ਕਰਦਿਆਂ ਬੱਚਿਆਂ ਨੂੰ ਪੰਜਾਬੀ ਜ਼ੁਬਾਨ ਵਿਚ ਪ੍ਰਪੱਕ ਤੇ ਪੰਜਾਬੀ ਸਾਹਿਤ ਸਰਗਰਮੀਆਂ ਵਿਚ ਕੁਸ਼ਲ ਬਣਾ ਕੇ ਨਵੇਂ ਕਵੀਆਂ, ਬੁਲਾਰਿਆਂ ਅਤੇ ਲਿਖਾਰੀਆਂ ਆਦਿ ਦੀ ਸਿਰਜਣਾ ਪ੍ਰਥਾਇ ਯਤਨ ਕੀਤੇ ਜਾਣ;

ਗੁਰਦੁਆਰਾ ਸੰਸਥਾ ਆਧਾਰਿਤ ਇਹ ਕੇਂਦਰ ਆਪਣੇ ਇਲਾਕੇ ਦੇ ਬੱਚਿਆਂ, ਬਜ਼ੁਰਗਾਂ, ਬੀਬੀਆਂ ਅਤੇ ਹੋਰ ਲੋੜਵੰਦਾਂ ਦੀ ਸਿਹਤ ਸੰਭਾਲ ਕਰਨ ਅਤੇ ਰੋਗ ਨਵਿਰਤੀ ਆਦਿ ਕਰਨ ਲਈ ਆਪਣੇ ਕੇਂਦਰ ਵਿਚ ਉੱਚ ਪੱਧਰ ਦੀ ਐਲੋਪੈਥਿਕ/ਆਯੁਰਵੈਦਿਕ ਡਿਸਪੈਂਸਰੀ ਅਤੇ ਬਦਲਵੀਆਂ ਮੈਡੀਸਨ ਸਹੂਲਤਾਂ ਦਾ ਪ੍ਰਬੰਧ ਕਰਨਗੇ, ਜਿਸ ਲਈ ਇਲਾਕੇ ਦਾ ਕੋਈ ਯੋਗ ਡਾਕਟਰ ਸਵੇਰੇ ਸ਼ਾਮ ਸੇਵਾ ਨਿਭਾ ਸਕਦਾ ਹੈ;

ਇਹ ਕੇਂਦਰ ਸਿੱਖ ਪਰੰਪਰਾ ਨਾਲ ਜੁੜੀਆਂ ਹੋਈਆਂ ਪਰੰਪਰਿਕ ਖੇਡਾਂ ਕਬੱਡੀ, ਪਹਿਲਵਾਨੀ, ਐਥਲੈਟਿਕਸ, ਹਾਕੀ, ਫੁੱਟਬਾਲ, ਘੋੜ ਸਵਾਰੀ, ਗਤਕਾ ਅਤੇ ਕਰਾਟੇ ਆਦਿ ਖੇਡਾਂ ਵਿਚ ਲੜਕੇ-ਲੜਕੀਆਂ ਨੂੰ ਸਿਖਲਾਈ ਦੇਣ ਅਤੇ ਆਪਸੀ ਮੁਕਾਬਲੇ ਕਰਵਾਉਣ ਦਾ ਵੀ ਪ੍ਰਬੰਧ ਕਰਨ ਅਤੇ ਜਿਮ ਆਦਿ ਖੋਲ੍ਹਣ;

ਇਹ ਕੇਂਦਰ ਇਲਾਕੇ ਦੇ ਨੌਜਵਾਨ ਗੁਰਸਿੱਖ ਘਰਾਂ ਅਤੇ ਹੋਰ ਲੋਕਾਂ ਦੇ ਆਰਥਿਕ ਸੋਮਿਆਂ ਤੋਂ ਪੈਦਾ ਹੋਈ ਕਮਾਈ 'ਚੋਂ ਦਿੱਤੇ ਜਾਣ ਵਾਲੇ ਦਸਵੰਧ/ਮਾਇਆ ਨੂੰ ਇਕ ਜਗ੍ਹਾ ਕੇਂਦਰਿਤ ਕਰਕੇ ਇਲਾਕੇ ਦੇ ਲੋੜਵੰਦ ਪਰਿਵਾਰਾਂ ਤੇ ਵਿਅਕਤੀਆਂ ਦੀਆਂ ਆਰਥਿਕ ਮੁਸ਼ਕਲਾਂ ਤੇ ਹੋਰ ਸਮੱਸਿਆਵਾਂ ਨੂੰ ਵੀ ਹੱਲ ਕਰਨ। ਬੇਰੁਜ਼ਗਾਰਾਂ ਲਈ ਰੁਜ਼ਗਾਰ ਅਤੇ ਲੋਕਾਂ ਦੀਆਂ ਜਾਇਜ਼ ਆਰਥਿਕ ਲੋੜਾਂ ਦੀ ਪੂਰਤੀ ਲਈ ਇਹ ਕੇਂਦਰ ਹਰ ਸੰਭਵ ਯਤਨ ਕਰੇ। ਗਰੀਬ ਬੱਚੇ-ਬੱਚੀਆਂ ਦੀ ਸ਼ਾਦੀ ਅਤੇ ਹੋਰ ਲੋੜਵੰਦਾਂ ਦੇ ਰਹਿਣ-ਸਹਿਣ ਲਈ ਮਕਾਨ ਆਦਿ ਬਣਾਉਣ ਦਾ ਸਮਰੱਥ ਕਮੇਟੀਆਂ ਅਤੇ ਕੇਂਦਰ ਯਤਨ ਕਰਨ।

ਗੁਰਦੁਆਰਾ ਕੇਂਦਰਾਂ ਦੇ ਸਮਾਜ ਭਲਾਈ ਸੇਵਾਵਾਂ ਸਬੰਧੀ ਇਨ੍ਹਾਂ ਸੁਝਾਵਾਂ ਬਾਰੇ ਪੰਥ ਨੂੰ ਵਿਚਾਰ ਕਰਨ ਦੀ ਅਪੀਲ ਕੀਤੀ ਜਾਂਦੀ ਹੈ।

ਮੁਖੀ, ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼, ਅਨੰਦਪੁਰ ਸਾਹਿਬ। ਮੋ. 9872591713

# ਖੋਜੀ ਸਿੱਖ ਤੇ ਪੰਜਾਬੀ ਸਾਹਿਤਕਾਰ ਪ੍ਰੋ. ਪਿਆਰਾ ਸਿੰਘ ਪਦਮ

**ਡਾ. ਪਰਮਵੀਰ ਸਿੰਘ**

ਪ੍ਰੋ. ਪਿਆਰਾ ਸਿੰਘ ਪਦਮ ਸਿੱਖ ਧਰਮ ਅਤੇ ਪੰਜਾਬੀ ਸਹਿਤ ਦੇ ਉੱਘੇ ਖੋਜੀ ਵਿਦਵਾਨ ਸਨ। ਪ੍ਰੋ. ਪਦਮ ਦੁਆਰਾ ਕੀਤੀ ਗਈ ਖੋਜ



ਸਿੱਖ ਧਰਮ ਤੇ ਇਤਿਹਾਸ ਦੇ ਨੁਕਤਿਆਂ ਤੋਂ ਮਹੱਤਵਪੂਰਨ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭਿੰਨ-ਭਿੰਨ ਪੱਖਾਂ ਤੋ ਸਮਝਣ ਅਤੇ ਵਿਚਾਰਨ ਲਈ ਜੋ ਖੋਜਾਂ ਸਿੱਖ ਸੰਗਤ ਅਤੇ ਵਿਦਵਾਨਾਂ ਸਾਹਮਣੇ ਰੱਖੀਆਂ ਹਨ ਉਹਨਾਂ ਵਿਚ ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਆਦਿ ਗ੍ਰੰਥ ਦਰਸ਼ਨ, ਗੁਰਬਾਣੀ ਕੋਸ਼, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਗੁਰੂ ਗ੍ਰੰਥ ਮਹਿਮਾ ਕੋਸ਼, ਗੁਰੂ ਗ੍ਰੰਥ ਰਤਨਾਵਲੀ ਆਦਿ ਪ੍ਰਮੁਖ ਹਨ। ਸਿੱਖ ਧਰਮ ਅਤੇ ਇਤਿਹਾਸ ਨੂੰ ਸਮਝਣ ਅਤੇ ਪਾਏ ਜਾਂਦੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਜਿਹੜੀਆਂ ਮੌਲਿਕ ਰਚਨਾਵਾਂ ਪ੍ਰੋ. ਪਦਮ ਨੇ ਪੇਸ਼ ਕੀਤੀਆਂ ਹਨ ਉਹਨਾਂ ਵਿਚ ਸਾਡੇ ਗੁਰਦੇਵ, ਸੰਖੇਪ ਸਿੱਖ ਇਤਿਹਾਸ, ਗੁਰੂ ਕੀਆਂ ਸਾਖੀਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਦਸਮ ਗ੍ਰੰਥ ਦਰਸ਼ਨ, ਗੋਬਿੰਦ ਸਾਗਰ, ਜ਼ਫ਼ਰਨਾਮਾ, ਪ੍ਰਾਚੀਨ ਸੌ ਸਾਖੀ, ਪਰਚੀ ਪਾਤਸ਼ਾਹੀ ਦਸਵੀਂ ਕੀ, ਰਹਿਤਨਾਮੇ ਆਦਿ ਖੋਜਾਂ ਰੱਖੀਆਂ ਜਾ ਸਕਦੀਆਂ ਹਨ।

ਜੇਕਰ ਇਹਨ੍ਹਾਂ ਦੁਆਰਾ ਆਪਣੀ ਮਾਂ-ਬੋਲੀ ਦੇ ਵਿਕਾਸ ਵਿਚ ਪਾਏ ਯੋਗਦਾਨ ਵੱਲ ਜ਼ਰਾ ਕੁ ਝਾਤ ਮਾਰੀਏ ਤਾਂ ਇਸ ਪਾਸੇ ਵੀ ਇਹਨ੍ਹਾਂ ਦੇ ਅਣਥੱਕ ਯਤਨਾਂ ਦੀ ਛਾਪ ਪ੍ਰਤੱਖ ਦਿਖਾਈ ਦਿੰਦੀ ਹੈ। ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਪੇਸ਼ ਕਰਦੀਆਂ ਇਹਨਾਂ ਦੀਆਂ ਰਚਨਾਵਾਂ ਵਿਚ ਪੰਜਾਬੀ ਬੋਲੀ ਦਾ ਇਤਿਹਾਸ, ਗੁਰਮੁਖੀ ਲਿਪੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ-ਰੇਖਾ, ਪੰਜਾਬੀ ਡਾਇਰੈਕਟਰੀ, ਪੰਜਾਬੀ ਵਾਰਾਂ, ਪੰਜਾਬੀ ਬਾਰਾਂ ਮਾਂਹ, ਪੰਜਾਬੀ ਸਾਂਝਾਂ, ਪੰਜਾਬੀ ਜੰਵਾਂ, ਪੰਜਾਬੀ ਝਗੜੇ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ, ਸਾਂਈ ਬੁੱਲੇਸ਼ਾਹ, ਬੋਲੈ ਸ਼ੇਖ਼ ਫ਼ਰੀਦ, ਵਾਰਸਸ਼ਾਹ, ਮਿਰਜ਼ੇ ਦੀਆਂ ਸੱਦਾਂ, ਪ੍ਰਾਚੀਨ ਪੰਜਾਬੀ ਗੱਦ, ਕਲਮ ਦੇ ਚਮਤਕਾਰ, ਕਲਮ ਦੇ ਧਨੀ,ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਲਾ ਆਦਿ ਦਾ ਨਾਂ ਲਿਆ ਜਾ ਸਕਦਾ ਹੈ।

ਉਪਰੋਕਤ ਰਚਨਾਵਾਂ ਤੋਂ ਇਹ ਗੱਲ ਸਾਹਮਣੇ ਆਉਦੀ ਹੈ ਕਿ ਪ੍ਰੋ. ਪਦਮ ਨੇ ਪੰਜਾਬੀ ਸਾਹਿਤ ਦੇ ਨਾਲ-ਨਾਲ ਸਿੱਖ ਧਰਮ ਅਤੇ ਇਤਿਹਾਸ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਇਆ ਹੈ। ਪੰਜਾਬੀ ਸਾਹਿਤ ਦੀ ਖੋਜ ਕਰਦਿਆਂ ਇਹਨਾਂ ਨੇ ਆਪਣੀ ਮਾਂ-ਬੋਲੀ ਪ੍ਰਤੀ ਸੇਵਾ ਨੂੰ ਮੁੱਖ ਰੱਖ ਕੇ ਕੰਮ ਕੀਤਾ, ਇਸ ਦੇ ਨਾਲ ਹੀ ਅਸਿੱਧੇ ਤਰੀਕੇ ਨਾਲ ਉਨ੍ਹਾਂ ਲੋਕਾਂ ਨੂੰ ਵੰਗਾਰ ਪਾਈ ਜਿਹੜੇ ਮਾਂ-ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਝੰਡਾ ਤਾਂ ਚੁਕੀ ਫਿਰਦੇ ਹਨ, ਪਰ ਇਸ ਦੇ ਵਿਕਾਸ ਲਈ ਕੰਮ ਕਰਨ ਤੋਂ ਗੁਰੇਜ਼ ਕਰਦੇ ਹਨ ਸਿੱਖ ਇਤਿਹਾਸਕ ਖੋਜਾਂ ਰਾਹੀਂ ਇਹਨਾਂ ਨੇ ਆਪਣੇ ਸਿੱਖ ਹੋਣ ਦਾ ਫ਼ਰਜ਼ ਨਿਭਾਉਂਦਿਆਂ ਕੁਝ ਮੂਲ ਗ੍ਰੰਥਾਂ ਨੂੰ ਸਿੱਖ ਸੰਗਤਾਂ ਸਾਹਮਣੇ ਪੇਸ਼ ਕਰਕੇ ਹੋਰ ਵਧੇਰੇ ਖੋਜ ਅਤੇ ਵਿਚਾਰ ਕਰਨ ਦਾ ਸੱਦਾ ਦਿੱਤਾ ਹੈ। ਸਿੱਖ ਇਤਿਹਾਸ ਦੇ ਕੁਝ ਮਹੱਤਵਪੂਰਨ ਖਰੜਿਆਂ ਦੀ ਖੋਜ ਕਰ ਕੇ ਉਹਨਾਂ ਸੰਬੰਧੀ ਆਪਣੀ ਰਾਇ ਵੀ ਦਿੱਤੀ ਹੈ ਜਿਵੇਂ 'ਗੁਰੂ ਕੀਆਂ ਸਾਖੀਆਂ'



ਵਿਚ ਲਿਖਦੇ ਹਨ ਕਿ ਅਣਛਪੀ ਰਚਨਾ ਉਸੇ ਤਰ੍ਹਾਂ ਹੁੰਦੀ ਹੈ, ਜਿਵੇਂ ਸਾਗਰ ਦੀ ਡੂੰਘਿਆਈ ਵਿਚ ਦੱਬਿਆ ਮੋਤੀ। ਮੈਨੂੰ ਆਸ ਹੈ ਕਿ ਇਸ ਇਤਿਹਾਸਕ ਮੋਤੀ ਨੂੰ ਜੌਹਰੀ ਪਛਾਣਨਗੇ ਤੇ ਭੱਟ ਵਹੀਆਂ ਤੇ ਹੋਰ ਖ਼ਜ਼ਾਨੇ ਢੂੰਡ ਕੇ ਪੰਜਾਬ ਦਾ ਗੁੰਮ ਇਤਿਹਾਸ ਖੋਜਣ ਦਾ ਉਪਰਾਲਾ ਕਰਨਗੇ। ਇਸੇ ਤਰ੍ਹਾਂ 'ਗੋਬਿੰਦ ਸਾਗਰ' ਸਿਰਲੇਖ ਅਧੀਨ ਪੁਸਤਕ ਨੂੰ ਪੇਸ਼ ਕਰਦੇ ਹੋਏ ਇਹਨਾਂ ਕਿਹਾ ਕਿ ਸਾਡਾ ਮੂਲ ਆਧਾਰ ਪ੍ਰਾਚੀਨ ਸਿੱਖ ਗ੍ਰੰਥਾਵਲੀ ਹੈ ਤੇ ਪੁਸ਼ਟੀ ਲਈ ਫ਼ਾਰਸੀ ਲਿਖਤਾਂ ਦੀ ਸਹਾਇਤਾ ਵੀ ਲਈ ਗਈ ਹੈ। ਫਿਰ ਵੀ ਦਾਅਵਾ ਕੋਈ ਨਹੀਂ; ਜੋ ਮਸਾਲਾ ਮਿਲਿਆ, ਉਸ ਨੂੰ ਯਥਾਸਕਤਿ ਵਿਚਾਰਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਹੈ। ਇਸ ਉਪਰਾਲੇ ਵਿਚ ਕਈ ਅਪ੍ਰਚਲਿਤ ਤੇ ਭੁਲੀਆਂ ਵਿਸਰੀਆਂ ਗੱਲਾਂ ਚਿਤਾਰੀਆਂ ਗਈਆਂ ਹਨ ਜਿਨ੍ਹਾਂ ਨੂੰ ਪਰਵਾਨ ਕਰਨਾ ਜਾਂ ਪਰਵਾਨ ਕਰਨ ਹਿਤ ਵਿਚਾਰਨਾ ਸੋਝੀਵਾਨ ਪਾਠਕਾਂ ਦਾ ਕੰਮ ਹੈ। ਇਸ ਤਰ੍ਹਾਂ ਦੇ ਕਈ ਹੋਰ ਮੂਲ ਅਤੇ ਨਵੇਂ ਸਰੋਤ ਇਹਨਾਂ ਨੇ ਪਾਠਕਾਂ ਦੇ ਸਨਮੁਖ ਪੇਸ਼ ਕੀਤੇ ਹਨ ਜਿਨ੍ਹਾਂ ਵਿਚ ਗੁਰਪ੍ਰਣਾਲੀਆਂ, ਬੰਸਾਵਲੀਨਾਮਾ, ਸਿੰਘ ਸਾਗਰ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਇਨ੍ਹਾਂ ਰਚਨਾਵਾਂ ਰਾਹੀਂ ਇਹਨਾਂ ਨੇ ਕਈ ਨਵੇਂ ਤੱਥ ਉਜਾਗਰ ਕੀਤੇ ਹਨ ਜਿਨ੍ਹਾਂ ਨੂੰ ਸਾਹਮਣੇ ਰੱਖ ਕੇ ਗੁਰੂ ਸਾਹਿਬਾਨ ਦਾ ਜੀਵਨ ਅਤੇ ਸਿੱਖ ਇਤਿਹਾਸ ਵਿਚਾਰਨਾ ਜਰੂਰੀ ਹੋ ਗਿਆ ਹੈ ਤਾਂ ਕਿ ਪੈਦਾ ਹੋ ਰਹੇ ਭਰਮ-ਭੁਲੇਖਿਆਂ ਨੂੰ ਦੂਰ ਕਰ ਕੇ ਸ਼ੁੱਧ ਰੂਪ ਵਿਚ ਗੁਰ-ਇਤਿਹਾਸ ਅਤੇ ਗੁਰ-ਸਿਧਾਂਤ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਇਹਨਾਂ ਦੁਆਰਾ ਕੀਤੇ ਗਏ ਯਤਨ ਸਿੱਖ ਮਾਨਸਿਕਤਾ ਨੂੰ ਠੇਸ ਪਹੁੰਚਾਉਣ ਲਈ ਨਹੀਂ ਸਨ ਬਲਕਿ ਇਹਨਾਂ ਰਾਹੀਂ ਇਹਨਾਂ ਦੀ ਗੁਰਬਾਣੀ, ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਪ੍ਰਤੀ ਲਗਨ ਅਤੇ ਦ੍ਰਿੜਤਾ ਉਘੜ ਕੇ ਸਾਹਮਣੇ ਆਉਂਦੀ ਹੈ।

ਇਤਿਹਾਸ ਅਤੇ ਗੁਰਬਾਣੀ ਤੋਂ ਇਲਾਵਾ ਇਹਨਾਂ ਨੇ ਸਿੱਖ ਰਹਿਤ ਮਰਯਾਦਾ ਸੰਬੰਧੀ ਵਿਚਾਰ ਪੇਸ਼ ਕੀਤੇ ਹਨ। ਭਾਵੇਂ ਕਿ ਸਿੱਖ ਰਹਿਤ ਮਰਯਾਦਾ ਮੌਜੂਦਾ ਸਮੇਂ ਵਿਚ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਪਰ ਇਹਨਾਂ ਦਾ ਇਹ ਯਤਨ ਰਿਹਾ ਹੈ ਕਿ ਸਿੱਖ ਰਹਿਤ ਮਰਿਯਾਦਾ ਨੂੰ ਲੈ ਕੇ ਜੋ ਦੁਫੇੜ ਸਿੱਖਾਂ ਵਿਚ ਪੈ ਰਹੀ ਹੈ, ਉਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਦੂਰ ਕੀਤਾ ਜਾ ਸਕੇ। ਸਿੱਖ ਰਹਿਤ ਮਰਿਯਾਦਾ ਦੀ ਡੱਟ ਕੇ ਹਮਾਇਤ ਕਰਦੇ ਹੋਏ ਇਹਨਾਂ ਨੇ ਇਸ ਦੇ ਪਿਛੋਕੜ ਵਿਚ ਮੌਜੂਦ ਲਗਪਗ ਇਕ ਦਰਜਨ ਰਹਿਤਨਾਮਿਆਂ ਦਾ ਸੰਕਲਨ ਕੀਤਾ। ਇਨ੍ਹਾਂ ਰਹਿਤਨਾਮਿਆਂ ਨੂੰ ਸੰਗਤ ਸਾਹਮਣੇ ਪੇਸ਼ ਕਰਦੇ ਹੋਏ ਇਹਨਾਂ ਨੇ ਕਿਹਾ ਕਿ ਅਸੀਂ ਤਾਂ ਕੇਵਲ ਮੁੱਢਲੀ ਲੋੜ ਨੂੰ ਪੂਰਿਆਂ ਕਰਨ ਲਈ ਮੂਲ ਸਮੱਗਰੀ ਪੇਸ਼ ਕਰ ਰਹੇ ਹਾਂ। ਆਸ ਹੈ, ਸਿੱਖ ਵਿਦਵਾਨ ਖ਼ਾਲਸਾ ਰਹਿਤ-ਮਰਿਯਾਦਾ ਦਾ ਹੋਰ ਵਿਗਿਆਨਕ ਅਧਿਐਨ ਕਰਕੇ ਸਮੇਂ ਦੀ ਵੰਗਾਰ ਦਾ ਉਤਰ ਦੇਣਗੇ।

ਸਿੱਖ ਰਹਿਤ-ਮਰਯਾਦਾ ਦੇ ਨਾਲ ਹੀ ਇਹਨਾਂ ਦਾ ਇਕ ਹੋਰ ਉੱਘਾ ਯਤਨ ਸਾਹਮਣੇ ਆਇਆ ਹੈ ਜਿਸ ਵਿਚ ਇਹਨਾਂ ਨੇ ਦਸਮੇਸ਼ ਪਿਤਾ ਜੀ ਦੇ ਦਰਬਾਰੀ ਕਵੀਆਂ ਬਾਰੇ ਚਾਨਣ ਪਾਇਆ ਹੈ ਅੱਜ ਤੱਕ ਸਿੱਖ ਸੰਗਤ ਵਿਚ ਇਹੀ ਵਿਚਾਰ ਪ੍ਰਚੱਲਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਅਤੇ ਪਾਉਂਟਾ ਸਾਹਿਬ ਦੀ ਧਰਤੀ

ਬਾਕੀ ਸਫ਼ਾ 32 'ਤੇ


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
Nagar Kirtan
SAN FRANCISCO
FREEDOM MARCH & SOVEREIGNTY RALLY
ਐਤਵਾਰ 10 ਜੂਨ 2018 ਨੂੰ ਸੈਨ ਫ੍ਰਾਂਸਿਸਕੋ ਵਿਖੇ
ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿੱਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿੱਚ 10 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।
Start 10AM at 36 2nd Street ਤੋਂ ਸਿਵਿਕ ਸੈਂਟਰ ਤੱਕ
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਓ।
FOR MORE INFO: 1-844-REM-1984
ਬੇਨਤੀ ਕਰਤਾ: ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ

# ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ)

# ਤੀਜਾ ਘੱਲੂਘਾਰਾ ਹਫਤਾ ਸਮਾਗਮ



ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ

ਜੂਨ 1984 ਵਿਚ ਸਿੱਖ ਪੰਥ ਦੇ ਜਾਨ ਤੋਂ ਵੀ ਪਿਆਰੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਭਾਰਤ ਸਰਕਾਰ ਵਲੋਂ ਕੀਤੇ ਗਏ ਹਮਲੇ ਅਤੇ ਢਾਹੇ ਗਏ ਕਹਿਰ ਦੀ ਰੜਕ ਸਿੱਖ ਹਿਰਦਿਆਂ ਵਿਚ ਹਮੇਸ਼ਾ ਬਣੀ ਰਹੇਗੀ। ਸਿੱਖ ਹਿਰਦਿਆਂ ਨੂੰ ਵਲੂੰਧਰ ਦੇਣ ਵਾਲੇ ਇਸ ਘੱਲੂਘਾਰੇ ਦੀ 34ਵੀਂ ਦੁਖਦਾਈ ਯਾਦ ਮੌਕੇ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਪੈਲਾਟਾਈਨ ਵਿਖੇ 4 ਤੋਂ 10 ਜੂਨ ਤੱਕ ਵਿਸ਼ੇਸ਼ ਸ਼ਹੀਦੀ ਸਮਾਗਮ ਕੀਤੇ ਜਾ ਰਿਹੇ ਹਨ।



ਵੀਹਵੀਂ ਸਦੀ ਦੇ ਮਹਾਨ ਸਿੱਖ
ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ

**ਸਮਾਗਮਾਂ ਦਾ ਵੇਰਵਾ ਇਸ ਤਰ੍ਹਾਂ ਹੈ:**

**4 ਜੂਨ ਸੋਮਵਾਰ ਤੋ 10 ਜੂਨ ਸ਼ੁੱਕਰਵਾਰ ਤੱਕ ਦੇ ਸਾਰੇ ਸਮਾਗਮ ਤੀਜੇ ਘੱਲੂਘਾਰੇ ਨੂੰ ਸਮਰਪਿਤ ਹੋਣਗੇ।**

**8 ਜੂਨ ਸ਼ੁੱਕਰਵਾਰ** ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9:00 ਵਜੇ

**8 ਜੂਨ ਸ਼ੁੱਕਰਵਾਰ** ਭਾਰਤੀ ਕੌਂਸਲਖਾਨਾ ਸ਼ਿਕਾਗੋ ਵਿਖੇ ਰੋਸ ਮੁਜਾਹਰਾ ਦੁਪਹਿਰ 2:00 ਤੋਂ 4:00 ਵਜੇ

**10 ਜੂਨ ਐਤਵਾਰ ਸਵੇਰੇ 9:15 ਵਜੇ**

ਭੋਗ ਸ੍ਰੀ ਅਖੰਡ ਪਾਠ ਸਾਹਿਬ
ਉਪਰੰਤ ਕੀਰਤਨ : ਭਾਈ ਰਾਜਿੰਦਰ ਸਿੰਘ ਜਲੰਧਰ ਵਾਲੇ ਜਥਾ,
ਕਥਾ ਅਤੇ ਸਿੱਖ ਇਤਿਹਾਸ
ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ
ਢਾਡੀ ਵਾਰਾਂ ਅਤੇ ਸਿੱਖ ਇਤਿਹਾਸ :
ਭਾਈ ਦਲਜੀਤ ਸਿੰਘ ਮੱਲ੍ਹੀ ਮਾਛੀਵਾੜੇ ਵਾਲਿਆਂ ਦਾ ਜਥਾ
ਅਤੇ ਹੋਰ ਪੰਥਕ ਬੁਲਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ।

ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।
ਗੁਰੂ ਕੇ ਲੰਗਰ ਅਤੁੱਟ ਵਰਤਣਗੇ।





ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲੇ
11 ਜੂਨ, 2018 ਸੋਮਵਾਰ ਤੋਂ ਲੈ ਕੇ 1 ਜੁਲਾਈ 2018 ਐਤਵਾਰ ਤੱਕ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕਰਨਗੇ। ਸੰਗਤਾਂ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਪਹੁੰਚ ਕੇ ਵੱਧ ਤੋਂ ਵੱਧ ਲਾਹਾ ਲਓ ਜੀ।

ਜ਼ਰੂਰੀ ਸੂਚਨਾ: 8 ਜੂਨ ਸ਼ੁੱਕਰਵਾਰ ਨੂੰ ਗੁਰੂਘਰ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 1984 ਦੇ ਘੱਲੂਘਾਰੇ ਪ੍ਰਤੀ ਰੋਸ ਪ੍ਰਗਟਾਉਣ ਲਈ ਹਰ ਸਾਲ ਦੀ ਤਰ੍ਹਾਂ ਸ਼ਿਕਾਗੋ ਵਿਚ ਭਾਰਤੀ ਕੌਂਸਲਖਾਨੇ ਸਾਹਮਣੇ ਬਾਅਦ ਦੁਪਹਿਰ 2 ਤੋਂ 4 ਵਜੇ ਤੱਕ ਰੋਸ ਮੁਜ਼ਾਹਰਾ ਕੀਤਾ ਜਾਏਗਾ। ਗੁਰੂਘਰ ਤੋਂ ਬੱਸ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ ਹੈ। 12 ਵਜੇ ਬੱਸ ਗੁਰਦੁਆਰਾ ਸਾਹਿਬ ਤੋਂ ਚੱਲੇਗੀ। ਸ਼ਿਕਾਗੋ ਤੋਂ ਇਲਾਵਾ ਇੰਡੀਆਨਾ ਤੇ ਵਿਸਕਾਨਸਿਨ ਦੀ ਸੰਗਤ ਨੂੰ ਵੀ ਬੇਨਤੀ ਹੈ ਕਿ ਵੱਧ ਤੋਂ ਵੱਧ ਸੰਗਤਾਂ ਨੇ ਪਰਿਵਾਰਾਂ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

SIKH Religious Society
PALATINE GURDWARA

**SIKH RELIGIOUS SOCIETY OF CHICAGO**
1280, Winnetka St. Palatine, IL 60067, TEL: 847.358.1117


ਸੈਨ ਫਰਾਂਸਿਸਕੋ ਵਿਖੇ
ਮਹਾਨ ਨਗਰ ਕੀਰਤਨ
10 ਜੂਨ ਦਿਨ ਐਤਵਾਰ
ਜੂਨ 84
ਦੇ ਸ਼ਹੀਦ
ਅਤੇ ਪੰਜਵੇਂ ਪਾਤਿਸ਼ਾਹ
ਸ੍ਰੀ
ਗੁਰੂ ਅਰਜਨ ਦੇਵ ਜੀ
ਦੀ ਸ਼ਹਾਦਤ ਨੂੰ ਸਮਰਪਿਤ
11Am 50 2nd STREET, SAN FRANCISCO
FOLLOWED BY RALLY AT CIVIC CENTER PLAZA
FOR MORE INFORMATION CALL OR TEXT (510)512 5959
CHECK WITH YOUR LOCAL SIKH GURDWARA FOR TRANSPORT ARRANGEMENT
ਜਾਰੀ ਕਰਤਾ :
SINGH TRANSPORT INC
OAKLAND CALIFORNIA
ਸੰਪਰਕ : ਸਤਨਾਮ ਸਿੰਘ ਖਹਿਰਾ
(510) 543-3778, (510) 918-2439, (510) 943-9578

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1







ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ੴ ਸਤਿਗੁਰ ਪ੍ਰਸਾਦਿ ।

ਜਨਮ ਮਰਨ ਦੁਹੂ ਮਹਿ ਨਾਹੀ ਜਨ ਪਰਉਪਕਾਰੀ ਆਏ ।।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ।।

# ਹਾਲੀਵੁੱਡ ਸਿੱਖ ਗੁਰਦੁਆਰਾ, ਲਾਸ ਏਂਜਲਸ

1966 N Vermont Ave. Los Angles CA-90027 Phone 323-665-7707

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 68 ਵੀਂ ਬਰਸੀ



ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ ਅਤੇ ਹਾਲੀਵੁੱਡ ਸਿੱਖ ਗੁਰਦੁਆਰਾ ਸਾਹਿਬ ਦੀ ਸਾਰੀ ਕਮੇਟੀ ਦੇ ਸਹਿਯੋਗ ਨਾਲ

**ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 68 ਵੀਂ ਬਰਸੀ**

**ਐਤਵਾਰ, ਜੂਨ 03, 2018**

**ਨੂੰ ਮਨਾਈ ਜਾ ਰਹੀ ਹੈ**

ਆਪ ਸਾਰੀਆਂ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜੀ ਦੀ ਬਰਸੀ ਉਤੇ ਹੁੰਮ ਹੁਮਾ ਕੇ ਪੁੱਜੋ ਅਤੇ ਜੀਵਨ ਸਫ਼ਲ ਕਰੋ ਜੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਸਿੱਖ ਪੰਥ ਵਿੱਚ ਇੱਕ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਅੱਜ ਸਾਰਾ ਪੰਜਾਬ ਉਹਨਾਂ ਦੀ ਬਖ਼ਸ਼ਿਸ਼ ਸਦਕਾ ਹੀ ਸਾਰੇ ਸੰਸਾਰ ਵਿਚ ਉਜਵਲ ਇਤਿਹਾਸ ਸਿਰਜ ਰਿਹਾ ਹੈ।

### ਉਚੇਚੇ ਤੌਰ 'ਤੇ ਪਹੁੰਚ ਰਹੇ ਕੀਰਤਨੀ ਜਥੇ

ਭਾਈ ਭੁਪਿੰਦਰ ਸਿੰਘ ਰੰਗੀਲਾ, ਚੰਡੀਗੜ੍ਹ ਵਾਲੇ ਅਤੇ ਜਥਾ
ਭਾਈ ਰਵਿੰਦਰ ਸਿੰਘ ਰਸੀਆ ਅਤੇ ਜਥਾ
ਹਜ਼ੂਰੀ ਰਾਗੀ ਜਥਾ ਭਾਈ ਮਨਜੀਤ ਸਿੰਘ
ਭਾਈ ਅਜੀਤ ਸਿੰਘ ਅਤੇ ਜਥੇ ਤੋਂ ਇਲਾਵਾ
ਹੋਰ ਵੀ ਮਹਾਨ ਕੀਰਤਨੀ ਜਥੇ ਪਹੁੰਚ ਰਹੇ ਹਨ।

### ਪ੍ਰੋਗਰਾਮ ਦਾ ਵੇਰਵਾ :

**ਸ਼ੁੱਕਰਵਾਰ ਜੂਨ 01, 2018**

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 09:30 ਵਜੇ ਸਵੇਰੇ

**ਐਤਵਾਰ ਜੂਨ 03, 2018**

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10:00 ਵਜੇ ਸਵੇਰੇ
ਉਪਰੰਤ ਆਸਾ ਦੀ ਵਾਰ ਜੀ ਦੇ ਕੀਰਤਨ ਅਤੇ
ਕੀਰਤਨ ਦਰਬਾਰ ਸਜਾਏ ਜਾਣਗੇ।
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਹੋਰ ਜਾਣਕਾਰੀ ਲਈ ਹੇਠ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰੋ**

*ਗੁਰਦੁਆਰਾ ਸਾਹਿਬ ਫ਼ੋਨ ਨੰਬਰ : 323-665-7707, ਸ. ਸੰਤੋਖ ਸਿੰਘ 310-569-9506, ਸ. ਹਰਭਜਨ ਸਿੰਘ 818-486-6579*

### ਸੇਵਾਦਾਰ ਸੰਤ ਬਾਬਾ ਪ੍ਰੇਮ ਸਿੰਘ ਸੇਵਾ ਸੁਸਾਇਟੀ

ਪਾਲ ਸਿੰਘ ਲੁਬਾਣਾ ਬ੍ਰਦਰ, ਸੁਰਜੀਤ ਸਿੰਘ ਬਾਵਾ ਅਤੇ ਬ੍ਰਦਰ, ਸਤਪਾਲ ਗੋਤਰਾ ਅਤੇ ਬ੍ਰਦਰ ਜਗਦੀਪ ਸਿੰਘ, ਸੰਤ ਸਿੰਘ ਅਤੇ ਬ੍ਰਦਰ, ਬਲੀ ਗੋਤਰਾ, ਗੁਰਬਚਨ ਸਿੰਘ ਮੁਲਤਾਨੀ, ਬਲਦੇਵ ਸਿੰਘ ਮੁਲਤਾਨੀ, ਨਿਰੰਜਨ ਸਿੰਘ, ਨਿਰਮਲ ਸਿੰਘ, ਫੌਜੀ ਕੁਲਵਿੰਦਰ ਸਿੰਘ ਮੁਲਤਾਨੀ, ਜਸਵਿੰਦਰ ਸਿੰਘ ਮੁਲਤਾਨੀ ਬ੍ਰਦਰ, ਜੋਗਿੰਦਰ ਸਿੰਘ, ਗੁਰਮੁਖ ਸਿੰਘ, ਸੁੱਚਾ ਸਿੰਘ, ਮਸਤਾਨ ਸਿੰਘ, ਤਜਿੰਦਰ ਸਿੰਘ ਖਲੀਲ ਐਂਡ ਬ੍ਰਦਰ, ਨਿਧਾਨ ਸਿੰਘ, ਅਮਰਦੀਪ ਸਿੰਘ ਜੌਨੀ, ਜੋਗਿੰਦਰ ਸਿੰਘ ਬਿੱਲਾ, ਅਜਮੇਰ ਸਿੰਘ, ਲਖਵੀਰ ਸਿੰਘ ਬ੍ਰਦਰ, ਜਗਜੀਤ ਸਿੰਘ ਗੋਤਰਾ, ਜਸਵਿੰਦਰ ਸਿੰਘ ਘੋਤੜਾ,ਬਲਕਾਰ ਸਿੰਘ, ਚਰਨਜੀਤ ਸਿੰਘ ਮੁਲਤਾਨੀ, ਪਰਮਜੀਤ ਸਿੰਘ ਮੁਲਤਾਨੀ ਬ੍ਰਦਰ, ਨਿਰਮਲ ਸਿੰਘ ਪਰਿਵਾਰ, ਰਨਜੀਤ ਸਿੰਘ ਬ੍ਰਦਰ, ਸੁਰਿੰਦਰ ਸਿੰਘ, ਪ੍ਰਕਾਸ਼ ਸਿੰਘ, ਮੇਹਰ ਸਿੰਘ, ਸੇਠੀ, ਅਮਰੀਕ ਸਿੰਘ, ਸੁਰਿੰਦਰ ਕੌਰ, ਜਸਵਿੰਦਰ ਸਿੰਘ, ਰੁਪਿੰਦਰ ਸਿੰਘ, ਅਮਰੀਕ ਸਿੰਘ ਰਸੀਆ, ਬਲਜਿੰਦਰ ਸਿੰਘ ਮੁਲਤਾਨੀ, ਮਨਜੀਤ ਸਿੰਘ ਖਲੀਲ, ਸੁਖਦੇਵ ਸਿੰਘ ਮੁਲਤਾਨੀ, ਗੁਰਮੀਤ ਸਿੰਘ ਮੁਲਤਾਨੀ, ਹਰਭਜਨ ਸਿੰਘ ਮੁਲਤਾਨੀ, ਰਵੀ ਸੇਠੀ, ਕਰਪਾਲ ਸਿੰਘ, ਜੰਗਸ਼ੇਰ ਸਿੰਘ, ਕਮਲਜੀਤ ਸਿੰਘ, ਸਤਨਾਮ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ ਬ੍ਰਦਰ, ਗੁਰਦੇਵ ਸਿੰਘ ਅਤੇ ਜਸਵਿੰਦਰ ਸਿੰਘ ਬਿੱਲਾ।

**Hollywood Sikh Temple, 1966 N, Vermont Ave, Los Angeles, CA 90027 (323-665-7707)**

www.hollywoodsikhtemple.com • Follow us on : Facebook



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1,2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!




ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਸਿੱਖ ਰਾਜਨੀਤੀ ਦਾ ਦੁਖਾਂਤ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਅਜਮੇਰ ਸਿੰਘ
ਤੀਜੇ ਘੱਲੂਘਾਰੇ ਤੋਂ ਬਾਅਦ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗਦਰੀ ਬਾਬੇ ਕੌਣ ਸਨ?
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279




Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com




SAVE UPTO 24¢

PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers

TA TravelCenters of America

Love's Travel Stops & Country Stores

# ਵਿੱਤ ਮੰਤਰੀ ਮਨਪ੍ਰੀਤ ਬਾਦਲ ਦਾ ਸਾਲਾ 'ਜੋਜੋ' ਬਠਿੰਡਾ ਹਲਕੇ 'ਤੋਂ ਦੜ ਵੱਟਣ ਲੱਗਾ

**ਬਠਿੰਡਾ/ਬਿਊਰੋ ਨਿਊਜ਼ :**
ਖ਼ਜ਼ਾਨਾ ਮੰਤਰੀ ਪੰਜਾਬ ਦੇ ਬਠਿੰਡਾ (ਸ਼ਹਿਰੀ) ਹਲਕੇ 'ਚ ਹੁਣ ਉਨ੍ਹਾਂ ਦੇ ਸਾਲਾ ਸਾਹਿਬ ਜੈਜੀਤ ਜੌਹਲ ਉਰਫ਼ 'ਜੋਜੋ' ਘੱਟ ਹੀ ਦਿਖਦੇ ਹਨ, ਜਿਸ ਤੋਂ ਨਵੇਂ ਚਰਚੇ ਛਿੜ ਗਏ ਹਨ । ਪਹਿਲਾਂ ਵਾਂਗ ਉਹ ਨਾ ਤਾਂ ਹੁਣ ਵਾਰਡਾਂ 'ਚ ਮੀਟਿੰਗਾਂ ਕਰ ਰਹੇ ਹਨ ਅਤੇ ਨਾ ਹੀ ਸੰਗਤ ਦਰਸ਼ਨ। ਪੂਰਾ ਹਫ਼ਤਾ ਦਿਨ ਰਾਤ ਬਠਿੰਡਾ ਸ਼ਹਿਰੀ ਹਲਕੇ 'ਚ ਰਹਿਣ ਵਾਲੇ 'ਜੋਜੋ' ਦੀ ਗ਼ੈਰਹਾਜ਼ਰੀ ਦੇ ਸਿਆਸੀ ਲੋਕ ਹੁਣ ਆਪੋ ਆਪਣੇ ਮਾਅਨੇ ਕੱਢਣ ਲੱਗੇ ਹਨ। ਹਾਲਾਂਕਿ 'ਜੋਜੋ' ਖ਼ਜ਼ਾਨਾ ਮੰਤਰੀ ਦੇ ਦਫ਼ਤਰ ਵਿੱਚ ਹਾਜ਼ਰ ਹੁੰਦੇ ਹਨ ਪਰ ਸ਼ਹਿਰੀ ਲੋਕਾਂ ਵਿੱਚ ਪਹਿਲਾਂ ਵਾਂਗ ਨਹੀਂ ਜਾ ਰਹੇ ਹਨ। ਸੂਤਰ ਆਖਦੇ ਹਨ ਕਿ 'ਜੋਜੋ' ਦਫ਼ਤਰ ਵਿੱਚ ਵੀ ਪਹਿਲਾਂ ਵਾਂਗ ਪੂਰਾ ਪੂਰਾ ਦਿਨ ਨਹੀਂ ਲਾਉਂਦੇ ਹਨ।

ਉੱਧਰ ਸ਼੍ਰੋਮਣੀ ਅਕਾਲੀ ਦਲ ਨੇ ਵੀ ਹੁਣ 'ਜੋਜੋ' ਨੂੰ ਪਹਿਲਾਂ ਵਾਂਗ ਨਿਸ਼ਾਨਾ ਬਣਾਉਣ ਤੋਂ ਪਾਸਾ ਵੱਟਿਆ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਤਕੀਂ ਬਠਿੰਡਾ ਦੌਰੇ ਮੌਕੇ ਮਨਪ੍ਰੀਤ ਬਾਦਲ 'ਤੇ ਤਾਂ ਤਵਾ ਲਾਇਆ ਪਰ ਜੋਜੋ ਖ਼ਿਲਾਫ਼ ਬੋਲਣ ਤੋਂ ਗੁਰੇਜ਼ ਕੀਤਾ। ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਕਰੀਬ ਇੱਕ ਡੇਢ ਮਹੀਨੇ ਤੋਂ ਆਪਣੇ ਹਲਕੇ ਵਿੱਚ ਫ਼ੰਡ ਵੰਡ ਰਹੇ ਹਨ ਪਰ ਮਨਪ੍ਰੀਤ ਦੇ ਸ਼ਹਿਰੀ ਦੌਰਿਆਂ ਮੌਕੇ ਜੈਜੀਤ ਜੌਹਲ ਬਹੁਤਾ ਨਾਲ ਨਹੀਂ ਦਿਖਦੇ ਹਨ ਜਦੋਂ ਕਿ ਪਹਿਲਾਂ ਮਨਪ੍ਰੀਤ ਦਾ ਪਰਛਾਵਾਂ ਬਣ ਕੇ ਨਾਲ ਚੱਲਦੇ ਰਹੇ ਹਨ। ਹੁਣ ਜਨਤਕ ਤੌਰ 'ਤੇ ਜੋਜੋ ਘੱਟ ਹੀ ਵਿਚਰਦੇ ਹਨ।

ਕਾਂਗਰਸੀ ਆਗੂ ਦੱਸਦੇ ਹਨ ਕਿ ਜੈਜੀਤ 'ਜੋਜੋ' ਹੁਣ ਬਹੁਤਾ ਸਮਾਂ ਖ਼ਜ਼ਾਨਾ ਮੰਤਰੀ ਦੇ ਦਫ਼ਤਰ ਵਿੱਚ ਬੈਠਦੇ



ਹਨ ਅਤੇ ਉੱਥੋਂ ਹੀ ਲੋਕਾਂ ਦੇ ਕੰਮਾਂ-ਕਾਰਾਂ ਲਈ ਫ਼ੋਨ ਕਰਦੇ ਹਨ। ਸੂਤਰ ਦੱਸਦੇ ਹਨ ਕਿ ਸਿਆਸੀ ਤੌਰ 'ਤੇ ਸੋਚ ਵਿਚਾਰ ਮਗਰੋਂ 'ਜੋਜੋ' ਦੀ ਹਾਜ਼ਰੀ ਥੋੜ੍ਹੀ ਘਟਾਈ ਗਈ ਹੈ, ਜਿਸ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। 'ਜੋਜੋ' ਦੀ ਗ਼ੈਰਹਾਜ਼ਰੀ ਮਗਰੋਂ ਅਕਾਲੀ ਵੀ ਠੰਢੇ ਪੈ ਗਏ ਹਨ। ਪਹਿਲਾਂ ਖ਼ਜ਼ਾਨਾ ਮੰਤਰੀ ਦੀ ਹਲਕੇ 'ਚੋਂ ਗ਼ੈਰਹਾਜ਼ਰੀ 'ਚ 'ਜੋਜੋ' ਹੀ ਸਿਆਸੀ ਮੋਰਚਾ ਸੰਭਾਲਦੇ ਸਨ। ਖ਼ਜ਼ਾਨਾ ਮੰਤਰੀ ਨੇ ਸ਼ੁਰੂ 'ਚ ਖ਼ੁਦ ਵੀ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਗ਼ੈਰਹਾਜ਼ਰੀ ਵਿੱਚ 'ਜੋਜੋ' ਹਲਕੇ 'ਚ ਹਾਜ਼ਰ ਰਹਿਣਗੇ। ਪਿਛਲੇ ਸਮੇਂ ਦੌਰਾਨ 'ਜੋਜੋ' ਸਰਕਾਰੀ ਦਫ਼ਤਰਾਂ ਵਿੱਚ ਵੀ ਅਕਸਰ ਹੀ ਨਜ਼ਰੀਂ ਪੈਂਦੇ ਸਨ।

ਕੁਝ ਦਿਨ ਪਹਿਲਾਂ ਮਨਪ੍ਰੀਤ ਬਾਦਲ ਨੇ ਸ਼ਹਿਰ ਦੇ ਅਫ਼ਸਰਾਂ ਨਾਲ ਫ਼ੀਲਡ ਹੋਸਟਲ ਮੀਟਿੰਗ ਕੀਤੀ ਸੀ, ਜਿਸ 'ਚੋਂ 'ਜੋਜੋ' ਗ਼ੈਰਹਾਜ਼ਰ ਸਨ। ਇੱਕ ਸੀਨੀਅਰ ਕਾਂਗਰਸੀ ਆਗੂ ਦਾ ਪ੍ਰਤੀਕਰਮ ਸੀ ਕਿ ਹੁਣ ਤਾਂ ਸ਼ਹਿਰ ਦੇ ਮੋਹਤਬਾਰ ਲੋਕ ਵੀ ਖ਼ਜ਼ਾਨਾ ਮੰਤਰੀ ਦੇ ਦਫ਼ਤਰ ਘੱਟ ਜਾਂਦੇ ਹਨ। ਪਹਿਲਾਂ 'ਜੋਜੋ' ਕਾਂਗਰਸ ਵੱਲੋਂ ਲਾਏ ਧਰਨਿਆਂ ਵਿੱਚ ਨਜ਼ਰ ਆਉਂਦੇ ਸਨ ਹਾਲ ਹੀ 'ਚ ਕਾਂਗਰਸ ਵੱਲੋਂ ਕੀਤੇ ਮੁਜ਼ਾਹਰੇ 'ਚੋਂ ਵੀ 'ਜੋਜੋ' ਗ਼ੈਰਹਾਜ਼ਰ ਰਹੇ ਹਨ।

ਇਸ ਬਾਰੇ ਕਾਂਗਰਸੀ ਨੇਤਾ ਜੈਜੀਤ ਸਿੰਘ ਜੌਹਲ ਉਰਫ਼ 'ਜੋਜੋ' ਦਾ ਪ੍ਰਤੀਕਰਮ ਸੀ ਕਿ ਪਹਿਲਾਂ ਖ਼ਜ਼ਾਨਾ ਮੰਤਰੀ ਬਜਟ ਵਿੱਚ ਜ਼ਿਆਦਾ ਰੁੱਝੇ ਹੋਏ ਸਨ, ਜਿਸ ਕਰਕੇ ਉਹ (ਜੋਜੋ) ਹਲਕੇ ਵਿੱਚ ਸੱਤ ਦਿਨ ਵਿਚਰਦੇ ਸਨ ਪਰ ਹੁਣ ਉਨ੍ਹਾਂ ਨੇ ਦਿਨਾਂ ਦੀ ਵੰਡ ਕਰ ਲਈ ਹੈ, ਜਿਸ ਤਹਿਤ ਚਾਰ ਦਿਨ ਉਹ ਹਲਕੇ ਵਿੱਚ ਆਉਂਦੇ ਹਨ ਤੇ ਬਾਕੀ ਦਿਨ ਮਨਪ੍ਰੀਤ ਬਾਦਲ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਕੰਮਾਂ-ਕਾਰਾਂ ਵਾਲੇ ਲੋਕ ਦਫ਼ਤਰ 'ਚੋਂ ਹੀ ਹੁਣ ਨਿਕਲਣ ਨਹੀਂ ਦਿੰਦੇ, ਜਿਸ ਕਰਕੇ ਉਹ ਹਲਕੇ ਵਿਚ ਘੱਟ ਜਾਂਦੇ ਹਨ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਤੋਂ 10 ਅਕਤੂਬਰ ਤੱਕ ਖੁੱਲ੍ਹੇ ਰਹਿਣਗੇ

**ਊਨਾ/ਬਿਊਰੋ ਨਿਊਜ਼ :** ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਖੁੱਲ੍ਹਣਗੇ। ਇਸ ਬਾਰੇ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ, ਰਿਸ਼ੀਕੇਸ਼ ਦੇ ਪ੍ਰਧਾਨ ਦਰਸ਼ਨ ਸਿੰਘ ਨੇ ਦੱਸਿਆ ਕਿ 25 ਮਈ ਨੂੰ ਹੇਮਕੁੰਟ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇਗਾ ਅਤੇ ਸੰਗਤ 10 ਅਕਤੂਬਰ ਤੱਕ ਦਰਸ਼ਨ ਕਰ ਸਕੇਗੀ। ਉਨ੍ਹਾਂ ਕਿਹਾ ਕਿ ਸੰਗਤ ਦੇ ਰਹਿਣ, ਲੰਗਰ ਅਤੇ ਦਵਾਈਆਂ ਦਾ ਪ੍ਰਬੰਧ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜੋ ਤਾਜ਼ਾ ਬਰਫ ਪਈ ਹੈ, ਉਸ ਨੂੰ ਸੈਨਾ ਦੇ ਜਵਾਨ ਕੱਟ ਕੇ ਪੈਦਲ ਰਾਹ ਖੋਲ੍ਹਣ ਲਈ ਮੁਸ਼ੱਕਤ ਕਰ ਰਹੇ ਹਨ ਅਤੇ ਛੇਤੀ ਹੀ ਪੈਦਲ ਰਾਹ ਖੁੱਲ੍ਹ ਜਾਵੇਗਾ। ਸੰਗਤ ਦੇ ਦਰਸ਼ਨਾਂ ਲਈ 25 ਮਈ ਨੂੰ ਹੇਮਕੁੰਟ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਰਿਸ਼ੀਕੇਸ਼ ਤੋਂ ਗੁਰਦੁਆਰਾ ਗੋਬਿੰਦ ਘਾਟ ਤੱਕ ਦਾ ਸੜਕ ਰਸਤਾ ਬਿਲਕੁਲ ਠੀਕ ਹੈ ਤੇ ਗੁਰਦੁਵਾਰਾ ਗੋਬਿੰਦ ਘਾਟ ਤੋਂ ਹੇਮਕੁੰਟ ਸਾਹਿਬ ਤੱਕ ਪੈਦਲ ਰਸਤੇ ਨੂੰ ਸੁਖਾਵਾਂ ਬਣਾਉਣ ਲਈ ਰਾਹ ਵਿੱਚ ਖਾਈ 'ਤੇ ਰੇਲਿੰਗ ਲਗਾ ਦਿੱਤੀ ਗਈ ਹੈ। ਰਾਹ ਵਿੱਚ ਕਈ ਜਗ੍ਹਾ ਬੈਠਣ ਲਈ ਸ਼ੈੱਡ ਬਣਾਏ ਗਏ ਹਨ।

ਭਾਈ ਦਰਸ਼ਨ ਸਿੰਘ ਨੇ ਦੱਸਿਆ ਕਿ ਹਰ ਅੱਧੇ ਕਿਲੋਮੀਟਰ 'ਤੇ ਪਖਾਨਿਆਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਥਾਂ-ਥਾਂ ਕੂੜਾਦਾਨ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਜਿਹੜੇ ਯਾਤਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਣਾ ਚਾਹੁੰਦੇ ਹਨ, ਉਹ ਆਪਣਾ ਨਾਮ, ਪਤਾ ਤੇ ਗੱਡੀ ਨੰਬਰ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਰਿਸ਼ੀਕੇਸ਼ ਵਿਖੇ ਰਜਿਸਟਰ ਕਰਵਾਕੇ ਜਾਣ। ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੇ ਯਾਤਰੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਦੋਪਹੀਆ ਵਾਹਨ 'ਤੇ ਯਾਤਰਾ ਨਾ ਕਰਨ ਅਤੇ ਪੈਦਲ ਰਾਹ ਵਿੱਚ ਗਲੇਸ਼ੀਅਰ ਨੇੜੇ ਫੋਟੋਆਂ ਖਿੱਚਣ ਤੋਂ ਗੁਰੇਜ਼ ਕਰਨ ਉਨ੍ਹਾਂ ਸੰਗਤ ਲਈ ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਹਨ। ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਰਿਸ਼ੀਕੇਸ਼ ਲਈ ਹੈਲਪਲਾਈਨ ਨੰਬਰ 01352430229, ਗੁਰਦੁਵਾਰਾ ਸ੍ਰੀਨਗਰ ਲਈ 01346252203, 7500241975, ਗੁਰਦੁਆਰਾ ਜੋਸ਼ੀਮੱਠ ਲਈ 01389222121, 7500 241976, ਗੁਰਦੁਆਰਾ ਗੋਬਿੰਦ ਘਾਟ ਲਈ 01389212293, 0 8991322581 ਅਤੇ ਗੁਰਦੁਵਾਰਾ ਗੋਬਿੰਦ ਧਾਮ ਲਈ ਹੈਲਪਲਾਈਨ ਨੰਬਰ 0 1381226232, 08991322555 ਜਾਰੀ ਕੀਤੇ ਗਏ ਹਨ।

# ਸੀਡੀ ਕੰਬੋਜ ਸਿਆਸਤ ਦੀਆਂ 'ਤੱਕੜੀਆਂ' ਵਿਚ ਤੁਲਦੇ-ਤੁਲਦੇ ਹੋਏ 'ਕੱਖੋਂ ਹੌਲੇ'

**ਜਲੰਧਰ/ਬਿਊਰੋ ਨਿਊਜ਼ :**
ਹਲਕਾ ਸ਼ਾਹਕੋਟ ਉਪ ਚੋਣ ਤੋਂ ਪਹਿਲਾਂ ਦਲਬਦਲੀਆਂ ਦਾ ਸਿਲਸਿਲਾ ਜਾਰੀ ਹੈ। ਅਕਾਲੀ ਦਲ ਵਿੱਚ ਸ਼ਾਮਲ ਹੋਏ 'ਆਪ' ਆਗੂ ਸੀਡੀ ਕੰਬੋਜ ਨੇ ਆਪਣੇ ਰਾਜਨੀਤਿਕ ਸਫ਼ਰ ਦੌਰਾਨ ਚੌਥੀ ਵਾਰ ਪਾਰਟੀ ਬਦਲੀ ਹੈ। 'ਆਪ' ਤੋਂ ਪਹਿਲਾਂ ਉਹ ਕਾਂਗਰਸ ਵਿੱਚ ਸਨ। ਕਿਸੇ ਸਮੇਂ ਉਹ ਬਸਪਾ ਦੇ ਸੂਬਾ ਪ੍ਰਧਾਨ ਵੀ ਰਹੇ ਹਨ, ਪਰ ਉਨ੍ਹਾਂ ਨੂੰ ਹਾਥੀ ਦੀ ਸਵਾਰੀ ਬਹੁਤੀ ਰਾਸ ਨਹੀਂ ਆਈ ਸੀ। ਉਹ ਸ਼ਾਹਕੋਟ ਹਲਕੇ ਤੋਂ ਦੋ ਵਾਰ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਚੁੱਕੇ ਹਨ ਪਰ ਦੋਵੇਂ ਵਾਰ ਹਾਰ ਗਏ।

ਸਭ ਤੋਂ ਪਹਿਲਾਂ ਸੀਡੀ ਕੰਬੋਜ ਕਾਂਗਰਸ ਵਿੱਚ ਸਨ ਪਰ ਉਹ 1997 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਸਪਾ ਵਿੱਚ ਚਲੇ ਗਏ ਸਨ। ਉਦੋਂ ਬਸਪਾ ਦੇ ਬਾਨੀ ਪ੍ਰਧਾਨ ਬਾਬੂ ਕਾਂਸ਼ੀ ਰਾਮ ਨੇ ਉਨ੍ਹਾਂ ਨੂੰ ਪੰਜਾਬ ਦਾ ਪ੍ਰਧਾਨ ਵੀ ਬਣਾ ਦਿੱਤਾ ਸੀ। ਆਪਣੇ ਕੰਬੋਜ ਭਾਈਚਾਰੇ ਵਿੱਚ ਪੈਂਠ ਨਾ ਬਣਾ ਸਕਣ ਕਾਰਨ ਬਾਬੂ ਕਾਂਸ਼ੀ ਰਾਮ ਨੇ ਉਨ੍ਹਾਂ ਨੂੰ ਬਹੁਤੀ ਤਵੱਜੋ ਨਹੀਂ ਦਿੱਤੀ। ਪਾਰਟੀ ਵਿੱਚ ਉਹ ਬਹੁਤ ਚਿਰ ਟਿਕ ਨਾ ਸਕੇ ਤੇ ਮੁੜ ਕਾਂਗਰਸ ਵਿੱਚ ਸ਼ਾਮਲ ਹੋ ਗਏ । 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਪਿੰਡ ਸੀਚੇਵਾਲ ਵਿੱਚ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੀ ਹੋਈ ਬਹਿਸ ਦੌਰਾਨ ਉਨ੍ਹਾਂ ਮਰਹੂਮ ਸਾਬਕਾ ਮੰਤਰੀ ਅਜੀਤ ਸਿੰਘ ਕੋਹਾੜ ਦੀ ਹਾਜ਼ਰੀ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਰੱਜ ਕੇ ਭੰਡਿਆ ਸੀ।

ਇਸ ਤੋਂ ਬਾਅਦ ਸਾਲ 2016 ਵਿੱਚ ਉਹ ਆਮ ਆਦਮੀ ਪਾਰਟੀ ਵਿੱਚ ਸਰਗਰਮ ਰਹੇ ਪਰ ਸੀਡੀ. ਕੰਬੋਜ ਨੂੰ ਜਦੋਂ ਸ਼ਾਹਕੋਟ ਤੋਂ ਟਿਕਟ ਨਾ ਮਿਲੀ ਤਾਂ ਉਨ੍ਹਾਂ ਦਾ 'ਆਪ' ਤੋਂ ਵੀ ਮਨ ਖੱਟਾ ਹੋ ਗਿਆ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਦੀ ਚਰਚਾ ਸੀ ਤੇ ਆਖਰ ਉਹ ਅਕਾਲੀ ਦਲ ਵਿੱਚ ਸ਼ਾਮਲ ਹੋ ਹੀ ਗਏ। ਸੀਡੀ ਕੰਬੋਜ ਦਾ ਹਲਕਾ ਸ਼ਾਹਕੋਟ ਵਿੱਚ ਬਹੁਤਾ ਪ੍ਰਭਾਵ ਨਹੀਂ ਦੱਸਿਆ ਜਾਂਦਾ, ਕਿਉਂਕਿ ਹਲਕੇ ਵਿੱਚ ਉਨ੍ਹਾਂ ਦਾ ਕੋਈ ਪੱਕਾ ਟਿਕਾਣਾ ਨਹੀਂ ਰਿਹਾ।



ਇਸ ਤੋਂ ਪਹਿਲਾਂ ਪੰਜਾਬ ਦੀ ਸਿਆਸਤ 'ਚ ਹੰਸ ਰਾਜ ਹੰਸ ਨੇ ਵੀ ਆਪਣੇ ਛੋਟੇ ਜਿਹੇ ਰਾਜਨੀਤਿਕ ਸਫ਼ਰ ਵਿੱਚ ਤਿੰਨ ਪਾਰਟੀਆਂ ਦੀਆਂ 'ਛੱਤਰੀਆਂ' ਤੋਂ ਉਡਾਰੀ ਭਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਅਕਾਲੀ ਦਲ ਦੀਆਂ ਸਟੇਜਾਂ ਤੋਂ ਵੱਡੇ ਬਾਦਲ ਨੂੰ ਆਪਣਾ ਬਾਬਲ ਕਹਿੰਦਿਆਂ ਹੇਕਾਂ ਲਾਈਆਂ ਸਨ । 2009 ਦੀਆਂ ਲੋਕ ਸਭਾ ਚੋਣਾਂ ਵਿੱਚ ਜਲੰਧਰ ਹਲਕੇ ਤੋਂ ਹੋਈ ਹਾਰ ਤੋਂ ਬਾਅਦ ਹੰਸ ਦਾ ਸ਼੍ਰੋਮਣੀ ਅਕਾਲੀ ਦਲ ਤੋਂ ਦਿਲ ਉਦਾਸ ਹੋ ਗਿਆ ਸੀ ਤੇ ਉਨ੍ਹਾਂ ਕੈਪਟਨ ਦੇ ਸੋਹਲੇ ਗਾਉਣੇ ਸ਼ੁਰੂ ਕਰ ਦਿੱਤੇ। ਇੱਥੇ ਉਨ੍ਹਾਂ ਨੂੰ ਰਾਜ ਸਭਾ ਦੀ ਟਿਕਟ ਦੇਣ ਲਈ ਹੰਗਾਮੀ ਹਾਲਤ ਵਿੱਚ ਇੰਗਲੈਂਡ

**ਬਾਕੀ ਸਫ਼ਾ 32 'ਤੇ**

# ਸਾਬਕਾ ਮੰਤਰੀ ਬ੍ਰਿਜ ਭੁਪਿੰਦਰ ਸਿੰਘ ਲਾਲੀ ਅਕਾਲੀ ਦਲ 'ਚ ਰਲਿਆ

**ਜਲੰਧਰ/ਬਿਊਰੋ ਨਿਊਜ਼ :**
ਵਿਧਾਨ ਸਭਾ ਹਲਕਾ ਸ਼ਾਹਕੋਟ ਦੀ ਹੋ ਰਹੀ ਜ਼ਿਮਨੀ ਚੋਣ ਦੌਰਾਨ ਕਾਂਗਰਸ ਪਾਰਟੀ ਦੇ ਸਾਬਕਾ ਪੰਚਾਇਤ ਤੇ ਗ੍ਰਹਿ ਮੰਤਰੀ ਬ੍ਰਿਜ ਭੁਪਿੰਦਰ ਸਿੰਘ ਲਾਲੀ ਪਾਰਟੀ ਨੂੰ ਅਲਵਿਦਾ ਕਹਿਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਲਾਲੀ ਦਾ ਅਕਾਲੀ ਦਲ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਲਾਲੀ ਦੇ ਆਉਣ ਨਾਲ ਉਨ੍ਹਾਂ ਦੀ ਪਾਰਟੀ ਇਕੱਲੇ ਸ਼ਾਹਕੋਟ ਵਿੱਚ ਹੀ ਮਜ਼ਬੂਤ ਨਹੀ ਹੋਈ, ਬਲਕਿ ਪੂਰੇ ਦੋਆਬੇ ਵਿੱਚ ਹੀ ਮਜ਼ਬੂਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਲਾਲੀ ਦਾ ਵੱਡਾ ਮਜ਼ਬੂਤ ਜਨਤਕ ਆਧਾਰ ਹੈ ਅਤੇ ਕਾਂਗਰਸੀ ਮੰਤਰੀ ਹੁੰਦਿਆਂ ਉਨ੍ਹਾਂ ਨੇ ਇਲਾਕੇ ਦਾ ਬਹੁਤ ਵਿਕਾਸ ਕਰਵਾਇਆ, ਜਿਸ ਕਰਕੇ ਉਹ ਵਿਕਾਸਵਾਦੀ ਆਗੂ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਲਾਲੀ ਦੇ ਪਾਰਟੀ ਵਿੱਚ ਆਉਣ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਦੀ ਲੀਡ ਬਹੁਤ ਵੱਡੀ ਹੋ ਗਈ ਹੈ। ਉਨ੍ਹਾਂ ਲਾਲੀ ਨੂੰ ਪਾਰਟੀ ਵਿੱਚ ਬਣਦਾ ਮਾਣ ਤੇ ਸਤਿਕਾਰ ਦੇਣ ਦੇ ਨਾਲ-ਨਾਲ ਢੁਕਵਾਂ ਸਥਾਨ ਦੇਣ ਦੀ ਗੱਲ ਵੀ ਕਹੀ।



ਬ੍ਰਿਜ ਭੁਪਿੰਦਰ ਸਿੰਘ ਲਾਲੀ ਦਾ ਅਕਾਲੀ ਦਲ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦੇ ਹੋਏ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਹੋਰ।

ਕਾਂਗਰਸ ਛੱਡਣ ਦਾ ਕਾਰਨ ਲਾਲੀ ਨੇ ਹਲਕੇ ਵਿੱਚ ਸਾਬਕਾ ਕਾਂਗਰਸੀ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਬੇਲੋੜੀ ਦਖ਼ਲਅੰਦਾਜ਼ੀ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਕੇ ਹਲਕੇ ਵਿੱਚੋਂ ਰਾਣਾ ਦੀ ਬੇਲੋੜੀ ਦਖ਼ਲਅੰਦਾਜ਼ੀ ਨੂੰ ਰੋਕਣ ਲਈ ਬੇਨਤੀ ਕੀਤੀ ਸੀ, ਜੋ ਮੁੱਖ ਮੰਤਰੀ ਨੇ ਪ੍ਰਵਾਨ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਦਾਗੀ ਉਮੀਦਵਾਰ ਨੂੰ ਟਿਕਟ ਦਿੱਤੇ ਜਾਣ ਤੋਂ ਵੀ ਉਹ ਪਾਰਟੀ ਨਾਲ ਨਾਰਾਜ਼ ਸਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਾਰਟੀ ਵਰਕਰਾਂ ਨੂੰ ਨਾ ਮਿਲਣ ਕਾਰਨ ਵਰਕਰਾਂ ਦਾ ਮਨੋਬਲ ਲਗਾਤਾਰ ਡਿੱਗ ਰਿਹਾ ਹੈ। ਉਨ੍ਹਾਂ ਕਾਂਗਰਸੀ ਉਮੀਦਵਾਰ ਦੇ ਸਟਿੰਗ ਅਪਰੇਸ਼ਨ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ। ਇਸ ਮੌਕੇ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ, ਪਰਮਿੰਦਰ ਸਿੰਘ ਢੀਂਡਸਾ, ਮਹਿੰਦਰ ਕੌਰ ਜੋਸ਼ ਅਤੇ ਲਾਲੀ ਦੇ ਸਮਰਥਕ ਵੀ ਮੌਜੂਦ ਸਨ।

ਉਧਰ ਲਾਲੀ ਦੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਜਾਣ 'ਤੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਦਿਲਚਸਪ ਟਿੱਪਣੀ ਕਰਦਿਆਂ ਕਿਹਾ ਕਿ 'ਕੌਣ ਹੈ ਲਾਲੀ ?' ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਇਹ ਪਾਰਟੀ ਦੇ ਹਿਤ ਵਿੱਚ ਹੀ ਹੈ ਕਿ ਲਾਲੀ ਵਰਗੇ ਲੋਕਾਂ ਦਾ ਸੱਚ ਸਹੀ ਸਮੇਂ 'ਤੇ ਸਾਹਮਣੇ ਆ ਗਿਆ ਅਤੇ ਉਹ ਆਪਣੇ-ਆਪ ਹੀ ਪਾਰਟੀ ਦਾ ਖਹਿੜਾ ਛੱਡ ਗਿਆ। ਉਨ੍ਹਾਂ ਬਾਬਾ ਬੁਲ੍ਹੇਸ਼ਾਹ ਦੀਆਂ ਲਿਖੀਆਂ ਸਤਰਾਂ ਬੋਲਦਿਆਂ ਕਿਹਾ ਕਿ "ਭਲਾ ਹੋਇਆ ਮੇਰਾ ਚਰਖਾ ਟੁੱਟਿਆ, ਜ਼ਿੰਦ ਅਜਾਬੋਂ ਛੁੱਟੀ।" ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ 1992 ਵਿੱਚ ਲਾਲੀ ਵਿਧਾਇਕ ਚੁਣਿਆ ਗਿਆ ਸੀ, ਮੰਤਰੀ ਵੀ ਰਿਹਾ ਪਰ ਕੋਈ ਵੀ ਕਾਰਗੁਜ਼ਾਰੀ ਨਾ ਕਰਨ ਕਰਕੇ ਉਹ ਹਲਕੇ ਦੇ ਲੋਕਾਂ ਦੇ ਮਨਾਂ ਵਿੱਚੋਂ ਕਦੋਂ ਦਾ ਵਿਸਰ ਚੁੱਕਿਆ ਹੈ। ਰਾਣਾ ਗੁਰਜੀਤ ਸਿੰਘ ਨੇ ਦਾਅਵਾ ਕੀਤਾ ਕਿ ਕਾਂਗਰਸ ਦੇ ਉਮੀਦਵਾਰ ਹਰਦੇਵ ਸਿੰਘ ਲਾਡੀ ਇਸ ਉਪ ਚੋਣ ਨੂੰ 50,000 ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤਣਗੇ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਦੋ-ਤਿਹਾਈ ਬਹੁਮਤ ਹਾਸਿਲ ਕਰਨ ਦੀ ਮੁਹਿੰਮ ਨੂੰ ਕਾਮਯਾਬ ਕਰਨਗੇ।

# ਪੰਜਾਬ ਸਰਕਾਰ ਵੱਲੋਂ ਜਾਅਲ੍ਹੀ ਟਰੈਵਲ ਏਜੰਟਾਂ ਖਿਲਾਫ ਸਖਤ ਕਾਰਵਾਈ ਦੇ ਨਿਰਦੇਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਮੂਹ ਡਿਪਟੀ ਕਮਿਨਸ਼ਰਾਂ, ਜ਼ਿਲ੍ਹਾ ਪੁਲੀਸ ਮੁਖੀਆਂ/ਪੁਲੀਸ ਕਮਿਸ਼ਨਰਾਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਅਣਅਧਿਕਾਰਤ ਟਰੈਵਲ ਏਜੰਟਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਕਾਰਵਾਈ ਕਰਦਿਆਂ ਵਧੀਕ ਮੁੱਖ ਸਕੱਤਰ ਗ੍ਰਹਿ ਐੱਨ.ਐੱਸ. ਕਲਸੀ ਨੇ ਸੂਬੇ ਦੇ ਸਿਵਲ ਤੇ ਪੁਲੀਸ ਅਧਿਕਾਰੀਆਂ ਨੂੰ ਟਰੈਵਲ ਏਜੰਟਾਂ ਵਜੋਂ ਕੰਮ ਕਰਨ ਅਤੇ ਲਾਇਸੈਂਸ ਨਾਲ ਸਬੰਧਤ ਕਾਨੂੰਨ ਦੀ ਪਾਲਣਾ ਨੂੰ ਸਖ਼ਤੀ ਨਾਲ ਯਕੀਨੀ ਬਣਾਉਣ ਲਈ ਕਿਹਾ ਹੈ।

ਗ੍ਰਹਿ ਵਿਭਾਗ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਜ਼ਿਲ੍ਹੇ ਵਿੱਚ ਰਜਿਸਟਰਡ ਟਰੈਵਲ ਏਜੰਟਾਂ ਦੀ ਵਿਸਥਾਰਤ ਜਾਣਕਾਰੀ ਜ਼ਿਲ੍ਹੇ ਦੇ ਵੈੱਬ ਪੋਰਟਲ 'ਤੇ ਅਪਡੇਟ ਕਰਨ ਦੀ ਹਦਾਇਤ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਦੇ ਲਾਇਸੈਂਸ ਬਾਰੇ ਜਾਣਕਾਰੀ ਅਤੇ ਇਸ ਦੀ ਮਿਆਦ ਅਤੇ ਤਸਵੀਰ ਸ਼ਾਮਲ ਹੈ। ਇੱਕ ਪੀ.ਸੀ.ਐੱਸ. ਅਧਿਕਾਰੀ ਨੂੰ ਨੋਡਲ ਅਫਸਰ ਨਿਯੁਕਤ ਕਰਨ ਲਈ ਕਿਹਾ ਹੈ। ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਆਪਣੀਆਂ ਮਾਸਿਕ ਜਾਇਜ਼ਾ ਮੀਟਿੰਗਾਂ ਦੌਰਾਨ ਕਿਸੇ ਵੀ ਟਰੈਵਲ ਏਜੰਟ ਵਿਰੁੱਧ ਕਾਰਵਾਈ ਰਿਪੋਰਟ ਬਾਰੇ ਜਾਇਜ਼ਾ ਲੈਣ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਸਾਰੀਆਂ ਇਸ਼ਤਿਹਾਰ ਏਜੰਸੀਆਂ, ਅਖ਼ਬਾਰਾਂ, ਇਲੈਕਟ੍ਰਾਨਿਕ ਮੀਡੀਆ ਅਤੇ ਹੋਰ ਅਜਿਹੀਆਂ ਏਜੰਸੀਆਂ ਨੂੰ ਨਿਯਮਾਂ ਬਾਰੇ ਜਾਣੂੰ ਕਰਵਾਉਣ। ਗ੍ਰਹਿ ਵਿਭਾਗ ਨੇ ਵੀ ਇਹ ਜ਼ਰੂਰੀ ਬਣਾਉਣ ਦਾ ਫੈਸਲਾ ਕੀਤਾ ਹੈ ਕਿ ਵਿਦੇਸ਼ ਵਿੱਚ ਟਰੈਵਲ ਏਜੰਟਾਂ ਦੇ ਰਾਹੀਂ ਪੜ੍ਹਾਈ ਕਰਨ ਦੀ ਇੱਛਾ ਰੱਖਣ ਵਾਲੇ ਵਿਦਿਆਰਥੀ ਏਜੰਟ ਦੀ ਤਰਫੋਂ ਆਪਣੀ ਅਰਜ਼ੀ ਦੇ ਨਾਲ ਇੱਕ ਸਰਟੀਫਿਕੇਟ ਨੱਥੀ ਕਰਨਗੇ, ਜਿਸ ਬਾਰੇ ਜ਼ਿਲ੍ਹਾ ਪੁਲੀਸ ਤੋਂ ਕਲੀਅਰੈਂਸ ਸਰਟੀਫਿਕੇਟ ਲਿਆ ਜਾਵੇ।

# ਟੈਕਸਾਸ ਦੇ ਹਾਈ ਸਕੂਲ ਵਿਚ ਗੋਲੀਬਾਰੀ ਨਾਲ 10 ਮੌਤਾਂ



ਸਾਂਟਾ ਫੇਅ ਹਾਈ ਸਕੂਲ ਦੇ ਬਾਹਰ ਵਿਦਿਆਰਥੀ ਅਤੇ ਮਾਪੇ।

**ਹਿਊਸਟਨ/ਬਿਊਰੋ ਨਿਊਜ਼ :** ਅਮਰੀਕੀ ਰਾਜ ਟੈਕਸਸ ਦੇ ਇਕ ਹਾਈ ਸਕੂਲ ਵਿੱਚ ਇਕ ਬੰਦੂਕਧਾਰੀ ਵੱਲੋਂ ਕੀਤੀ ਫਾਇਰਿੰਗ 'ਚ ਦਸ ਜਣੇ ਹਲਾਕ ਹੋ ਗਏ, ਜਿਨ੍ਹਾਂ 'ਚ ਵੱਡੀ ਗਿਣਤੀ ਵਿਦਿਆਰਥੀਆਂ ਦੀ ਹੈ। ਪੁਲੀਸ ਨੇ ਬੰਦੂਕਧਾਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਫਾਇਰਿੰਗ ਦੀ ਇਹ ਘਟਨਾ ਹਿਊਸਟਨ ਤੋਂ 50 ਕਿਲੋਮੀਟਰ ਦੂਰ ਦੱਖਣ ਪੂਰਬ ਵਿੱਚ ਸਾਂਟਾ ਫੇਅ ਹਾਈ ਸਕੂਲ ਵਿੱਚ ਵਾਪਰੀ। ਸੂਤਰਾਂ ਅਨੁਸਾਰ ਇਸ ਦੌਰਾਨ ਇਕ ਅਣਪਛਾਤੇ ਲਾਅ ਐਨਫੋਰਸਮੈਂਟ ਅਧਿਕਾਰੀ ਨੂੰ ਵੀ ਗੋਲੀ ਲੱਗੀ

# ਅੱਠਵਾਂ ਫੀਲਡ ਹਾਕੀ ਟੂਰਨਾਮੈਂਟ ਸਫਲਤਾ ਨਾਲ ਸੰਪੰਨ







## ਵੈਸਟ ਕੋਸਟ ਕਿੰਗਜ਼ ਸਰ੍ਹੀ ਦੀ ਟੀਮ ਨੇ ਕੀਤਾ ਪਹਿਲਾ ਸਥਾਨ ਹਾਸਲ

**ਸਟਾਕਟਨ/ਬਿਊਰੋ ਨਿਊਜ਼:** ਗਦਰੀ ਬਾਬਿਆਂ ਦੀ ਧਰਤੀ ਸਟਾਕਟਨ ਵਿਖੇ ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ ਗਦਰੀ ਬਾਬੇ ਸਪੋਰਟਸ ਕਲੱਬ ਵਲੋਂ ਆਪਣਾ ਸਲਾਨਾ ਅੱਠਵਾਂ ਫੀਲਡ ਹਾਕੀ ਟੂਰਨਾਮੈਂਟ ਲੰਘੇ ਐਤਵਾਰ ਨੂੰ ਪੂਰੀ ਸ਼ਾਨੋ ਸ਼ੌਕਤ ਅਤੇ ਸਫਲਤਾ ਨਾਲ ਮੁਕੰਮਲ ਕਰਵਾਇਆ ਗਿਆ। 18 ਮਈ ਨੂੰ ਇਸ ਟੂਰਨਾਮੈਂਟ ਦੇ ਉਦਘਾਟਨ ਵੇਲੇ ਵੱਡੀ ਗਿਣਤੀ ਵਿਚ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੀ ਗਿਣਤੀ ਅਮਰੀਕਾ ਵਿਚ ਹਾਕੀ ਪ੍ਰੇਮ ਦੀ ਇਕ ਜਿਉਂਦੀ ਜਾਗਦੀ ਵੱਡੀ ਮਿਸਾਲ ਸੀ। ਇਵੇਂ ਤਿੰਨੇ ਦਿਨ ਹਾਕੀ ਦੇ ਫਸਵੇਂ ਮੁਕਾਬਲੇ ਅਤੇ ਅੰਤਰਰਾਸ਼ਟਰੀ ਪੱਧਰ ਦੀ ਹਾਕੀ ਦਰਸ਼ਕਾਂ ਨੂੰ ਵੇਖਣ ਨੂੰ ਮਿਲੀ ਅਤੇ ਇਸ ਅੱਠਵੇਂ ਹਾਕੀ ਟੂਰਨਾਮੈਂਟ ਵਿਚ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਦਾ ਭਾਰਤ ਤੋਂ ਉਚੇਚੇ ਤੌਰ 'ਤੇ ਸ਼ਾਮਿਲ ਹੋਣਾ ਪ੍ਰਬੰਧਕਾਂ ਦੀ ਵੱਡੀ ਇਸ ਕਰਕੇ ਬਣਿਆ ਕਿਉਂਕਿ ਉਨ੍ਹਾਂ ਨੇ ਇਸ ਟੂਰਨਾਮੈਂਟ ਤੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਸਿਰਫ ਕੈਲੇਫੋਰਨੀਆਂ ਜਾ ਅਮਰੀਕਾ ਵਿਚ ਹੋਣ ਵਾਲਾ ਪੰਜਾਬੀ ਭਾਈਚਾਰੇ ਦਾ ਵੱਡਾ ਹਾਕੀ ਟੂਰਨਾਮੈਂਟ ਹੀ ਨਹੀਂ ਸਗੋਂ ਇਸ ਟੂਰਨਾਮੈਂਟ ਵਿਚ ਅੰਤਰਰਾਸ਼ਟਰੀ ਪੱਧਰ ਦੇ ਵੱਖ ਵੱਖ ਦੇਸ਼ਾਂ

ਬਾਕੀ ਸਫ਼ਾ 32 'ਤੇ

# ਰੋਜ਼ੀ-ਰੋਟੀ ਲਈ ਲਿਬੀਆ ਗਏ ਪੰਜਾਬ ਦੇ ਚਾਰ ਨੌਜਵਾਨ ਲਾਪਤਾ

## *ਪਰਿਵਾਰਕ ਮੈਂਬਰ ਦਰ-ਦਰ ਭਟਕਣ ਲਈ ਮਜਬੂਰ*

**ਕਰਤਾਰਪੁਰ/ਬਿਊਰੋ ਨਿਊਜ਼ :**

ਹਾਲੇ ਇਰਾਕ ਵਿੱਚ ਮਾਰੇ ਗਏ ਭਾਰਤੀਆਂ ਦੇ ਪਰਿਵਾਰ ਸਦਮੇ ਤੋਂ ਉੱਭਰ ਨਹੀਂ ਸਕੇ ਸਨ ਕਿ ਹੁਣ ਕਰਤਾਰਪੁਰ ਤੋਂ ਦਰਦ-ਭਰੀ ਦਾਸਤਾਂ ਸਾਹਮਣੇ ਆਈ, ਜਿਥੋਂ ਦੇ ਚਾਰ ਵਿਅਕਤੀ ਲਿਬੀਆ ਵਿੱਚ ਲਾਪਤਾ ਹੋ ਗਏ ਹਨ। ਪਰਿਵਾਰਕ ਮੈਂਬਰਾਂ ਦਾ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਹੋ ਰਿਹਾ ਹੈ। ਜਾਣਕਾਰੀ ਅਨੁਸਾਰ ਉਹ 10 ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ ਗਏ ਸਨ, ਜਿਨ੍ਹਾਂ ਨਾਲ ਪਰਿਵਾਰ ਦਾ ਕੋਈ ਸੰਪਰਕ ਨਹੀਂ ਹੋ ਰਿਹਾ। ਨਾ ਹੀ ਉਨ੍ਹਾਂ ਬਾਰੇ ਕੋਈ ਠੋਸ ਜਾਣਕਾਰੀ ਹੈ, ਜਿਸ ਦੇ ਆਧਾਰ 'ਤੇ ਉਹ ਉਨ੍ਹਾਂ ਦੇ ਵਾਪਸ ਆਉਣ ਦੀ ਕੋਈ ਸਰਕਾਰ ਤੱਕ ਪਹੁੰਚ ਕਰ ਸਕਣ। ਅਜਿਹੇ ਵਿੱਚ ਪੀੜਤ ਪਰਿਵਾਰ ਸਦਮੇ ਵਿੱਚ ਹਨ।

ਲਿਬੀਆ ਗਏ ਵਿਅਕਤੀਆਂ ਵਿੱਚ ਫਰਨੀਚਰ ਬਾਜ਼ਾਰ ਕਰਤਾਰਪੁਰ ਵਸਨੀਕ ਰਣਜੀਤ ਸਿੰਘ ਪੁੱਤਰ ਬਲਦੇਵ ਸਿੰਘ, ਪਵਨ ਕੁਮਾਰ ਪੁੱਤਰ ਹਰਬੰਸ ਲਾਲ ਵਾਸੀ ਆਰੀਆ ਨਗਰ, ਕਮਲਜੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਕਰਤਾਰਪੁਰ ਅਤੇ ਹਰਮੇਸ਼ ਲਾਲ ਵਾਸੀ ਆਰੀਆ ਨਗਰ ਸ਼ਾਮਲ ਹਨ। ਰਣਜੀਤ ਸਿੰਘ ਦੇ ਪਿਤਾ ਬਲਦੇਵ ਸਿੰਘ ਨੇ ਆਪਣਾ ਦੁੱਖੜਾ ਸੁਣਾਉਂਦਿਆਂ ਕਿਹਾ ਕਿ ਚਾਰੇ ਨੌਜਵਾਨ ਕੇਜੀ. ਕੰਪਨੀ ਵਿੱਚ ਬਤੌਰ ਕਾਰਪੇਂਟਰ ਗਏ ਸਨ, ਜਿਥੇ ਉਨ੍ਹਾਂ 6-7 ਮਹੀਨੇ ਕੰਮ ਕੀਤਾ। ਇਸ ਤੋਂ ਬਾਅਦ ਉਨ੍ਹਾਂ ਬਾਰੇ ਕੁਝ ਵੀ ਪਤਾ ਨਹੀਂ ਕਿ ਉਹ ਕਿਥੇ ਹਨ। ਨਾ ਹੀ ਉਨ੍ਹਾਂ ਨਾਲ ਸੰਪਰਕ ਹੋ ਸਕਿਆ।



ਪੀੜਤ ਪਰਿਵਾਰ ਪੱਤਰਕਾਰਾਂ ਕੋਲ ਦਾਸਤਾਂ ਬਿਆਨ ਕਰਦੇ ਹੋਏ।

ਉਨ੍ਹਾਂ ਦੱਸਿਆ ਉਨ੍ਹਾਂ ਨਾਲ 16 ਨੌਜਵਾਨ ਹੋਰ ਸਨ, ਜਿਨ੍ਹਾਂ ਬਾਰੇ ਕਿਸੇ ਕੋਲ ਕੋਈ ਜਾਣਕਾਰੀ ਨਹੀਂ। ਉਨ੍ਹਾਂ ਦੱਸਿਆ ਕਿ ਸਿਰਫ਼ ਇੰਨਾ ਹੀ ਪਤਾ ਲੱਗਾ ਕਿ ਲਾਪਤਾ ਹੋਏ ਨੌਜਵਾਨ ਸਮੁੰਦਰ ਰਸਤੇ ਇਟਲੀ ਜਾਣ ਦੀ ਤਾਕ ਵਿੱਚ ਸਨ ਪਰ ਉਹ ਉਥੇ ਨਹੀਂ ਪਹੁੰਚੇ। ਹੁਣ ਤੱਕ ਲਾਪਤਾ ਨੌਜਵਾਨਾਂ ਵਿਚੋਂ ਕਿਸੇ ਵੀ ਵਿਅਕਤੀ ਦਾ ਆਪਣੇ ਕਿਸੇ ਪਰਿਵਾਰਕ ਮੈਂਬਰ ਨਾਲ ਸੰਪਰਕ ਨਹੀਂ ਹੋਇਆ। ਇਸ ਸਬੰਧੀ ਲਿਬੀਆ ਦੀ ਕੰਪਨੀ ਵੀ ਕੋਈ ਹੱਥ-ਪੱਲਾ ਨਹੀਂ ਫੜਾ ਰਹੀ।

ਪਵਨ ਕੁਮਾਰ ਦੇ ਪਿਤਾ ਹਰਬੰਸ ਲਾਲ ਨੇ ਦੱਸਿਆ ਕਿ ਉਨ੍ਹਾਂ ਕਰਜ਼ਾ ਚੁੱਕ ਕੇ ਆਪਣੇ ਪੁੱਤਰ ਨੂੰ ਲਿਬੀਆ ਭੇਜਿਆ ਸੀ। ਹੁਣ ਉਨ੍ਹਾਂ ਬਾਰੇ ਕੁਝ ਵੀ ਪਤਾ ਨਹੀਂ ਲੱਗ ਰਿਹਾ। ਉਨ੍ਹਾਂ ਸਮੇਂ ਦੀਆਂ ਸਰਕਾਰਾਂ ਤੇ ਸਮਾਜ ਸੇਵੀ ਸੰਸਥਾਵਾਂ ਪ੍ਰਤੀ ਨਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕਿਸੇ ਨੇ ਸਾਰ ਨਹੀਂ ਲਈ। ਹਰਮੇਸ਼ ਕੁਮਾਰ ਦੀ ਪਤਨੀ ਰਜਨੀ ਬਾਲਾ ਨੇ ਆਪਣਾ ਦੁੱਖੜਾ ਸੁਣਾਉਂਦਿਆਂ ਕਿਹਾ ਕਿ ਉਸ ਦਾ ਪਤੀ 2007 ਵਿੱਚ ਬਤੌਰ ਕਾਰਪੇਂਟਰ ਲਿਬੀਆ ਗਿਆ ਸੀ। ਜੁਲਾਈ 2008 ਵਿੱਚ ਉਹ ਲਾਪਤਾ ਹੋ ਗਏ। ਫਿਰ ਕਦੇ ਵੀ ਉਸ ਦਾ ਆਪਣੇ ਪਤੀ ਨਾਲ ਸੰਪਰਕ ਨਹੀਂ ਹੋ ਸਕਿਆ। ਉਹ ਸਿਲਾਈ ਕਢਾਈ ਦਾ ਕੰਮ ਕਰਕੇ ਆਪਣੇ ਦੋ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੀ ਹੈ। ਕਮਲਜੀਤ ਦੀ ਪਤਨੀ ਕੁਲਵਿੰਦਰ ਕੌਰ ਨੇ ਦੱਸਿਆ ਕਿ 2008 ਤੋਂ ਬਾਅਦ ਉਨ੍ਹਾਂ ਦਾ ਆਪਣੇ ਪਤੀ ਨਾਲ ਕੋਈ ਸੰਪਰਕ ਨਹੀਂ ਹੋਇਆ। ਆਪਣੇ ਦੋ ਬੱਚਿਆਂ ਨਾਲ ਘਰ ਦਾ ਗੁਜ਼ਾਰਾ ਕਰਨ ਲਈ ਉਨ੍ਹਾਂ ਨੂੰ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ। ਲਾਪਤਾ ਹੋਏ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਲਾਪਤਾ ਹੋਏ ਵਿਅਕਤੀਆਂ ਦੀ ਭਾਲ ਲਈ ਉਨ੍ਹਾਂ ਦੀ ਬਾਂਹ ਫੜਨ ਤਾਂ ਕਿ ਕੋਈ ਸੁਰਾਗ ਨਿਕਲ ਸਕੇ।

# ਪਾਕਿਸਤਾਨ ਤੋਂ ਆਪਣੇ ਜੱਦੀ ਪਿੰਡ ਦੇਖਣ ਆਏ ਮਹਿਮਾਨਾਂ ਦਾ ਸ਼ਾਹੀ ਸਵਾਗਤ



ਪਿੰਡ ਹਕੀਮਬੇਗ ਦੇ ਪਾਕਿਸਤਾਨੀ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਲੋਕ।

**ਫਤਿਹਗੜ੍ਹ ਚੂੜੀਆਂ/ਬਿਊਰੋ ਨਿਊਜ਼ :** ਪਾਕਿਸਤਾਨ ਤੋਂ ਉਚੇਚੇ ਤੌਰ 'ਤੇ ਆਪਣੀ ਦਾਦੀ ਦਾ ਪਿੰਡ ਦੇਖਣ ਲਈ ਆਏ ਮਹਿਮਾਨ ਮੁਹੰਮਦ ਸਾਈਦ ਸਾਦਿਕ ਅਤੇ ਅਫਜ਼ਲ ਕਾਦਰ ਦਾ ਪਿੰਡ ਹਕੀਮਬੇਗ ਅਤੇ ਕੋਟਲੀ ਸੂਰਤ ਮੱਲ੍ਹੀ ਵਿੱਚ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੀ ਮੌਜੂਦ ਸਨ, ਜਿਨ੍ਹਾਂ ਦੇ ਘਰ ਮਹਿਮਾਨਾਂ ਨੇ ਖਾਣਾ ਖਾਧਾ। ਪਿੰਡ ਦੇ ਲੋਕਾਂ ਨੇ ਮਹਿਮਾਨਾਂ ਨੂੰ ਪੰਜਾਬੀ ਰਸਮ ਅਨੁਸਾਰ ਠੂਠੀ 'ਚ ਸ਼ਗਨ ਦਿੱਤਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁਹੰਮਦ ਸਈਦ ਸਾਦਿਕ ਨੇ ਕਿਹਾ ਕਿ ਉਹ ਭਾਰਤ ਨੂੰ ਦੂਸਰਾ ਦੇਸ਼ ਨਹੀਂ ਮੰਨਦੇ ਅਤੇ ਉਹ ਮਹਿਸੂਸ ਕਰ ਰਹੇ ਹਨ ਕਿ ਉਹ ਆਪਣੇ ਦੇਸ਼ ਵਿੱਚ ਹੀ ਘੁੰਮ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਹਕੀਮਬੇਗ ਦੇ ਲੋਕਾਂ ਨੇ ਬਹੁਤ ਪਿਆਰ ਦਿੱਤਾ ਹੈ, ਜਿਸ ਦੇ ਉਹ ਸਦਾ ਰਿਣੀ ਰਹਿਣਗੇ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਦੀ ਬਦੌਲਤ ਉਨ੍ਹਾਂ ਨੂੰ ਆਪਣੇ ਬਜ਼ੁਰਗਾਂ ਦੀਆਂ ਯਾਦਾਂ ਨੂੰ ਵੇਖਣ ਦਾ ਮੌਕਾ ਮਿਲਿਆ ਹੈ।

ਮੁਹੰਮਦ ਸਾਦਕ ਅਤੇ ਅਫਜ਼ਲ ਕਾਦਰ ਨੇ ਪਿੰਡ ਵਿੱਚ ਪੀਰ ਬਾਬਾ ਹੀਰੇ ਸ਼ਾਹ ਦੀ ਮਜ਼ਾਰ ਅਤੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ। ਸ੍ਰੀ ਰੰਧਾਵਾ ਨੇ ਉਨ੍ਹਾਂ ਦਾ ਪਿੰਡ ਹਕੀਮਬੇਗ ਆਉਣ 'ਤੇ ਸਵਾਗਤ ਕਰਦਿਆਂ ਉਨ੍ਹਾਂ ਨੂੰ ਦੁਬਾਰਾ ਭਾਰਤ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਰੋਸ਼ਨ ਜੋਸਫ, ਕੰਵਲਜੀਤ ਸਿੰਘ ਟੋਨੀ, ਅਸ਼ਵਨੀ ਸ਼ਰਮਾ, ਨੰਬਰਦਾਰ ਦਲੀਪ ਸਿੰਘ, ਨਾਇਬ ਤਹਿਸੀਲਦਾਰ ਅਰਵਿੰਦ ਸਲਵਾਨ, ਐੱਸਪੀ. ਹੈੱਡਕੁਆਟਰ ਬੀਐੱਸ. ਢਿੱਲੋਂ, ਡੀਐੱਸਪੀ ਦੀਪ ਰਾਏ, ਐਸਐਚਓ. ਕੁਲਵੰਤ ਸਿੰਘ ਅਤੇ ਐੱਸਐੱਚਓ ਅਵਤਾਰ ਸਿੰਘ ਕੰਗ ਆਦਿ ਹਾਜ਼ਰ ਸਨ।

# ਪੰਜਾਬ 'ਚ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਹੋਵੇਗਾ ਸੜਕਾਂ ਦਾ ਨਾਮਕਰਨ

**ਚੰਡੀਗੜ੍ਹ/ਬਿਊਰੋ ਨਿਊਜ਼ :**

ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਸਮਾਰੋਹ ਵਜੋਂ ਮਨਾਉਣ ਦੀ ਯੋਜਨਾ ਦੇ ਹਿੱਸੇ ਤਹਿਤ ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਪਵਿੱਤਰ ਸਥਾਨਾਂ ਨੂੰ ਜੋੜਦੀਆਂ ਸੜਕਾਂ ਦਾ ਨਾਮ 'ਗੁਰੂ ਨਾਨਕ ਮਾਰਗ' ਰੱਖਣ ਦਾ ਫੈਸਲਾ ਕੀਤਾ ਹੈ।

ਇਸ ਸਬੰਧੀ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਵਾਸਤੇ ਬਣਾਈ ਕਾਰਜਕਾਰੀ ਕਮੇਟੀ ਦੀ ਮੀਟਿੰਗ ਦੀ ਇੱਥੇ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਥਾਵਾਂ ਦਾ ਸਰਕਾਰ ਵੱਲੋਂ ਵਿਸ਼ੇਸ਼ ਵਿਕਾਸ ਕਰਨ ਦਾ ਵੀ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਇਸ ਸਬੰਧੀ ਵੱਖ-ਵੱਖ ਜਥੇਬੰਦੀਆਂ ਨਾਲ ਤਾਲਮੇਲ ਕਰਨ ਲਈ ਇੱਕ ਉੱਚ ਪੱਧਰੀ ਕਮੇਟੀ ਕਾਇਮ ਕੀਤੀ ਹੈ, ਜਿਸ ਵਿੱਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ, ਸੁਖਜਿੰਦਰ ਸਿੰਘ ਰੰਧਾਵਾ ਅਤੇ, ਵਿਧਾਇਕ ਨਵਤੇਜ ਸਿੰਘ ਚੀਮਾ ਸ਼ਾਮਲ ਹਨ। ਮੀਟਿੰਗ ਵਿੱਚ ਸਿਹਤ ਮੰਤਰੀ ਬ੍ਰਹਮ ਮਹਿੰਦਰਾ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸਿੱਖਿਆ ਮੰਤਰੀ ਓ.ਪੀ. ਸੋਨੀ, ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਉਚੇਰੀ ਸਿੱਖਿਆ ਮੰਤਰੀ ਰਜ਼ੀਆ ਸੁਲਤਾਨਾ, ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਲੋਕ ਨਿਰਮਾਣ ਤੇ ਸੂਚਨਾ ਤਕਨਾਲੋਜੀ ਮੰਤਰੀ ਵਿਜੇਇੰਦਰ ਸਿੰਗਲਾ, ਸੰਸਦ ਮੈਂਬਰ ਸੁਨੀਲ ਜਾਖੜ ਹਾਜ਼ਰ ਸਨ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਪੰਜਾਬੀ ਨਾਟਕ 'ਗਦਰ ਗਾਥਾ' ਰਲੀਜ਼



ਨਾਟਕ 'ਗ਼ਦਰ-ਗਾਥਾ' ਦੇ ਨਿਊਯਾਰਕ ਸਿਟੀ 'ਚ ਹੋਏ ਰਲੀਜ਼ ਸਮਾਗਮ ਦੀ ਝਲਕ

**ਫਰੀਮਾਂਟ/ਬਿਊਰੋ ਨਿਊਜ਼ :** ਰੰਗਕਰਮੀ ਅਤੇ ਨਾਟਕਕਾਰ ਦਵਿੰਦਰ ਦਮਨ ਆਪਣਾ ਤਿੰਨ ਮਹੀਨੇ ਦਾ ਨੌਰਥ ਅਮਰੀਕਾ ਦਾ ਸਭਿਆਚਾਰਕ ਦੌਰਾ ਪੂਰਾ ਕਰਕੇ ਵਾਪਿਸ ਭਾਰਤ ਪਰਤ ਰਹੇ ਹਨ। ਇਸ ਦੌਰੇ ਦੌਰਾਨ ਉਹਨਾਂ ਹਾਲੀਵੁੱਡ ਵਿਚ ਆਪਣੀ ਅੰਗਰੇਜ਼ੀ ਫਿਲਮ 'ਜਨਵਰੀ' ਦੀ ਪ੍ਰੋਡਕਸ਼ਨ ਦਾ ਕੰਮ ਪੂਰਾ ਕੀਤਾ। ਉਨ੍ਹਾਂ ਸੈਂਟਾ ਕਲਾਰਾ ਅਤੇ ਯੂ.ਐਨ.ਟੀ ਯੂਨੀਵਰਸਟੀਆਂ ਦੇ ਥੀਏਟਰ ਵਿਭਾਗਾਂ ਦਾ ਦੌਰਾ ਕੀਤਾ। ਡੈਲਸ ਵਿਚ ਐਕਟਿੰਗ ਵਰਕਸ਼ਾਪ ਲਾਈ ਅਤੇ ਕੈਲੀਫੋਰਨੀਆ ਅਤੇ ਟੈਕਸਾਸ ਵਿਚ ਦੋ ਨਵੀਆਂ ਰੰਗਮੰਚ ਮੰਡਲੀਆਂ ਦਾ ਸੰਗਠਨ ਕੀਤਾ।

ਇਸ ਸਮੇਂ ਦੌਰਾਨ ਹੀ ਉਹਨਾਂ ਦਾ ਨਵਾਂ ਨਾਟਕ ਗ਼ਦਰ-ਗਾਥਾ, ਵਿਸ਼ਵ ਸਾਹਿਤ ਅਕਾਦਮੀ ਕੈਲੀਫੋਰਨੀਆ ਵਲੋਂ ਨਿਊਆਰਕ ਸਿਟੀ ਵਿਖੇ ਰਲੀਜ਼ ਕੀਤਾ ਗਿਆ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਦਸਿਆ ਕਿ ਪਰਵਾਸੀ ਪੰਜਾਬੀਆਂ ਵਿਚ ਰੰਗਮੰਚ ਪ੍ਰਤੀ ਨਵਾਂ ਰੁਝਾਨ ਵਿਕਸਿਤ ਹੋਇਆ ਹੈ। ਉਹਨਾਂ ਨੂੰ ਬਹੁਤ ਸਾਰੇ ਦੇਸ਼ਾਂ ਵਿਚੋਂ ਨਵੇਂ ਰੰਗਮੰਚ ਗਰੁੱਪਾਂ ਦੀ ਉਸਾਰੀ ਕਰਨ ਅਤੇ ਐਕਟਿੰਗ ਵਰਕਸ਼ਾਪਾਂ ਕਰਨ ਲਈ ਸੱਦੇ ਆ ਰਹੇ ਹਨ। ਉਹਨਾਂ ਵਲੋਂ 2019 ਵਿਚ ਆਸਟਰੇਲੀਆ ਦੇ ਕੁਝ ਸ਼ਹਿਰਾਂ ਵਿਚ ਰੰਗਮੰਚ ਸੰਗਠਿਤ ਕਰਨ ਦੀ ਤਜਵੀਜ਼ ਹੈ।

# ਸਿਰ ਦੀਉ ਧਰ ਮੱਸੇ ਦਾ ਸਿੰਘਾਂ ਕੇ ਆਗਾਹੀ

**ਜਗਤਾਰਜੀਤ ਸਿੰਘ**
(98990-91186)

ਸਿੱਖ ਇਤਿਹਾਸ ਦੇ ਮੱਦੇਨਜ਼ਰ ਕਿਰਪਾਲ ਸਿੰਘ ਦਾ ਇਹ ਚਿੱਤਰ ਵਧੇਰੇ ਸਾਰਥਕ ਅਤੇ ਮਹੱਤਵਪੂਰਨ ਹੋ ਨਿਬੜਦਾ ਹੈ। ਜਿਸ ਜ਼ਮੀਨੀ ਟੁਕੜੇ ਨੂੰ ਚਿੱਤਰ ਵਿੱਚ ਥਾਂ ਮਿਲੀ ਹੈ, ਉਹ ਅੰਮ੍ਰਿਤਸਰੋਂ ਬਹੁਤ ਦੂਰ ਰਾਜਸਥਾਨ ਵਿੱਚ ਹੈ। ਨੀਂਹ ਰੱਖੇ ਜਾਣ ਵੇਲੇ ਤੋਂ ਹੀ ਅੰਮ੍ਰਿਤਸਰ ਸਿੱਖ ਸ਼ਰਧਾ ਦਾ ਕੇਂਦਰ ਬਣਿਆ ਹੋਇਆ ਹੈ। ਜਿਸ ਅਸਥਾਨ ਤੋਂ ਜੀਵਨ ਸੇਧ ਲਈ ਜਾਂਦੀ ਹੈ, ਉਸਦੀ ਰੱਖਿਆ ਜੀਵਨ ਦੇ ਕੇ ਕੀਤੀ ਜਾਂਦੀ ਰਹੀ ਹੈ। ਕਿਰਪਾਲ ਸਿੰਘ ਰਚਿਤ ਚਿੱਤਰ ਦੇ ਪਿਛੋਕੜ ਵਿੱਚ ਅੰਮ੍ਰਿਤਸਰ ਪਵਿੱਤਰ ਅਸਥਾਨ ਹੈ, ਭਾਵੇਂ ਉਹ ਦਿਸ ਨਹੀਂ ਰਿਹਾ। ਚਿੱਤਰ ਦੇਖਦੇ ਸਾਰ ਇਹਦਾ ਸੰਦਰਭ ਜਾਗ੍ਰਿਤ ਹੋ ਜਾਂਦਾ ਹੈ।

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਕਮੁੱਠ ਨਾ ਰਹਿ ਸਕੇ। ਮੁਗ਼ਲ ਸ਼ਾਸਕ ਨੇ ਆਪਣੀ ਤਾਕਤ ਬਹਾਲੀ ਵਾਸਤੇ ਸਿੱਖਾਂ ਦਾ ਪੂਰੀ ਤਰ੍ਹਾਂ ਸਫ਼ਾਇਆ ਕਰਨ ਦਾ ਹੁਕਮ ਆਪਣੇ ਸਿਪਾਹੀਆਂ ਨੂੰ ਸੁਣਾਇਆ। ਕਾਰਜ ਸਿਰੇ ਚਾੜ੍ਹਨ ਵਾਸਤੇ ਸਿੱਖਾਂ ਦੇ ਸਿਰਾਂ ਬਦਲੇ ਉਨ੍ਹਾਂ ਦਾ ਮੁੱਲ ਦੇਣਾ ਸ਼ੁਰੂ ਕਰ ਦਿੱਤਾ। ਫਲਸਰੂਪ, ਸਿੱਖਾਂ ਨੇ ਜੰਗਲ-ਬੀਆਵਾਨ ਥਾਵਾਂ ਨੂੰ ਆਪਣੀ ਸ਼ਰਨਗਾਹ ਬਣਾਇਆ। ਕਈ ਰਾਜਸਥਾਨ ਵੱਲ ਕੂਚ ਕਰ ਗਏ।

ਪਵਿੱਤਰ ਅੰਮ੍ਰਿਤਸਰ ਸਰੋਵਰ ਨੂੰ ਮੱਸਾ ਰੰਘੜ ਵੱਲੋਂ ਪੂਰ ਦਿੱਤਾ ਗਿਆ। ਉਸ ਨੇ ਕੇਂਦਰੀ ਇਮਾਰਤ ਵਿੱਚ ਬੈਠ ਕੇ ਸ਼ਰਾਬ ਦੇ ਨਸ਼ੇ ਨਾਲ ਨਾਚੀਆਂ ਦੇ ਨਾਚ ਦਾ ਆਨੰਦ ਲੈਣਾ ਸ਼ੁਰੂ ਕੀਤਾ। ਅੰਮ੍ਰਿਤਸਰ ਸਰੋਵਰ ਦਾ ਅਪਮਾਨ ਸਿੱਖਾਂ ਵਾਸਤੇ ਮੌਤ ਬਰਾਬਰ ਸੀ।

ਭਾਈ ਬਲਾਕਾ ਸਿੰਘ ਬੇਅਦਬੀ ਸੰਬੰਧੀ ਹਾਸਲ ਕੀਤੀ ਜਾਣਕਾਰੀ ਸਮੇਤ ਬੀਕਾਨੇਰ ਜਾ ਪਹੁੰਚਿਆ ਜਿੱਥੇ ਬਾਬਾ ਬੁੱਢਾ ਸਿੰਘ ਆਪਣੇ ਜਥੇ ਸਮੇਤ ਬੁੱਢਾ ਜੌਹੜ ਜਾ ਟਿਕੇ ਹੋਏ ਸਨ। ਉਸ ਵੱਲੋਂ ਸੁਣਾਈ ਵਿਥਿਆ ਸੁਣ ਕੇ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਘੜ ਨੂੰ ਸੋਧਣ ਦਾ ਪ੍ਰਣ ਲਿਆ। ਉਨ੍ਹਾਂ ਦਾ ਸਾਥ ਦੇਣ ਵਾਸਤੇ ਭਾਈ ਸੁੱਖਾ ਸਿੰਘ ਵੀ ਤਿਆਰ ਹੋ ਗਏ। ਅਰਦਾਸਾ ਸੋਧਣ ਉਪਰੰਤ ਦੋਵੇਂ ਘੋੜਿਆਂ 'ਤੇ ਸਵਾਰ ਹੋ ਅੰਮ੍ਰਿਤਸਰ ਵੱਲ ਤੁਰ ਪਏ। ਦੋਵਾਂ ਨੇ ਥੈਲੀਆਂ ਵਿੱਚ ਠੀਕਰੀਆਂ ਭਰ ਲਈਆਂ ਅਤੇ ਚੌਧਰੀਆਂ ਦਾ ਭੇਸ ਧਾਰ ਲਿਆ।

ਅੰਮ੍ਰਿਤਸਰ ਪਹੁੰਚ ਕੇ ਉਨ੍ਹਾਂ ਆਪਣੇ ਘੋੜੇ ਬੇਰੀ ਨਾਲ ਬੰਨ੍ਹ ਦਿੱਤੇ। ਅੰਦਰ ਪਹੁੰਚ ਕੇ ਮੱਸੇ ਰੰਘੜ ਅੱਗੇ ਥੈਲੀਆਂ ਰੱਖਦਿਆਂ ਉਨ੍ਹਾਂ ਦੱਸਿਆ ਕਿ ਉਹ ਪਿੰਡ ਦਾ ਮਾਮਲਾ ਉਤਾਰਨ ਆਏ ਹਨ। ਜਿਉਂ ਹੀ ਉਹ ਥੈਲੀਆਂ ਵੱਲ ਝੁਕਿਆ ਭਾਈ ਮਹਿਤਾਬ ਸਿੰਘ ਨੇ ਕਿਰਪਾਨ ਦੇ ਵਾਰ ਨਾਲ ਉਹਦਾ ਸਿਰ, ਧੜ ਨਾਲੋਂ ਵੱਖ ਕਰ ਦਿੱਤਾ। ਨੇਜ਼ੇ ਉਪਰ ਉਸ ਦਾ ਸਿਰ ਟਿਕਾਅ ਉਹ ਪਹਿਲਾਂ ਦਮਦਮਾ ਸਾਹਿਬ ਪਹੁੰਚੇ। ਅਗਲੇ ਦਿਨ ਉਹ ਬਾਬਾ ਬੁੱਢਾ ਸਿੰਘ ਪਾਸ ਬੁੱਢਾ ਜੌਹੜ ਜਾ ਪਹੁੰਚੇ।

ਪੇਂਟਰ ਕਿਰਪਾਲ ਸਿੰਘ ਪੇਂਟਿੰਗ ਵਿੱਚ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਨੂੰ ਭਾਈ ਬੁੱਢਾ ਸਿੰਘ ਵੱਲ ਵਧਦਿਆਂ ਦਿਖਾਉਂਦਾ ਹੈ। ਇਸ ਦੀ ਰਚਨਾ 1962 ਵਿੱਚ ਕੀਤੀ ਗਈ ਅਤੇ ਇਹਦਾ ਆਕਾਰ ਚਾਲੀ ਗੁਣਾ ਬਵੰਜਾ ਇੰਚ ਹੈ।

ਸਮੁੱਚਾ ਦ੍ਰਿਸ਼ ਬਸਤੀ ਦਾ ਪ੍ਰਤੀਤ ਹੁੰਦਾ ਹੈ ਜੋ ਆਰਜ਼ੀ ਹੈ। ਥੋੜ੍ਹੀ ਥੋੜ੍ਹੀ ਵਿੱਥ ਉਪਰ ਇੱਕੋ ਕਤਾਰ ਵਿੱਚ ਤਿੰਨ ਤੰਬੂ ਦਿਖਾਈ ਦਿੰਦੇ ਹਨ, ਪਰ ਹਰ ਇੱਕ ਦੂਜੇ ਤੋਂ ਭਿੰਨ ਹੈ। ਦ੍ਰਿਸ਼ ਦੀ ਜ਼ਮੀਨ ਰਾਜਸਥਾਨ ਦੀ ਹੈ ਤਾਹੀਓਂ ਭੂਰੀ ਰੇਤਲੀ ਹੈ। ਸਾਰੀ ਵਸੋਂ ਇੱਕ ਥਾਂ ਇਕੱਤਰ ਹੋਈ ਹੈ। ਇਸ ਦੇ ਕੁਝ ਕਾਰਨ ਹਨ। ਮੂਲ ਕਾਰਨ ਇਹੋ ਹੈ ਕਿ ਇਹ ਸਾਰੇ ਆਪਣੇ ਮੂਲ ਸਥਾਨ ਤੋਂ ਵਿਛੜੇ ਹੋਏ ਹਨ।

ਦੂਰ ਰਹਿ ਕੇ ਇਨ੍ਹਾਂ ਨੇ ਆਪਣੇ ਆਪ ਨੂੰ ਬਚਾਇਆ ਹੋਇਆ ਹੈ। ਇਸ ਤੋਂ ਇਲਾਵਾ ਇਹ ਲੋਕ ਇੱਥੋਂ ਜਾ ਕੇ ਆਪਣੇ ਸਕੇ ਸੰਬੰਧੀਆਂ ਅਤੇ ਸਤਾਏ ਲੋਕਾਂ ਦੀ ਮਦਦ ਕਰ ਆਉਂਦੇ ਹਨ ਜਿਨ੍ਹਾਂ ਨੇ ਆਪਣੇ ਘਰਾਂ ਦਾ ਤਿਆਗ ਨਹੀਂ ਕੀਤਾ। ਇਕੱਠ ਵਿੱਚ ਤਾਕਤ ਹੈ। ਜੇ ਧਾੜਵੀ ਹਮਲਾ ਕਰੇ ਤਾਂ ਇਹ ਬਣਦਾ ਜਵਾਬ ਦੇਣ ਦੇ ਸਮਰੱਥ ਹਨ।ਚਿੱਤਰ ਦੱਸਦਾ ਹੈ ਕਿ ਇੱਥੇ ਟਿਕਣ ਵਾਲੇ ਇਕੱਲੇ-ਦੁਕੱਲੇ ਤੋਂ ਇਲਾਵਾ ਪਰਿਵਾਰ ਵਾਲੇ ਵੀ ਹਨ। ਪਰਿਵਾਰ ਦਾ ਅਰਥ ਮਰਦ ਔਰਤ ਨਹੀਂ, ਉਨ੍ਹਾਂ ਨਾਲ ਭਿੰਨ ਭਿੰਨ ਉਮਰ ਦੇ ਬੱਚੇ ਵੀ ਹਨ। ਕੋਈ ਖੇਡ ਰਿਹਾ ਹੈ, ਕੋਈ ਆਪਣੀ ਉਮਰ ਤੋਂ ਵਡੇਰਾ ਕੰਮ ਕਰ ਰਿਹਾ ਹੈ। ਸਾਰੇ ਸਮੂਹ ਦਾ ਜੀਵਨ, ਸਧਾਰਨ ਜੀਵਨ ਜਿਹਾ ਨਹੀਂ। ਇਹ ਵੱਖਰਾ ਅਤੇ ਦੁਸ਼ਵਾਰੀਆਂ ਭਰਿਆ ਹੈ ਜਿੱਥੇ ਅਨੁਭਵ ਹੀ ਵਿਅਕਤੀ ਨੂੰ ਚੰਡਦਾ ਹੈ। ਤਾਹੀਓਂ ਨੀਲੇ ਬਾਣੇ ਵਿੱਚ ਸ਼ਸਤਰਧਾਰੀ ਬੀਬੀ ਕੋਲ ਹੱਥ ਵਿੱਚ ਬਰਛਾ ਸਾਂਭੀ ਭੁਜੰਗੀ ਖੜ੍ਹਾ ਹੈ। ਵੱਡਾ ਹੋ ਕੇ ਜੋ ਹੋਣਾ ਹੈ ਜਾਂ ਕਰਨਾ ਹੈ, ਉਸ ਦਾ ਅਭਿਆਸ ਹੁਣੇ ਸ਼ੁਰੂ ਹੋ ਗਿਆ ਹੈ। ਅਗਲਾ ਕਾਰਨ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਸਮੂਹ ਸੰਗਤ ਆਪਣੇ ਗੁਰੂ ਦੇ ਕਰੀਬ ਹੋ, ਆਦਰ ਸਤਿਕਾਰ ਨਾਲ ਬੈਠੀ ਹੈ।

ਇਹ ਚਿੱਤਰ ਮਹੱਤਵਪੂਰਨ ਜਾਣਕਾਰੀ ਸੰਚਾਰ ਰਿਹਾ ਹੈ ਕਿ ਸਿੱਖਾਂ ਨੇ ਅਸਹਿਜ ਸਮੇਂ ਵਿੱਚ ਵੀ 'ਗੁਰੂ ਗ੍ਰੰਥ ਸਾਹਿਬ' ਨੂੰ ਆਪਣੇ ਨਾਲ ਰੱਖਿਆ। ਆਪਣੇ ਗੁਰੂ ਪ੍ਰਤੀ ਇਹ ਅਗਾਧ ਸ਼ਰਧਾ ਦਾ ਪ੍ਰਤੀਕ ਹੈ। ਜੰਗ ਸਮੇਂ ਵੀ ਬਾਣੀ ਅਤੇ ਗ੍ਰੰਥ ਦਾ ਤਿਆਗ ਨਾ ਕਰਨਾ ਸਿੱਖ ਜੀਵਨ ਜਾਚ ਦਾ ਅਲੌਕਿਕ ਕਾਰਾ ਕਿਹਾ ਜਾ ਸਕਦਾ ਹੈ।

ਜੰਗਜੂ ਸਿੱਖਾਂ ਦਾ ਇਕੱਠ ਜਥੇ ਦੇ ਰੂਪ ਵਿੱਚ ਹੈ ਜਿਸ ਦਾ ਇੱਕ ਜਥੇਦਾਰ ਬਾਬਾ ਬੁੱਢਾ ਸਿੰਘ ਹੈ। ਚਿੱਤਰ ਵਿੱਚ ਜਥੇਦਾਰ, ਗੁਰੂ ਗ੍ਰੰਥ ਸਾਹਿਬ ਦੇ ਕਰੀਬ ਖੜ੍ਹੇ ਹਨ। ਸਰੀਰ ਸੈਨਤ ਤੋਂ ਲੱਗਦਾ ਹੈ ਜਿਵੇਂ ਉਹ ਸਮੂਹ ਨੂੰ ਕੁਝ ਕਹਿ ਰਹੇ ਹਨ। ਰੀਤ ਅਨੁਸਾਰ ਜਥੇਦਾਰ ਸਮੂਹ ਦਾ ਮੁਖੀ ਹੀ ਨਹੀਂ ਸਗੋਂ ਉਨ੍ਹਾਂ ਦੇ ਦੁੱਖ-ਸੁਖ ਨੂੰ ਵੀ ਦੇਖਦਾ ਹੈ।

ਬਾਬਾ ਬੁੱਢਾ ਸਿੰਘ ਨੇ ਸਫ਼ੈਦ ਚੋਲੇ ਉਪਰ ਭਾਰੀ ਨੀਲੀ ਚਾਦਰ ਨੂੰ ਆਪਣੇ ਸਰੀਰ ਦੁਆਲੇ ਵਲੇਟਿਆ ਹੋਇਆ ਹੈ। ਸਿਰ ਸਜੇ ਦੁਮਾਲੇ ਉਪਰ ਚੱਕਰ ਹਨ। ਚਿੱਤਰ ਵਿੱਚ ਉਹ ਖਾਸੀ ਦੂਰੀ 'ਤੇ ਹੈ ਤਾਂ ਵੀ ਆਪਣੀ ਡੀਲ-ਡੌਲ ਅਤੇ ਫੱਬਤ ਸਦਕਾ ਵੱਖਰੇ ਹੀ ਨਹੀਂ ਸਗੋਂ ਖਿੱਚ ਦਾ ਕੇਂਦਰ ਵੀ ਹਨ।

ਇੱਕ ਹੋਰ ਮੋਟਿਫ਼ ਰੁੱਖ ਪਿੱਛੋਂ ਅਨੰਤ ਸਪੇਸ ਵਿੱਚ ਝੂਲ ਰਹੇ ਨਿਸ਼ਾਨ ਸਾਹਿਬ ਦਾ ਹੈ। ਇਹ ਛੁਪ ਕੇ ਰਹਿ ਰਹੇ ਸਮੂਹ ਦੀ ਇਕਾਈ ਨੂੰ ਦਰਸਾ ਰਿਹਾ ਹੈ। ਨਿਸ਼ਾਨ ਸਾਹਿਬ ਦੇ ਚਿੱਤਰ ਵਿੱਚ ਹੋਣ ਕਾਰਨ ਸੋਚ ਇੱਕ ਨੁਕਤੇ ਉਪਰ ਆ ਟਿਕਦੀ ਹੈ। ਸਿੱਖ ਲੁਕੇ ਹੋਏ ਹਨ ਪਰ ਉਹ ਡਰ ਕੇ ਲੁਕੇ ਹੋਏ ਨਹੀਂ। ਆਪਣੇ ਹੋਣ ਦੀ ਨਿਸ਼ਾਨੀ ਉਨ੍ਹਾਂ ਜ਼ਾਹਿਰ ਕਰ ਦਿੱਤੀ ਹੈ। ਦੁਸ਼ਮਣ ਅਤੇ ਦੋਸਤ ਵਾਸਤੇ ਇਹ ਨਿਸ਼ਾਨੀ ਸਾਂਝੀ ਹੈ। ਇਹ ਨਿਸ਼ਾਨ ਸੰਕੇਤ ਕਰਦਾ ਹੈ ਕਿ ਗੁਰੂ ਦਾ ਸਿੱਖ, ਭੈਅ ਵਿੱਚ ਰਹਿਣ ਦਾ ਆਦੀ ਨਹੀਂ। ਕੋਈ ਵੀ ਸਤਾਇਆ ਵਿਅਕਤੀ ਇਹ ਨਿਸ਼ਾਨ ਦੇਖ ਕੇ ਇਸ ਸਮੂਹ ਤਕ ਪਹੁੰਚ ਕਰ ਸਕਦਾ ਹੈ।ਜਿੱਥੇ ਗੁਰੂ ਗ੍ਰੰਥ ਹੈ, ਓਥੇ ਨਿਸ਼ਾਨ ਸਾਹਿਬ ਹੋਵੇਗਾ। ਜਿੱਥੇ ਨਿਸ਼ਾਨ ਸਾਹਿਬ ਹੋਵੇਗਾ, ਓਥੇ ਸਿੱਖ ਹੋਵੇਗਾ।

ਚਿੱਤਰ ਦਾ ਮੂਲ ਆਧਾਰ ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ ਵੱਲੋਂ ਅੰਮ੍ਰਿਤਸਰ ਜਾ ਕੇ ਮੱਸੇ ਰੰਘੜ ਦਾ ਸਿਰ ਵੱਢ ਲਿਆਉਣ ਵਾਲੀ ਘਟਨਾ ਹੈ। ਚਿੱਤਰ ਵਿੱਚ ਮਹਿਤਾਬ ਸਿੰਘ ਦੇ ਖੱਬੇ ਹੱਥ ਫੜੇ ਬਰਛੇ ਦੇ ਸਿਖਰ ਗੁਰੂ ਅਸਥਾਨ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਘੜ ਦਾ ਸਿਰ ਟੰਗਿਆ ਹੋਇਆ ਹੈ। ਸੱਜੇ ਹੱਥ ਘੋੜੇ ਦੀ ਲਗਾਮ ਫੜੀ ਉਹ ਅੱਗੇ ਵਧਦੇ ਹਨ। ਉਨ੍ਹਾਂ ਦੇ ਸਾਥੀ ਭਾਈ ਸੁੱਖਾ ਸਿੰਘ ਨੇ ਆਪਣੇ ਖੱਬੇ ਹੱਥ ਫੜੇ ਬਰਛੇ ਨੂੰ ਮੋਢੇ ਰੱਖਿਆ ਹੋਇਆ ਹੈ ਅਤੇ ਦੂਜੇ ਹੱਥ ਲਗਾਮ ਹੈ।



ਦ੍ਰਿਸ਼ ਵਿੱਚ ਹਾਜ਼ਰ ਕਿਸੇ ਵੀ ਸਿੰਘ, ਸਿੰਘਣੀ ਜਾਂ ਬੱਚੇ ਵੱਲੋਂ ਕਿਸੇ ਕਿਸਮ ਦੀ ਖ਼ੁਸ਼ੀ ਦੇ ਇਜ਼ਹਾਰ ਦੀ ਭਿਣਕ ਨਹੀਂ ਮਿਲਦੀ। ਗ਼ਮ ਪ੍ਰਗਟਾਵੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿੱਖ ਜਿਹੋ ਜਿਹੇ ਮਾਹੌਲ ਦੇ ਆਦੀ ਹੋ ਚੁੱਕੇ ਸਨ, ਉੱਥੇ ਦੋਵੇਂ ਪੱਖ ਅਰਥਹੀਣ ਸਨ। ਜ਼ਿੰਦਗੀ ਜਾਂ ਮੌਤ ਖੇਡ ਵਾਂਗ ਸੀ। ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਨੇ ਹਟਵਾਂ ਕੰਮ ਕੀਤਾ ਜਿਹੜਾ ਜੀਵਨ ਤੋਂ ਵੀ ਉੱਤਮ ਕਿਹਾ ਜਾ ਸਕਦਾ ਹੈ; ਭਾਵ ਆਪਣੇ ਗੁਰੂ ਅਤੇ ਗੁਰੂ ਅਸਥਾਨ ਦੀ ਬੇਅਦਬੀ ਦਾ ਬਦਲਾ ਲੈਣਾ। ਵਡੇਰਿਆਂ ਵੱਲੋਂ ਤੋਰੀ ਰੀਤ ਆਉਣ ਵਾਲੇ ਸਮੇਂ ਵਿੱਚ ਤੁਰਦੀ ਰਹੇਗੀ, ਦਾ ਸੰਕੇਤ ਇਸ ਰਚਨਾ ਵਿੱਚ ਮੌਜੂਦ ਹੈ।

ਦੋਵੇਂ ਸਿੰਘ ਮੁੜ ਆਪਣੇ ਗੁਰੂ ਅਤੇ ਜਥੇਦਾਰ ਬੁੱਢਾ ਸਿੰਘ ਵੱਲ ਵਧਦੇ ਦਿਖਾਈ ਦੇ ਰਹੇ ਹਨ। ਇਹ ਦ੍ਰਿਸ਼ ਲੁਕਵਾਂ ਬੋਲ ਰਿਹਾ ਹੈ ਕਿ ਕਾਰਜ ਨੇਪਰੇ ਚਾੜ੍ਹਨ ਵਾਲੇ ਦੋਵੇਂ ਯੋਧਿਆਂ ਨੇ ਭਾਵੇਂ ਆਪਣੇ ਬਾਹੂਬਲ ਨਾਲ ਜ਼ਾਲਿਮ ਨੂੰ ਮਾਰਿਆ ਹੈ ਪਰ ਉਸ ਦਾ ਸਿਹਰਾ ਆਪ ਨਹੀਂ ਲੈਣਗੇ, ਸਗੋਂ ਆਪਣੇ ਗੁਰੂ ਨੂੰ ਦੇਣਗੇ ਕਿਉਂਕਿ ਉਸ ਦੀ ਮਿਹਰ ਸਦਕਾ ਸਾਰਾ ਕੁਝ ਹੋਇਆ ਹੈ।

ਵਾਪਰੇ ਕਾਰੇ ਨੂੰ ਦੇਖ ਕੇ ਸੰਗਤ ਅਚੰਭਿਤ ਜ਼ਰੂਰ ਹੈ ਪਰ ਇਹਦੇ ਵਿੱਚ ਵੀ ਸੰਜਮ ਹੈ। ਕਿਸੇ ਵੱਲੋਂ ਕੋਈ ਨਾਟਕੀ ਸਰੀਰਕ ਹਰਕਤ ਨਹੀਂ ਹੋ ਰਹੀ। ਇੱਥੋਂ ਤਕ ਕਿ ਬੱਚੇ ਵੀ ਸ਼ਾਂਤ ਚਿੱਤ ਹਨ। ਪੇਂਟਰ ਸਮੇਂ ਦੀ ਗੰਭੀਰਤਾ ਨੂੰ ਬਣਾਈ ਰੱਖ ਰਿਹਾ ਹੈ। ਦੂਜਾ ਵੱਡਾ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਹੋ ਸਕਦੀ ਹੈ, ਜਿਸ ਦੇ ਸਨਮੁਖ ਕਿਸੇ ਦਾ ਉਲਾਰ ਹੋਣਾ ਸ਼ੋਭਾ ਨਹੀਂ ਦਿੰਦਾ। ਇਹ ਮਰਯਾਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਸਥਾਨ ਉੱਚਾ ਰੱਖਿਆ ਹੈ। ਇੱਕ, 'ਗੁਰੂ ਗ੍ਰੰਥ' ਗੁਰੂ ਰੂਪ ਹੈ। ਦੋ, ਚਿੱਤਰ ਰਚਨਾ ਦੀ ਵਿਉਂਤ ਦੀ ਮੰਗ ਹੈ। ਗੁਰੂ ਦੇ ਸਿੱਖ ਆਪਣੇ ਗੁਰੂ ਪਾਸ ਜਿਸ ਸਹਿਜ ਭਾਵ ਨਾਲ ਬੈਠੇ ਹਨ, ਅਦੁੱਤੀ ਹੈ। ਵਿਛੀ ਰੇਤ ਉਨ੍ਹਾਂ ਨੂੰ ਅਸਹਿਜ ਨਹੀਂ ਕਰ ਰਹੀ। ਗੁਰੂ ਗ੍ਰੰਥ ਸਾਹਿਬ ਦੇ ਕਰੀਬ ਜਥੇ ਦੇ ਮੁਖੀ ਬਾਬਾ ਬੁੱਢਾ ਸਿੰਘ ਖੜ੍ਹੇ ਹਨ। ਉਹ ਆ ਰਹੇ ਦੋਵਾਂ ਸੂਰਿਆਂ ਵੱਲ ਦੇਖਦਿਆਂ ਸੰਗਤ ਨੂੰ ਸੰਬੋਧਤ ਹਨ। ਸੰਗਤ ਸੁਣਦੀ ਹੋਈ ਵੀ ਦੇਖ ਮਹਿਤਾਬ ਸਿੰਘ ਅਤੇ ਸੁਖਾ ਸਿੰਘ ਨੂੰ ਰਹੀ ਹੈ।

ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਨੇ ਨੀਲੇ ਰੰਗ ਦੇ ਚੋਲੇ ਪਹਿਨੇ ਹੋਏ ਹਨ। ਭਾਈ ਮਹਿਤਾਬ ਸਿੰਘ ਦੇ ਸਿਰ ਨੀਲੇ ਰੰਗ ਦਾ ਦੁਮਾਲਾ ਹੈ ਜਦੋਂਕਿ ਭਾਈ ਸੁੱਖਾ ਸਿੰਘ ਦੇ ਸਿਰ ਕੇਸਰੀ। ਬਰਛਿਆਂ ਤੋਂ ਇਲਾਵਾ ਦੋਵਾਂ ਕੋਲ ਕਿਰਪਾਨਾਂ ਅਤੇ ਪਿੱਠ ਨਾਲ ਬੱਝੀਆਂ ਢਾਲਾਂ ਹਨ। ਹਥਿਆਰਾਂ ਵਜੋਂ ਇਹੋ ਇਨ੍ਹਾਂ ਦਾ ਸਰਮਾਇਆ ਹੈ। ਮੋਢੇ ਰੱਖਿਆ ਭੂਰੇ ਰੰਗ ਦਾ ਕੱਪੜਾ ਅਤੇ ਕਮਰਕੱਸੇ ਵੀ ਵੈਰੀ ਦੇ ਵਾਰ ਤੋਂ ਬਚਾਅ ਦਾ ਸਾਧਨ ਬਣਦੇ ਹੋਣਗੇ।

ਕਿਰਪਾਲ ਸਿੰਘ ਕਿਰਸੀ ਨਹੀਂ ਸਗੋਂ ਤਤਕਾਲੀ ਵਸਤੂ ਸਥਿਤੀ ਨਾਲ ਸਮ-ਰਸ ਹੈ। ਗੱਲ ਘੋੜਿਆਂ ਤੋਂ ਹੀ ਆਰੰਭੀ ਜਾ ਸਕਦੀ ਹੈ। ਸਿੱਖ ਸਮੂਹ ਜ਼ਿਆਦਾ ਹੈ ਪਰ ਉਸ ਦੇ ਮੁਕਾਬਲੇ ਘੋੜੇ ਸਿਰਫ਼ ਤਿੰਨ, ਇੱਕ ਊਠ ਅਤੇ ਉਸ ਦਾ ਬੱਚਾ, ਵੱਡੇ ਜਲ ਸਰੋਤ ਦੇ ਕਰੀਬ ਹੀ ਕੈਨਵਸ ਦਾ ਅੰਗ ਬਣੇ ਹੋਏ ਹਨ। ਬਣਾਉਣ ਨੂੰ ਅੱਠ-ਦਸ ਘੋੜੇ ਹੋਰ ਵੀ ਬਣਾਏ ਜਾ ਸਕਦੇ ਸਨ ਪਰ ਏਦਾਂ ਨਹੀਂ ਕੀਤਾ ਗਿਆ। ਚਿਤੇਰਾ ਵਸਤੂ ਸਥਿਤੀ ਦੇ ਵਿਪਰੀਤ ਜਾ ਕੇ ਝੂਠ ਨਹੀਂ ਪ੍ਰਚਾਰਨਾ ਚਾਹੁੰਦਾ। ਆਪਣੀਆਂ ਜ਼ਰਖ਼ੇਜ਼ ਥਾਵਾਂ ਤੋਂ ਦੂਰ ਜਾ ਕੇ ਰੇਗਿਸਤਾਨ ਵਿੱਚ ਰਹਿਣ ਵਾਲੇ ਸਿੱਖਾਂ ਦਾ ਸਰਮਾਇਆ ਧਰਮ ਪ੍ਰਤੀ ਅਡੋਲਵੀਂ ਅਕੀਦਤ ਅਤੇ ਨਿੱਜੀ ਸਰੀਰਕ ਬਲ ਤੋਂ ਇਲਾਵਾ ਕੁਝ ਨਹੀਂ ਰਿਹਾ। ਸੰਗਤ ਰੂਪ ਵਿੱਚ ਬੈਠੇ ਕਈ ਸਿੰਘਾਂ ਪਾਸ ਤਨ ਢਕਣ ਵਾਸਤੇ ਕੋਈ ਲੀੜਾ ਤਕ ਨਹੀਂ। ਹਾਂ, ਵਾਰ ਅਤੇ ਰੱਖਿਆ ਹਿੱਤ ਹਥਿਆਰ ਜ਼ਰੂਰ ਹਨ। ਨਿੱਜੀ ਸਜਾਵਟ ਪ੍ਰਤੀ ਲਗਾਉ ਦੇ ਉਲਟ ਸ਼ਸਤਰ ਪ੍ਰੇਮ ਇਸ ਕਿਰਤ ਵਿੱਚੋਂ ਨਜ਼ਰ ਆ ਰਿਹਾ ਹੈ। ਘੋੜਿਆਂ ਨੂੰ ਅਗਰਭੂਮੀ ਵਿੱਚ ਰੱਖ ਉਨ੍ਹਾਂ ਨੂੰ ਪਿਛਲੇ ਪਾਸਿਓਂ ਪੇਂਟ ਕਰਨਾ ਇਨ੍ਹਾਂ ਦੇ ਗੁਣਾਂ ਨੂੰ ਉਭਾਰਦਾ ਹੈ। ਚਿੱਤਰ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਗੁਰੂ ਵੱਲ ਪਿੱਠ ਨਹੀਂ ਕੀਤੀ ਜਾ ਸਕਦੀ। ਦ੍ਰਿਸ਼ ਨੂੰ ਦੇਖਣ ਵਾਲੀ ਅੱਖ ਫਰੇਮ ਤੋਂ ਬਾਹਰ ਆਮ ਨਾਲੋਂ ਕੁਝ ਉੱਚੀ ਥਾਂ ਉਪਰ ਸਥਿਤ ਹੈ। ਤਾਹੀਓਂ ਘੋੜੇ ਦੀ ਪਿੱਠ ਦੇ ਉਪਰੋਂ ਹੁੰਦੀ ਹੋਈ ਦੂਜੇ ਪਾਸੇ ਵੱਲ ਜਾ ਰਹੀ ਹੈ। ਪਹਿਲੀ ਨਜ਼ਰੇ ਲੱਗਦਾ ਹੈ ਜਿਵੇਂ ਸਿਰਫ਼ ਦੋ ਘੋੜਿਆਂ ਨੇ ਪੂਰੇ ਸਮੂਹ ਨੂੰ ਆਪਣੇ ਘੇਰੇ ਵਿੱਚ ਲਿਆ ਹੋਇਆ ਹੈ।

ਅਜਿਹਾ ਬਿੰਬ ਜੁੜਾਵ ਨੂੰ ਚਿਹਨਤ ਕਰਦਾ ਹੈ ਜੋ ਨਿੱਜੀ ਲਾਭ-ਹਾਨੀ ਦੀ ਘੇਰਾਬੰਦੀ ਤੋਂ ਬਾਹਰਾ ਹੈ। ਕਿਰਪਾਲ ਸਿੰਘ ਦਾ ਇਹ ਚਿੱਤਰ ਸਿੱਖ ਚਰਿੱਤਰ ਨੂੰ ਵੀ ਉਘਾੜਦਾ ਹੈ। ਸਾਧਨ ਰੂਪ ਵਿੱਚ ਇਨ੍ਹਾਂ ਪਾਸ ਕੁਝ ਨਹੀਂ। ਇਨ੍ਹਾਂ ਪਾਸ ਹਥਿਆਰ ਬਲ ਹੈ ਜਿਸ ਨੂੰ ਵਰਤਦਿਆਂ ਇਹ ਲੁੱਟ-ਮਾਰ ਕਰ ਲੋੜੀਂਦੀਆਂ ਵਸਤਾਂ ਇਕੱਤਰ ਕਰ ਸਕਦੇ ਸਨ। ਉਹ ਕਾਰਾ ਇਨ੍ਹਾਂ ਵਿੱਚੋਂ ਕਿਸੇ ਨੇ ਨਹੀਂ ਕੀਤਾ। ਇਹ ਸਿੱਖੀ ਦੀ ਆਦਰਸ਼ ਰੀਤ ਦੇ ਖ਼ਿਲਾਫ਼ ਮੰਨਿਆ ਜਾਣਾ ਸੀ। ਆਪਣੇ ਆਦਰਸ਼ ਵਿੱਚ ਇੰਨੇ ਦ੍ਰਿੜ ਕਿ ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਪੈਰੋਂ ਨੰਗੇ ਹੀ ਆਪਣਾ ਉਦੇਸ਼ ਪੂਰਾ ਕਰ ਆਏ ਹਨ।

ਪੇਂਟਿੰਗ ਸਾਨੂੰ ਦਿਨ ਦੇ ਕਿਸੇ ਸਮੇਂ ਦਾ ਅਹਿਸਾਸ ਕਰਵਾਉਂਦੀ ਹੈ। ਘਟਨਾ ਵਾਪਰਨ ਦਾ ਮਹੀਨਾ ਮਈ ਹੈ ਜਦੋਂ ਸੂਰਜੀ ਤਪਸ਼ ਸਿਖਰ ਦੀ ਹੁੰਦੀ ਹੈ। ਰੇਤਲੇ ਇਲਾਕੇ ਦੀ ਤਪਸ਼ ਤਾਂ ਆਮ ਨਾਲੋਂ ਕਿਤੇ ਵੱਧ ਹੁੰਦੀ ਹੈ। ਏਦਾਂ ਚਿਤੇਰੇ ਦੀ ਰਚਨਾ ਵਿਚਲੇ ਕਿਰਦਾਰ ਤਪਦੇ ਸੂਰਜ, ਗਰਮ ਰੇਤ ਤੋਂ ਇਲਾਵਾ ਹਾਕਮਾਂ ਦੀਆਂ ਵਧੀਕੀਆਂ ਨੂੰ ਆਪਣੇ ਜਿਸਮਾਂ 'ਤੇ ਹੰਢਾਅ ਰਹੇ ਹਨ। ਅਸਹਿਣਸ਼ੀਲ ਚੌਗਿਰਦੇ ਵਿੱਚ ਟਿਕੇ ਇਨ੍ਹਾਂ ਸਿੱਖਾਂ ਦਾ ਵਿਹਾਰ ਅਤਿ ਸਹਿਣਸ਼ੀਲਤਾ ਵਾਲਾ ਹੈ।

ਚਿੱਤਰ ਦਾ ਵਡੇਰਾ ਹਿੱਸਾ ਰੇਤਲੇ ਧਰਾਤਲ ਨੂੰ ਮਿਲਿਆ ਹੈ। ਡੂੰਘੇ ਰੁਖ ਯਾਤਰਾ ਲਈ ਇਹ ਜ਼ਰੂਰੀ ਹੈ। ਧਰਤੀ ਨਾਲ ਜੁੜੇ ਲੋਕਾਂ ਦੇ ਪਰਾਕਰਮ ਦੀ ਕਥਾ ਵਾਸਤੇ ਜ਼ਮੀਨ ਚਾਹੀਦੀ ਹੈ, ਆਸਮਾਨ ਤਾਂ ਆਪੇ ਸ਼ਾਮਲ ਹੋ ਜਾਵੇਗਾ। ਦੂਰ ਸਿਖਰ ਤੋਂ ਉਤਰ ਰਹੀ ਤੀਖਣ ਸੂਰਜੀ ਲੋਅ ਦੋਵਾਂ ਦੇ ਮਿਲਣ ਵਾਲੀ ਭਰਮ ਲਕੀਰ ਨੂੰ ਪੂਰੀ ਤਰ੍ਹਾਂ ਧੁੰਦਲਾ ਕਰ ਰਹੀ ਹੈ। ਅਸਮਾਨ ਇੱਕ ਰੰਗੀ ਨਹੀਂ। ਹਲਕੇ ਬੱਦਲ ਜਾਂ ਅਸਮਾਨ ਚੜ੍ਹੀ ਰੇਤਲੀ ਧੂੜ ਇਹਦੀ ਵਜ੍ਹਾ ਹੋ ਸਕਦੀ ਹੈ। ਸੂਰਜ ਐਨ ਸਿਰਾਂ ਤੋਂ ਉਪਰ ਨਹੀਂ ਹੈ। ਸਮਾਂ ਢਲਾਣ ਵੱਲ ਦਾ ਹੈ। ਪਰਛਾਵੇਂ ਸੱਜੇ ਵੱਲ ਦੇ ਹਨ। ਇਸ ਕਿਰਤ ਦੀ ਇੱਕ ਹੋਰ ਖਾਸੀਅਤ ਵੱਲ ਧਿਆਨ ਦੇਣਾ ਲਾਜ਼ਮੀ ਹੈ। ਚਿੱਤਰਕਾਰ ਵੱਲੋਂ ਰਚੇ ਸਾਰੇ ਕਿਰਦਾਰ ਇੱਕ ਦੂਜੇ ਤੋਂ ਭਿੰਨ ਹਨ। ਇਹ ਵਿਭਿੰਨਤਾ ਰਚਨਾ ਦੀ ਲੋੜ ਹੈ। ਖ਼ਾਸ ਗੱਲ ਇਹ ਹੈ ਕਿ ਚਿੱਤਰਕਾਰ ਭਿੰਨਤਾ ਦਾ ਖਿਆਲ ਤਾਂ ਰੱਖਦਾ ਹੈ ਪਰ ਉਸ ਨੂੰ ਨਿਖਾਰਦਾ ਨਹੀਂ। ਕੋਈ ਵੀ ਛੱਬ ਲੈ ਲਓ ਉਸ ਦਾ ਚਿਹਰਾ-ਮੋਹਰਾ, ਸਰੀਰ ਰਚਨਾ ਨੂੰ ਬਾਰੀਕਬੀਨੀ ਨਾਲ ਨਹੀਂ ਬਣਾਇਆ ਗਿਆ। ਕਿਰਪਾਲ ਸਿੰਘ ਨੇ ਇਸ ਵਿਧੀ ਨੂੰ ਕੁਝ ਦੂਜੇ ਚਿੱਤਰਾਂ ਲਈ ਵੀ ਵਰਤਿਆ ਹੈ।

# ਪੰਜਾਬ 'ਚ ਸੂਚਨਾ ਤਕਨੀਕ ਤੇ ਬਾਇਓਟੈਕਨਾਲੋਜੀ ਦਾ ਧੁਰਾ ਬਣਨ ਦੀਆਂ ਸੰਭਾਵਨਾਵਾਂ : ਰਾਸ਼ਟਰਪਤੀ

**ਮੁਹਾਲੀ/ਬਿਊਰੋ ਨਿਊਜ਼ :**

ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਮੋਹਾਲੀ ਦੇ ਸੈਕਟਰ-81 ਸਥਿਤ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ (ਆਈਸਰ) ਦੀ ਕਾਨਵੋਕੇਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਸੰਸਥਾ ਦੇ 152 ਵਿਦਿਆਰਥੀਆਂ ਨੂੰ ਬੀਐਸ, ਬੀਐਸ-ਐਮਐਸ ਅਤੇ ਪੀਐਚਡੀ ਦੀਆਂ ਡਿਗਰੀਆਂ ਵੰਡੀਆਂ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸੰਸਥਾ ਦੇ ਵਿਹੜੇ ਵਿੱਚ ਬੂਟਾ ਵੀ ਲਾਇਆ। ਇਸ ਮੌਕੇ ਸ੍ਰੀ ਕੋਵਿੰਦ ਨੇ ਕਿਹਾ ਕਿ ਵਿਗਿਆਨਕ ਖੋਜ ਦਾ ਖੇਤਰ ਪੰਜਾਬ ਦੀ ਵਿਰਾਸਤ ਨਾਲ ਜੁੜਿਆ ਹੋਇਆ ਹੈ ਜਿਸ ਤੋਂ ਆਈਸਰ ਵਰਗੀ ਸੰਸਥਾ ਨੂੰ ਪ੍ਰੇਰਨਾ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇੱਕ ਪਾਸੇ ਵਿਗਿਆਨਕ ਖੋਜੀਆਂ ਅਤੇ ਤਕਨੀਸ਼ਨਾਂ ਦੇ ਸੁਮੇਲ ਹੈ ਅਤੇ ਦੂਜੇ ਬੰਨੇ ਪੰਜਾਬ ਦੀ ਵਿਕਾਸ ਪ੍ਰਣਾਲੀ ਨੇ ਦੇਸ਼ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਭਾਖੜਾ-ਨੰਗਲ ਪ੍ਰਾਜੈਕਟ ਵਿੱਚ ਵਿਗਿਆਨੀਆਂ ਵੱਲੋਂ ਨਿਭਾਏ ਰੋਲ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸ੍ਰੀ ਕੋਵਿੰਦ ਨੇ ਕਿਹਾ ਕਿ ਖੇਤੀਬਾੜੀ ਵਿਗਿਆਨੀਆਂ ਅਤੇ ਯੂਨੀਵਰਸਿਟੀਆਂ ਨੇ ਪੰਜਾਬ ਵਿੱਚ ਅਨਾਜ ਦੀ ਪੈਦਾਵਾਰ ਵਧਾਉਣ ਅਤੇ ਹਰੀ ਕ੍ਰਾਂਤੀ ਲਈ ਆਧਾਰ ਮੁਹੱਈਆ ਕਰਵਾਇਆ ਅਤੇ ਹੁਣ ਮੁਹਾਲੀ ਆਈਟੀ, ਬਾਇਓਟੈਕਨਾਲੋਜੀ, ਬਾਇਓਇਨਫਰਮੈਟਿਕਸ ਅਤੇ ਹੋਰਨਾਂ ਖੇਤਰਾਂ ਦਾ ਕੇਂਦਰ ਬਣ ਕੇ ਉੱਭਰ ਰਿਹਾ ਹੈ। ਇਸ ਕਰਕੇ ਪੰਜਾਬ 'ਚ ਦੇਸ਼ ਭਰ 'ਚ ਸੂਚਨਾ ਤਕਨੀਕ ਤੇ ਬਾਇਓਟੈਕਨਾਲੋਜੀ ਦਾ ਧੁਰਾ ਬਣਨ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ।

ਉਨ੍ਹਾਂ ਕਿਹਾ ਕਿ ਆਈਸਰ ਉੱਚ ਵਿੱਦਿਆ ਅਤੇ ਖੋਜ ਸਬੰਧੀ ਦੇਸ਼ ਦੀਆਂ ਅਹਿਮ ਸੰਸਥਾਵਾਂ ਵਿੱਚ ਸ਼ੁਮਾਰ ਹੈ। ਇਸੇ ਦੌਰਾਨ ਅਕਾਦਮਿਕ ਐਕਸੀਲੈਂਸ ਲਈ ਦਿੱਤੇ ਗਏ ਚਾਰ ਐਵਾਰਡਾਂ ਵਿੱਚੋਂ ਤਿੰਨ ਐਵਾਰਡ ਲੜਕੀਆਂ ਨੇ ਜਿੱਤੇ ਗਏ।

ਇਸ ਤੋਂ ਪਹਿਲਾਂ ਆਈਸਰ ਦੇ ਬੋਰਡ ਆਫ਼ ਗਵਰਨਰਜ਼ ਦੀ ਚੇਅਰਪਰਸਨ ਡਾ. ਮਧੂਚੰਦਾਕਰ ਨੇ ਰਾਸ਼ਟਰਪਤੀ ਅਤੇ ਹੋਰਨਾਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ। ਡਾਇਰੈਕਟਰ ਪ੍ਰੋ. ਦੇਬੀ ਪ੍ਰਸਾਦ ਨੇ ਸੰਸਥਾ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਡੀਨ (ਅਕਾਦਮਿਕ) ਆਰ. ਐਸ. ਜੌਹਲ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀਮਤੀ ਸਵਿਤਾ ਕੋਵਿੰਦ, ਰਾਜਪਾਲ ਵੀ.ਪੀ. ਸਿੰਘ ਬਦਨੌਰ, ਰਾਜਪਾਲ ਕਪਤਾਨ ਸਿੰਘ ਸੋਲੰਕੀ, ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ, ਪੰਜਾਬ ਸਰਕਾਰ ਦੇ ਮੁੱਖ ਸਕੱਤਰ ਐਨ. ਐਸ. ਕਲਸੀ, ਪੰਜਾਬ ਯੂਨੀਵਰਸਿਟੀ ਦੇ ਉਪ-ਕੁਲਪਤੀ ਅਰੁਣ ਗਰੋਵਰ, ਆਈਸਰ ਦੇ ਬੋਰਡ ਆਫ਼ ਗਵਰਨਰਜ਼, ਸੈਨੇਟ ਦੇ ਮੈਂਬਰ, ਸਹਾਇਕ ਰਜਿਸਟਰਾਰ ਬਿਪੁਲ ਕੁਮਾਰ ਚੌਧਰੀ ਸਮੇਤ ਫੈਕਲਟੀ ਮੈਂਬਰ ਅਤੇ ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ।

# ਬ੍ਰਿਟੇਨ 'ਚ ਛਾਈ ਸ਼ਹਿਜ਼ਾਦਾ ਹੈਰੀ ਤੇ ਮੇਘਨ ਮਰਕਲ ਦੇ ਸ਼ਾਹੀ ਵਿਆਹ ਦੀ ਦੀਵਾਨਗੀ

**ਵਿੰਡਸਰ/ਬਿਊਰੋ ਨਿਊਜ਼ :** ਦੁਨੀਆਂ ਭਰ ਦੇ ਲੋਕਾਂ ਲਈ ਖਿੱਚ ਦੇ ਕੇਂਦਰ ਬਣੇ ਸਮਾਗਮ ਦੌਰਾਨ ਬਰਤਾਨੀਆ ਦੇ ਪ੍ਰਿੰਸ ਹੈਰੀ ਅਤੇ ਅਭਿਨੇਤਰੀ ਮੈਗ਼ਨ ਮਰਕਲ ਦਾ ਵਿਆਹ ਸ਼ਾਹੀ ਰਸਮਾਂ ਨਾਲ ਸਿਰੇ ਚੜ੍ਹ ਗਿਆ। ਦੋਵਾਂ ਦੇ ਪਿਆਰ ਦਾ ਰਿਸ਼ਤਾ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਵਿੱਚ ਤਬਦੀਲ ਹੋ ਗਿਆ ਹੈ। ਇੱਥੋਂ ਦੇ ਸੇਂਟ ਜੌਰਜ ਗਿਰਜਾ ਘਰ ਵਿੱਚ ਦੁਨੀਆ ਭਰ ਵਿੱਚੋਂ ਪੁੱਜੇ ਛੇ ਸੌ ਮਹਿਮਾਨਾਂ ਦੀ ਹਾਜ਼ਰੀ ਵਿੱਚ ਦੋਵਾਂ ਨੇ ਆਪਣੇ ਵਿਆਹ ਦੀਆਂ ਰਸਮਾਂ ਨੂੰ ਸਿਰੇ ਚਾੜ੍ਹਦਿਆਂ ਦੁੱਖ ਸੁੱਖ ਵਿੱਚ ਇੱਕ ਦੂਜੇ ਪ੍ਰਤੀ ਵਫ਼ਾਦਾਰ ਰਹਿਣ ਅਤੇ ਆਖ਼ਰੀ ਸਾਹਾਂ ਤੱਕ ਆਪਣੇ ਰਿਸ਼ਤੇ ਨੂੰ ਨਿਭਾਉਣ ਦੀਆਂ ਕਸਮਾਂ ਖਾਧੀਆਂ। ਈਸਾਈ ਮੱਤ ਅਨੁਸਾਰ ਹੋਏ ਇਸ ਵਿਆਹ ਦੀਆਂ ਰਸਮਾਂ ਵਿੰਡਸਰ ਦੇ ਡੀਨ ਨੇ ਕੈਂਟਰਬਰੀ ਦੇ ਆਰਕ ਬਿਸ਼ਪ ਤੇ ਐਂਗਲੀਕ ਚਰਚ ਦੇ ਅਧਿਆਤਮਕ ਮੁਖੀ ਜਸਟਿਨ ਵੈਬਲੇ ਨੇ ਨੇਪਰੇ ਚਾੜ੍ਹੀਆਂ। ਸਿਆਹਫ਼ਾਮ ਅਮਰੀਕੀ ਬਿਸ਼ਪ ਮਾਈਕਲ ਬਰੂਸ ਕਰੀ ਨੇ 'ਵਿਆਹ ਦੇ ਮੌਕੇ ਸੰਬੋਧਨ' ਦੀ ਰਸਮ ਨਿਭਾਈ।

1863 ਤੋਂ ਹੁਣ ਤੱਕ ਹੈਰੀ (33) ਅਤੇ ਮੇਘਨ (36) ਵਿੰਡਸਰ ਚਰਚ ਵਿੱਚ ਵਿਆਹ ਕਰਵਾਉਣ ਵਾਲਾ 16ਵਾਂ ਸ਼ਾਹੀ ਜੋੜਾ ਬਣ ਗਿਆ ਹੈ। ਮੇਘਨ, ਪ੍ਰਿੰਸ ਚਾਰਲਸ ਜੋ ਉਸ ਦੇ ਪਿਤਾ ਦੇ ਫਰਜ਼ ਨਿਭਾਅ ਰਿਹਾਅ ਸੀ, ਦੇ ਨਾਲ ਜਦੋਂ ਚਰਚ ਵਿੱਚ ਦਾਖ਼ਲ ਹੋਈ ਤਾਂ ਹੈਰੀ ਮੁਸਕਰਾ ਰਿਹਾ ਸੀ। ਮੇਘਨ ਦਾ ਪਿਤਾ ਥੌਮਸ ਮਰਕਲ ਸੀਨੀਅਰ ਗੰਭੀਰ ਬਿਮਾਰ ਹੋਣ ਕਾਰਨ ਵਿਆਹ ਵਿੱਚ ਸ਼ਾਮਲ ਨਹੀਂ ਹੋ ਸਕਿਆ।



ਵਿੰਡਸਰ 'ਚ ਵਿਆਹ ਤੋਂ ਬਾਅਦ ਵਿਸ਼ੇਸ਼ ਬੱਘੀ 'ਚ ਸਵਾਰ ਹੋ ਕੇ ਲੋਕਾਂ ਦਾ ਪਿਆਰ ਕਬੂਲਦੇ ਹੋਏ ਪ੍ਰਿੰਸ ਹੈਰੀ ਅਤੇ ਮੇਘਨ ਮਰਕਲ।

### ਸ਼ਹਿਜ਼ਾਦੀ ਮੇਘਨ ਤੇ ਪ੍ਰਿੰਸ ਹੈਰੀ ਨੇ ਤੋੜੀਆਂ ਰਵਾਇਤਾਂ

ਪੁਰਾਣੀਆਂ ਰਵਾਇਤਾਂ ਨੂੰ ਤੋੜਦਿਆਂ ਮੇਘਨ ਮਰਕਲ ਨੇ ਆਪਣੇ ਪਤੀ ਪ੍ਰਿੰਸ ਹੈਰੀ ਨਾਲ ਸਦਾ ਉਸਦਾ ਕਹਿਣਾ ਮੰਨਣ ਦਾ ਵਾਅਦਾ ਨਹੀਂ ਕੀਤਾ। ਇਸ ਤੋਂ ਪਹਿਲਾਂ ਪ੍ਰਿੰਸ ਹੈਰੀ ਦੀ ਮਾਂ ਡਾਇਨਾ ਨੇ ਇਹ ਦਲੇਰੀ ਦਿਖਾਈ ਸੀ। ਦੂਜੇ ਪਾਸੇ ਪ੍ਰਿੰਸ ਹੈਰੀ ਨੇ ਵਿਆਹ ਵਾਲੀ ਮੁੰਦਰੀ ਪਾ ਕੇ ਪੁਰਾਣੀ ਰਵਾਇਤ ਨੂੰ ਤੋੜ ਦਿੱਤਾ।

### ਪ੍ਰਿਅੰਕਾ ਚੋਪੜਾ ਵੀ ਹੋਈ ਸ਼ਾਹੀ ਵਿਆਹ 'ਚ ਸ਼ਾਮਲ

ਬੌਲੀਵੁੱਡ ਅਭਿਨੇਤਰੀ ਪ੍ਰਿਅੰਕਾ ਚੋਪੜਾ, ਪ੍ਰਿੰਸ ਹੈਰੀ ਅਤੇ ਮੇਘਨ ਮਰਕਲ ਦੇ ਵਿਆਹ ਵਿੱਚ ਵਿਸ਼ਵ ਭਰ ਵਿੱਚੋਂ ਸ਼ਾਮਲ ਹੋਈਆਂ ਹਸਤੀਆਂ ਵਿੱਚ ਸ਼ੁਮਾਰ ਸੀ। ਪੂਰੀ ਤਰ੍ਹਾਂ ਸਜੀ ਧਜੀ ਪ੍ਰਿਅੰਕਾ ਨੇ ਇਸ ਮੌਕੇ ਮੈਚ ਕਰਦੀ ਹੈਟ ਪਹਿਨ ਰੱਖੀ ਸੀ।

### ਪੋਤ ਨੂੰਹ ਨੂੰ ਪਹਿਨਾਈ ਸ਼ਗਨਾਂ ਦੀ ਮੁੰਦਰੀ

ਆਪਣੀ ਪੋਤ ਨੂੰਹ ਮੇਘਲ ਮਰਕਲ ਨੂੰ ਮਹਾਰਾਣੀ ਐਲਿਜ਼ਾਬੈੱਥ ਵੇਲਜ਼ ਨੇ ਸੋਨੇ ਦੀ ਬਣੀ ਮੁੰਦਰੀ ਪਹਿਨਾਈਪ੍ਰਿੰਸ ਹੈਰੀ ਦੀ ਮੁੰਦਰੀ ਪਲੈਟੀਨਮ ਬੈਂਡ ਵਾਲੀ ਅਤਿ ਮਨਮੋਹਕ ਸੀ। ਸ਼ਾਹੀ ਜੋੜੇ ਨੇ ਇਨ੍ਹਾਂ ਦੀ ਖਰੀਦ ਲਈ ਲੰਡਨ ਦੀ ਕਲੀਵ ਐਂਡ ਕੰਪਨੀ ਨੂੰ ਚੁਣਿਆ ਸੀ।

# ਭਾਰਤੀ ਮੂਲ ਦਾ ਜੌਰਜ ਅਮਰੀਕਾ ਦੇ ਸੰਨੀਵੇਲ ਟਾਊਨਸ਼ਿਪ ਦਾ ਮੇਅਰ ਬਣਿਆ

**ਸੰਨੀਵੇਲ/ਬਿਊਰੋ ਨਿਊਜ਼ :**
ਭਾਰਤ ਵਿਚ ਕੇਰਲਾ ਤੋਂ ਅਮਰੀਕਾ ਗਏ ਅਤੇ ਚਾਰ ਵਾਰ ਦੇ ਕੌਂਸਲਰ ਰਹੇ ਸਾਜੀ ਜੌਰਜ ਨੂੰ ਲੰਘੇ ਦਿਨੀਂ ਵਿਸ਼ੇਸ਼ ਚੋਣ ਵਿਚ ਟੈਕਸਾਸ ਦੇ ਸੰਨੀਵੇਲ ਟਾਊਨਸ਼ਿਪ ਦਾ ਮੇਅਰ ਚੁਣਿਆ ਗਿਆ ਹੈ। ਉਸ ਨੂੰ 54 ਫੀਸਦੀ ਵੋਟਾਂ ਮਿਲੀਆਂ ਜਦੋਂ ਕਿ ਉਸ ਦੇ ਨਜ਼ਦੀਕੀ ਵਿਰੋਧੀ ਕੈਰਨ ਹਿੱਲ ਨੂੰ 33 ਫੀਸਦੀ ਵੋਟਾਂ ਮਿਲੀਆਂ। ਮੇਅਰ ਦੀ ਚੋਣ ਰਾਹੀਂ ਇਸ ਗੈਰ-ਪਾਰਲੀਮੈਂਟ ਸ਼ਹਿਰ ਨੂੰ ਇੱਕ ਮੇਅਰ ਅਤੇ ਪੰਜ ਮੈਂਬਰ ਕੌਂਸਲਾਂ ਦੁਆਰਾ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਇੰਡੀਅਨ ਸਪੇਸ ਰੀਸੋਰਸ ਆਰਗੇਨਾਈਜੇਸ਼ਨ ਦੇ ਸਾਬਕਾ ਇੰਜੀਨੀਅਰ, ਡੈਲਸ ਕਾਊਂਟੀ, ਟੈਕਸਾਸ ਦੇ ਇਸ ਘੱਟ ਅਬਾਦੀ ਵਾਲੇ ਪੇਂਡੂ ਟਾਊਨਸ਼ਿਪ ਦੇ ਮੇਅਰ ਸਨ, ਜੋ ਮਾਰਚ ਵਿੱਚ ਰਿਪਬਲਿਕਨ ਪਾਰਟੀ ਦੀ ਟਿਕਟ ਲੈ ਚੁੱਕੇ ਹਨ। ਸਾਜੀ ਜੌਰਜ ਦੋ ਸਾਲ ਦੀ ਮਿਆਦ ਦੀ ਬਾਕੀ ਦੀ ਸੇਵਾ ਕਰਨਗੇ।



ਜੌਰਜ ਨੇ ਆਪਣੀ ਚੋਣ ਤੋਂ ਬਾਅਦ ਟੈਲੀਫੋਨ 'ਤੇ ਇੰਟਰਵਿਊ ਦੌਰਾਨ ਕਿਹਾ ਕਿ,."ਮੈਂ ਬਹੁਤ ਉਤਸੁਕ ਹਾਂ ਕਿ ਮੈਨੂੰ ਉਸ ਟਾਊਨਸ਼ਿਪ ਦੀ ਅਗਵਾਈ ਕਰਨੀ ਹੋਵੇਗੀ, ਜਿਸ ਦਾ ਮੈਂ ਪਿਛਲੇ 18 ਸਾਲਾਂ ਤੋਂ ਨਿਵਾਸੀ ਹਾਂ। ਮੈਂ ਆਪਣੀ ਲਿਆਕਤ ਨੂੰ ਵਿਦਿਆ ਅਤੇ ਜਨਤਕ ਸੇਵਾ ਲਈ ਵਰਤਣ ਦਾ ਚਾਹਵਾਨ ਸੀ, ਇਸ ਕਰਕੇ ਹੀ ਚੋਣਾਂ ਵਿਚ ਖੜ੍ਹਾ ਹੋਇਆ ਸੀ।"

ਜੌਰਜ 1999 ਵਿੱਚ ਟੈਕਸਾਸ ਟੈਕ. ਯੂਨੀਵਰਸਿਟੀ ਵਿੱਚ ਇੰਜੀਨੀਅਰਿੰਗ 'ਚ ਮਾਸਟਰ ਡਿਗਰੀ ਲਈ ਅਮਰੀਕਾ ਆਇਆ ਸੀ। ਫਿਰ ਉਹ ਡਲਾਸ ਚਲੇ ਗਏ. ਅਤੇ ਸਥਾਨਕ ਭਾਈਚਾਰੇ ਨਾਲ ਮਿਲ ਕੇ ਸਕੂਲ ਆਦਿ ਬਣਾਉਣ ਦੀ ਸੇਵਾ ਕਰਦੇ ਰਹੇ। ਬਾਅਦ ਵਿਚ ਉਸ ਨੇ ਦੱਖਣੀ ਮੈਥੋਡਿਸਟ ਯੂਨੀਵਰਸਿਟੀ ਤੋਂ ਐਮ.ਬੀ.ਏ ਦੀ ਡਿਗਰੀ ਹਾਸਲ ਕੀਤੀ। ਉਸ ਦੀ ਪਤਨੀ ਅਤੇ ਦੋ ਬੱਚੇ ਹਨ ਜੋ ਅਮਰੀਕਾ ਹੀ ਰਹਿੰਦੇ ਹਨ।

ਸੰਨੀਵੇਲ ਡੈਲਸ ਤੋਂ 15 ਮੀਲ ਪੂਰਬ ਵੱਲ ਹੈ, ਜਿਸ ਦੀ ਆਬਾਦੀ ਬਹੁਤ ਭਾਂਤ ਸੁਭਾਂਤੀ ਹੈ। ਸ਼ਹਿਰ ਦੇ ਨਿਵਾਸੀਆਂ ਦੀ ਗਿਣਤੀ 6,500 ਦੇ ਕਰੀਬ ਹੈ, ਜਿਸ ਵਿਚ 15 ਫੀਸਦੀ ਭਾਰਤੀ ਮੂਲ ਦੇ ਅਮਰੀਕੀ ਹਨ, ਜੋ ਜ਼ਿਆਦਾਤਰ ਮਾਲੇਈ ਮੂਲ ਦੇ ਹਨ। ਜੌਰਜ ਕੇਰਲਾ ਵਿਚ ਬੱਚਿਆਂ ਦੇ ਕੋਚ ਹੁੰਦੇ ਸਨ ਅਤੇ ਪੜ੍ਹਾਈ ਵਿਚ ਉਨ੍ਹਾਂ ਦੀ ਮਦਦ ਕਰਦੇ ਸਨ। ਉਹ ਪੜ੍ਹਾਈ ਲਈ ਬਹੁਤ ਜਾਨੂੰਨੀ ਸਨ।

ਜੌਰਜ ਨੇ ਕਿਹਾ ਕਿ "ਸਾਰੇ ਭਾਰਤੀਆਂ ਵਾਂਗ ਮੈਂ ਚੰਗੀ ਸਿੱਖਿਆ 'ਤੇ ਬਹੁਤ ਜ਼ੋਰ ਦਿੰਦਾ ਹਾਂ। ਹਾਲਾਂਕਿ ਸੰਨੀਵੇਲ ਵਿਚ ਸਕੂਲ ਪ੍ਰਣਾਲੀ ਬਹੁਤ ਚੰਗੀ ਹੈ ਜੋ ਬਹੁਤ ਸਾਰੇ ਲੋਕਾਂ ਨੂੰ ਸ਼ਹਿਰ ਵਿਚ ਆ ਕੇ ਵਸਣ ਲਈ ਆਕਰਸ਼ਿਤ ਕਰਦੀ ਹੈ, ਪਰ ਮੈਂ ਉਨ੍ਹਾਂ ਨੂੰ ਹੋਰ ਬਿਹਤਰ ਬਣਾਉਣਾ ਚਾਹੁੰਦਾ ਹਾਂ।"

# ਝੌਂਪੜੀ 'ਚ ਰਹਿਣ ਵਾਲੀ ਮੋਹਾਲੀ ਦੀ ਸਕੂਐਸ਼ ਖਿਡਾਰਨ ਨੂੰ ਮਿਲਿਆ ਯੰਗ ਇੰਡੀਆ ਫੈਲੋਸ਼ਿਪ ਪੁਰਸਕਾਰ

## ਖੇਲ੍ਹਸ਼ਾਲਾ ਦੇ ਪ੍ਰਬੰਧਕ ਕੋਚ ਬਾਜਵਾ ਦੀ ਬਦੌਲਤ ਪ੍ਰਿਆ ਗੁਪਤਾ ਦੀ ਮਾਣਯੋਗ ਪ੍ਰਾਪਤੀ

ਮੋਹਾਲੀ/ਬਿਊਰੋ ਨਿਊਜ਼ : ਸਿਆਣੇ ਕਹਿੰਦੇ ਹਨ ਕਿ ਪ੍ਰਤਿਭਾ ਕਦੇ ਵੀ ਮਹੱਲਾਂ ਦੀ ਮੁਹਤਾਜ ਨਹੀਂ ਹੁੰਦੀ। ਇਸ ਕਥਨ ਨੂੰ ਇਕ ਵਾਰ ਫਿਰ ਸੱਚ ਕਰ ਦਿਖਾਇਆ ਹੈ, ਪੰਜਾਬ ਦੇ ਮੋਹਾਲੀ ਦੀ ਸਕੂਐਸ਼ ਦੀ ਖਿਡਾਰਨ ਪ੍ਰਿਆ ਗੁਪਤਾ ਨੇ। ਹਾਲ ਹੀ 'ਚ 20 ਸਾਲਾ ਪ੍ਰਿਆ ਗੁਪਤਾ ਨੂੰ ਅਸ਼ੋਕਾ ਯੂਨੀਵਰਸਿਟੀ, ਸੋਨੀਪਤ ਦੇ ਯੰਗ ਇੰਡੀਆ ਫੈਲੋਸ਼ਿਪ ਪੁਰਸਕਾਰ ਲਈ ਚੁਣਿਆ ਗਿਆ ਹੈ।

ਗੁਪਤਾ ਇਸ ਵੇਲੇ ਭਾਰਤ ਦੀ ਸਕੂਐਸ਼ ਰੈਕੇਟ ਫੈਡਰੇਸ਼ਨ ਆਫ ਕੌਮੀ ਮਹਿਲਾ ਰੈਂਕਿੰਗ 'ਚ 14 ਵੇਂ ਸਥਾਨ 'ਤੇ ਹੈ ਅਤੇ ਹੁਣ ਪੜ੍ਹਾਈ ਦੇ ਨਾਲ ਨਾਲ ਆਪਣੇ ਖੇਡ ਕੈਰੀਅਰ ਨੂੰ ਵੀ ਅੱਗੇ ਤੋਰ ਰਹੀ ਹੈ। ਪ੍ਰਿਆ ਗੁਪਤਾ ਦੱਸਦੀ ਹੈ ਕਿ ਉਸ ਨੇ ਸਕੂਐਸ਼ ਕੋਚ ਸਤਿੰਦਰ ਬਾਜਵਾ ਕੋਲ ਸੰਨ 2009 ਵਿਚ ਸੈਕਟਰ-35, ਚੰਡੀਗੜ੍ਹ ਵਿਖੇ ਇਸ ਖੇਡ ਦੀ ਟਰੇਨਿੰਗ ਦੀ ਸ਼ੁਰੂਆਤ ਕੀਤੀ। ਜਦੋਂ ਮੈਂ ਸ਼ੁਰੂਆਤ ਵਿਚ ਸਕੂਐਸ਼ ਖੇਡਣਾ ਸ਼ੁਰੂ ਕੀਤਾ ਤਾਂ ਮੈਂ ਸਕੂਐਸ਼ ਨੂੰ ਇਕ ਮਨੋਰੰਜਨ ਵਜੋਂ ਦੇਖਿਆ। ਬਾਅਦ ਵਿੱਚ ਇਸ ਖੇਡ ਵਿੱਚ ਮੇਰੀ ਦਿਲਚਸਪੀ ਵਧ ਗਈ। ਜਦੋਂ ਮੈਂ ਚੰਡੀਗੜ੍ਹ ਰਾਜ ਚੈਂਪੀਅਨਸ਼ਿਪ ਵਿੱਚ ਅੰਡਰ- 15 ਦਾ ਖ਼ਿਤਾਬ ਜਿੱਤਿਆ ਸੀ, ਤਾਂ ਇਹ ਮੇਰੇ ਪਰਿਵਾਰ ਲਈ ਇੱਕ ਵੱਡਾ ਪਲ ਸੀ। ਮੇਰੇ ਪਿਤਾ ਜੀ ਇੱਕ ਕਬਾੜ ਦੇ ਵਪਾਰੀ ਵਜੋਂ ਕੰਮ ਕਰਦੇ ਹਨ ਅਤੇ ਤਕਰੀਬਨ 10,000 ਰੁਪਏ ਮਹੀਨਾ ਕਮਾਉਂਦੇ ਹਨ। ਸਕੂਐਸ਼ ਖਿਤਾਬ ਜਿੱਤਣ ਨਾਲ ਅਤੇ 9 ਲੱਖ ਰੁਪਏ ਦੀ ਇਸ ਸਕਾਲਰਸ਼ਿਪ ਨਾਲ ਮੇਰੇ ਪਰਿਵਾਰ ਲਈ ਬਹੁਤ ਕੁਝ ਮਿਲ ਗਿਆ ਹੈ।



ਗੁਪਤਾ ਨੇ 2012 ਵਿੱਚ ਚੰਡੀਗੜ੍ਹ ਸਕੂਐਸ਼ ਚੈਂਪੀਅਨਸ਼ਿਪ ਵਿੱਚ ਅੰਡਰ-15 ਦਾ ਖ਼ਿਤਾਬ ਜਿੱਤਿਆ ਸੀ ਅਤੇ ਉਹ ਪੰਜਾਬ ਯੂਨੀਵਰਸਿਟੀ ਟੀਮ ਦੀ ਮੈਂਬਰ ਸੀ, ਜਿਸ ਨੇ 2016 ਅਤੇ 2017 ਵਿੱਚ ਆਲ ਇੰਡੀਆ ਇੰਟਰ ਯੂਨੀਵਰਸਿਟੀ ਸਕੂਐਸ਼ ਚੈਂਪੀਅਨਸ਼ਿਪ ਜਿੱਤੀ ਸੀ। ਪਿਛਲੇ ਸਾਲ ਗੁਪਤਾ ਨੇ ਐਸਆਰਐਫਆਈ. ਚੈਂਪੀਅਨਸ਼ਿਪ ਦਾ ਦੂਜਾ ਖੇਡ ਖਿਤਾਬ ਜਿੱਤਿਆ। ਇਸ ਫਰਵਰੀ 'ਚ ਦਿੱਲੀ' ਚ ਖੇਡੇ ਗਏ ਹਮਦਰਦ ਡੈੱਲਟਨ ਸਕੂਐਸ਼ ਓਪਨ 'ਚ ਚੌਥੇ ਸਥਾਨ ਤੇ ਰਹੀ ਗੁਪਤਾ ਅਗਲੇ ਮਹੀਨੇ ਦਿੱਲੀ ਵਿਚ ਜਿੰਮਖਾਨਾ ਕਲਾਸਿਕ ਸੀਨੀਅਰ ਚੈਂਪੀਅਨਸ਼ਿਪ ਵਿਚ ਖੇਡਣ ਦੀ ਯੋਜਨਾ ਬਣਾ ਰਹੀ ਹੈ।

ਉਹ ਦੱਸਦੀ ਹੈ, ਕਿ "ਐਸਆਰਐਫਆਈ. ਸਕੂਐਸ਼ ਸਰਕਟ 'ਤੇ ਨਿਯਮਿਤ ਤੌਰ' ਤੇ ਖੇਡਣ ਵਾਸਤੇ ਬਹੁਤ ਸਾਰਾ ਪੈਸਾ ਚਾਹੀਦਾ ਹੈ ਇਸ ਕਰਕੇ ਪਹਿਲਾਂ ਮੈਂ ਇਸ ਸਾਲ ਕੁਝ ਟੂਰਨਾਮੈਂਟਾਂ ਵਿੱਚ ਆਪਣੀ ਰੈਂਕਿੰਗ ਵਿੱਚ ਸੁਧਾਰ ਕਰਨ ਦਾ ਟੀਚਾ ਮਿਥਿਆ ਹੈ। ਓਪਨ ਵਿਚ ਖਿਤਾਬ ਜਿੱਤਣ ਨਾਲ ਮੇਰਾ ਆਤਮ-ਵਿਸ਼ਵਾਸ ਵਧਿਆ ਹੈ ਅਤੇ ਹਮਦਰਦ ਡੈਲਟਨ ਓਪਨ ਵਿਚ ਸੈਮੀ ਫਾਈਨਲ ਤਕ ਪਹੁੰਚਣ ਨਾਲ ਮੇਰੀ ਖੇਡ 'ਚ ਨਿਖਾਰ ਆਇਆ ਹੈ।"

ਪ੍ਰਿਆ ਗੁਪਤਾ ਨੇ ਦੱਸਿਆ ਕਿ ਸੈਕਟਰ-42 ਵਿੱਚਲੀ ਸਿਖਲਾਈ ਸੰਸਥਾ ਖੇਲ੍ਹਸ਼ਾਲਾ ਵਿਖੇ, 70 ਤੋਂ ਵੱਧ ਪਿੰਡਾਂ ਅਤੇ ਝੁੱਗੀ-ਬਸਤੀ ਦੇ ਰਹਿਣ ਵਾਲੇ ਖਿਡਾਰੀ ਸਕੂਐਸ਼ ਖੇਡਣਾ ਸਿੱਖਦੇ ਹਨ ਅਤੇ ਗੈਰ ਸਰਕਾਰੀ ਸੰਸਥਾਵਾਂ ਦੀ ਮਦਦ ਨਾਲ ਇਥੇ 20 ਤੋਂ ਵੱਧ ਕੌਮੀ ਪੱਧਰ ਦੇ ਖਿਡਾਰੀ ਪੈਦਾ ਕੀਤੇ ਜਾ ਚੁੱਕੇ ਹਨ। ਖੇਲ੍ਹਸ਼ਾਲਾ ਦੇ ਸੰਸਥਾਪਕ 61 ਸਾਲਾ ਕੋਚ ਸਤਿੰਦਰ ਬਾਜਵਾ, ਜੋ ਕਿ ਸੰਨ 1999 ਤੋਂ ਸੰਨ 2010 ਤਕ ਅਮਰੀਕਾ ਦੀ ਉੱਘੀ ਯੂਨੀਵਰਸਿਟੀ ਹਾਵਰਡ ਵਿਚ ਸਕੂਐਸ਼ ਦੇ ਨਿਰਦੇਸ਼ਕ ਦੇ ਤੌਰ ਤੇ ਕੰਮ ਕਰ ਚੁੱਕੇ ਹਨ, ਦਾ ਮੰਨਣਾ ਹੈ ਕਿ ਸਕੂਐਸ਼ ਵਿਚ ਮੈਡਲ ਜਿੱਤਣ ਤੋਂ ਇਲਾਵਾ ਯੂਨੀਵਰਸਿਟੀਆਂ ਵਿਚ ਪੜ੍ਹਾਈ ਲਈ ਚੁਣੇ ਜਾਣ ਨਾਲ ਬੱਚਿਆਂ ਦੀ ਕਾਫੀ ਮਦਦ ਹੁੰਦੀ ਹੈ। ਅਮਰੀਕਾ ਵਿਚ, ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਸਪੈਸ਼ਲ ਸਪੋਰਟਸ ਪ੍ਰੋਗਰਾਮਾਂ ਵਿਚ ਖਿਡਾਰੀ ਦਾਖਲ ਹੁੰਦੇ ਹਨ ਅਤੇ ਪ੍ਰਿਆ ਵਰਗੇ ਖਿਡਾਰੀ ਵੀ ਇੱਥੇ ਸਕਾਲਰਸ਼ਿਪ ਲੈ ਸਕਦੇ ਹਨ। ਇਸ ਵਾਸਤੇ ਸਰਕਾਰ ਵੀ ਮਦਦ ਕਰ ਸਕਦੀ ਹੈ ਅਤੇ ਕੋਈ ਐਨਜੀਓ ਵੀ ਖਿਡਾਰੀ ਬੱਚਿਆਂ ਦੀ ਮਦਦ ਲਈ ਅੱਗੇ ਆ ਸਕਦੀ ਹੈ।

# ਇਕ ਸਦੀ ਮਗਰੋਂ ਵਤਨ ਪੁੱਜੀ ਪੰਜਾਬੀ ਯੋਧਿਆਂ ਦੀ ਆਵਾਜ਼

ਚੰਡੀਗੜ੍ਹ/ਬਿਊਰੋ ਨਿਊਜ਼ :
ਜਰਮਨੀ ਦੇ ਹਾਫ ਮੂਨ ਕੈਂਪ ਵਿੱਚ ਕੈਦ ਰਹੇ ਪਹਿਲੀ ਆਲਮੀ ਜੰਗ ਦੇ ਕੈਦੀ ਮੱਲ ਸਿੰਘ ਦੀ ਆਵਾਜ਼ ਇੱਕ ਦਹਾਕਾ ਪਹਿਲਾਂ ਭਾਰਤ ਵਿੱਚ ਪਹੁੰਚੀ। ਰਿਹਾਈ ਦੀ ਮੱਧਮ ਪੈ ਰਹੀ ਉਮੀਦ ਦੌਰਾਨ ਉਹ ਆਪਣੇ ਪਿੰਡ ਵਿੱਚ ਬਿਤਾਏ ਦਿਨਾਂ ਨੂੰ ਯਾਦ ਕਰਦਾ ਹੈ, ਜਦੋਂ ਉਹ ਦੁੱਧ ਪੀਂਦਾ ਸੀ ਅਤੇ ਘਰ ਦਾ ਮੱਖਣ ਖਾਂਦਾ ਸੀ। ਰਿਕਾਰਡ ਆਵਾਜ਼ ਵਿੱਚ ਉਹ ਘਰ ਪਰਤਣ ਲਈ ਤਰਸ ਰਿਹਾ ਸੀ।

ਇਹ ਆਵਾਜ਼ ਇੱਕ ਵਿਗਿਆਨਕ ਤਜਰਬੇ ਲਈ ਜਰਮਨੀ ਵਿੱਚ ਰਿਕਾਰਡ ਕੀਤੀ ਗਈ ਸੀ, ਜੋ ਸੌ ਸਾਲ ਬਾਅਦ ਭਾਰਤ ਪਹੁੰਚੀ। ਜਦੋਂ ਦਹਾਕਾ ਪਹਿਲਾਂ ਅਖਬਾਰਾਂ ਨੇ ਮੱਲ ਸਿੰਘ ਬਾਰੇ ਪਹਿਲੀ ਵਾਰ ਲਿਖਿਆ ਤਾਂ ਪਤਾ ਲੱਗਿਆ ਕਿ ਉਹ ਮੋਗੇ ਦੇ ਇੱਕ ਪਿੰਡ ਦਾ ਬਾਸ਼ਿੰਦਾ ਸੀ। ਬਾਅਦ ਵਿਚ ਰਿਹਾਅ ਹੋ ਕੇ ਮੱਲ ਸਿੰਘ ਪਿੰਡ ਪਰਤਿਆ ਤੇ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਮਾਣਿਆ ਤੇ 1970 ਵਿੱਚ ਦੁਨੀਆਂ ਤੋਂ ਰੁਖ਼ਸਤ ਹੋ ਗਿਆ। ਅਜਿਹੀਆਂ ਹਜ਼ਾਰਾਂ ਆਵਾਜ਼ਾਂ ਅੱਜ ਵੀ ਬਰਲਿਨ ਦੀ ਹੰਬੋਲਤ ਯੂਨੀਵਰਸਿਟੀ ਦੇ ਸਾਊਂਡ ਆਰਕਾਈਵ ਵਿਚ ਪਈਆਂ ਹਨ, ਜਿਨ੍ਹਾਂ ਵਿੱਚੋਂ 70 ਤੋਂ ਵੱਧ ਹੁਣ ਪੰਜਾਬ ਪਹੁੰਚੀਆਂ ਹਨ। ਇਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਆਪਣੇ



ਜਰਮਨ ਵਿਗਿਆਨੀਆਂ ਵੱਲੋਂ ਪਹਿਲੀ ਆਲਮੀ ਜੰਗ ਦੌਰਾਨ ਜੰਗੀ ਕੈਦੀਆਂ ਦੀਆਂ ਆਵਾਜ਼ਾਂ ਰਿਕਾਰਡ ਕੀਤੇ ਜਾਣ ਦਾ ਦ੍ਰਿਸ਼।

ਪਰਿਵਾਰਾਂ ਦੀ ਹਾਲਤ ਸੁਧਾਰਨ ਲਈ ਘਰੋਂ ਤੁਰੇ ਫ਼ੌਜੀਆਂ ਦਾ ਕੈਦ ਵਿੱਚ ਜੀਵਨ ਕਿਹੋ-ਜਿਹਾ ਸੀ। ਇਹ 15ਵੀਂ ਲੁਧਿਆਣਾ ਸਿੱਖ, 47ਵੀਂ ਸਿੱਖ ਅਤੇ ਚੌਥੀ ਗੋਰਖਾ ਰਾਈਫ਼ਲਜ਼ ਦੇ ਸਿਪਾਹੀ ਸਨ।

ਪਹਿਲੇ ਵਿਸ਼ਵ ਯੁੱਧ ਦੇ ਸੌ ਸਾਲ ਪੂਰੇ ਹੋਣ ਮੌਕੇ ਇਹ ਰਿਕਾਰਡਿੰਗਾਂ ਸਬੰਧਤ ਕੈਦੀਆਂ ਦੇ ਮੁਲਕਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬੀ ਸਿਪਾਹੀਆਂ ਦੀਆਂ ਰਿਕਾਰਡਿੰਗਾਂ ਨੂੰ ਸਮਝਣ ਦਾ ਕੰਮ ਚੰਡੀਗੜ੍ਹ ਰਹਿੰਦੇ ਕਰਨਲ (ਸੇਵਾਮੁਕਤ) ਪਰਮਿੰਦਰ ਸਿੰਘ ਰੰਧਾਵਾ ਨੂੰ ਸੌਂਪਿਆ ਗਿਆ ਹੈ। ਬਰਤਾਨਵੀ ਸਾਮਰਾਜ ਤਰਫ਼ੋਂ ਲੜ ਰਹੇ ਭਾਰਤੀ ਫ਼ੌਜੀਆਂ ਨੂੰ ਜਰਮਨੀ ਨੇ ਪੱਛਮੀ ਮੁਹਾਜ਼ 'ਤੇ ਕੈਦ ਕਰ ਲਿਆ ਗਿਆ ਸੀ। ਇਹ ਉਹ ਵਕਤ ਸੀ ਜਦੋਂ ਪ੍ਰਸਿੱਧ ਵਿਗਿਆਨੀ ਥੌਮਸਨ ਐਡੀਸਨ ਨੇ ਵੈਕਸ-ਸਿਲੰਡਰ ਫੋਨੋਗ੍ਰਾਫ ਦੀ ਕਾਢ ਕੱਢੀ ਸੀ ਅਤੇ ਜੰਗੀ ਕੈਦੀਆਂ 'ਤੇ ਇਸ ਦਾ ਤਜਰਬਾ ਕੀਤਾ ਗਿਆ ਸੀ।

ਰਿਕਾਰਡਿੰਗਾਂ ਸੁਣਿਆਂ ਪਤਾ ਚੱਲਦਾ ਹੈ ਕਿ ਸਿਰ 'ਤੇ ਦਸਤਾਰਾਂ ਸਜਾਈ ਪੰਜਾਬੀ ਜੰਗੀ ਕੈਦੀ, ਜਰਮਨ ਵਿਗਿਆਨੀਆਂ ਨੂੰ ਅਚੰਭਿਤ ਕਰਦੇ ਸਨ। ਇੱਕ ਰਿਕਾਰਡਿੰਗ ਅੰਮ੍ਰਿਤਸਰ ਜ਼ਿਲ੍ਹੇ ਦੇ ਬੇਲਾ ਸਿੰਘ ਨਾਮੀ ਫ਼ੌਜੀ ਦੀ ਹੈ, ਜੋ ਤੁਕਬੰਦੀ ਨਾਲ ਆਪਣੇ ਜੀਵਨ ਦੀ ਬਾਤ ਪਾਉਂਦਾ ਹੈ। ਲੁਧਿਆਣਾ ਦਾ ਵਰਿਆਮ ਸਿੰਘ ਸ਼ਬਦ ਜੋੜ-ਜੋੜ ਕਿਸੇ ਪੰਨੇ ਤੋਂ ਪੜ੍ਹ ਕੇ ਬੋਲਦਾ ਹੋਇਆ ਇਹ ਦੱਸਣਾ ਨਹੀਂ ਭੁੱਲਦਾ ਕਿ ਉਹ ਆਪਣੇ ਮੁਲਕ ਹਿੰਦੁਸਤਾਨ ਨੂੰ ਪਿਆਰ ਕਰਦਾ ਹੈ। ਸਿਪਾਹੀ ਸੁੰਦਰ ਸਿੰਘ ਆਪਣੀ ਗੱਲ 'ਇੱਕ ਓਂਕਾਰ' ਨਾਲ ਸ਼ੁਰੂ ਕਰਦਿਆਂ ਆਪਣੇ ਕੋਲ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ 'ਤੇ ਤਸੱਲੀ ਪ੍ਰਗਟਾਉਂਦਾ ਹੈ ਪਰ ਪਵਿੱਤਰ ਬੀੜ ਦੇ ਰੁਮਾਲਿਆਂ ਵਿੱਚ ਲਿਪਟੀ ਨਾ ਹੋਣ ਤੋਂ ਦੁਖੀ ਹੁੰਦਾ ਹੈ। ਉਹ ਕਹਿੰਦਾ ਹੈ ਕਿ ਸ਼ਾਂਤੀ ਸੰਧੀ ਹੀ ਉਨ੍ਹਾਂ ਦੀ ਅਸਲੀ ਖੁਸ਼ੀ ਵਾਪਸ ਲਿਆ ਸਕਦੀ ਹੈ।

ਕਰਨਲ ਰੰਧਾਵਾ ਦਾ ਕਹਿਣਾ ਹੈ ਕਿ ਜਰਮਨਾਂ ਨੇ ਇਹ ਆਵਾਜ਼ਾਂ ਇੱਕ ਸਦੀ ਤੱਕ ਆਪਣੇ ਕੋਲ ਸਾਂਭ ਕੇ ਰੱਖੀਆਂ ਸਨ। ਉਹ ਕਹਿੰਦੇ ਹਨ, "ਮੱਲ ਸਿੰਘ ਵਰਗੇ ਫ਼ੌਜੀਆਂ ਦੇ ਸਵਾਲਾਂ ਦੇ ਜਵਾਬ ਉਦੋਂ ਜਰਮਨਾਂ ਕੋਲ ਨਹੀਂ ਸਨ। ਹੁਣ ਉਹ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਜਾਣਨਾ ਚਾਹੁੰਦੇ ਹਨ।" ਇਹ ਅਵਾਜ਼ਾਂ ਉਸ ਸਮੇਂ ਦੇ ਜੰਗੀ ਕੈਂਪਾਂ ਦੇ ਹਾਲਾਤ ਬਾਰੇ ਦੁਰਲੱਭ ਦਸਤਾਵੇਜ਼ ਹਨ।

ਕਰਨਲ ਰੰਧਾਵਾ ਇਸ ਗੱਲ ਤੋਂ ਖ਼ਫ਼ਾ ਹਨ ਕਿ ਇਨ੍ਹਾਂ ਆਵਾਜ਼ਾਂ ਨੂੰ ਭਾਰਤ ਲਿਆਉਣ ਲਈ ਸਰਕਾਰ ਨੇ ਕੁਝ ਨਹੀਂ ਕੀਤਾ ਅਤੇ ਨਾ ਇਹ ਪਤਾ ਕੀਤਾ ਕਿ ਆਖ਼ਰ ਇਨ੍ਹਾਂ ਸਿਪਾਹੀਆਂ ਨਾਲ ਵਾਪਰਿਆ ਕੀ ਸੀ ? ਉਹ ਕਹਿੰਦੇ ਹਨ, "ਕੀ ਸਰਕਾਰ ਬਰਤਾਨੀਆ ਅਤੇ ਹੋਰਾਂ ਦੇ ਦਬਾਅ ਹੇਠ ਪਹਿਲੀ ਸੰਸਾਰ ਜੰਗ ਦੀ ਕਹਾਣੀ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ? ਅਸੀਂ ਯੁੱਧ ਲੜਿਆ, ਜਿੱਤਿਆ, ਵਿਕਟੋਰੀਆ ਕਰਾਸ ਵੀ ਜਿੱਤਿਆ, ਪਰ ਪਰਦੇ ਪਿੱਛੇ ਜੋ ਕੁੱਝ ਵਾਪਰਿਆ, ਉਸ

ਬਾਕੀ ਸਫ਼ਾ 32 'ਤੇ

ਖ਼ੁਦਕੁਸ਼ੀਆਂ ਦਾ ਜੰਜਾਲ

# ਕਰਜ਼ਾ ਮੁਆਫੀਆਂ ਨਾਲ ਨਹੀਂ ਬਣਨੀ ਗੱਲ

**ਕੁਲਜੀਤ ਬੈਂਸ**

ਪੰਜਾਬ ਸਰਕਾਰ ਜਦੋਂ ਕਰਜ਼ਾ ਮੁਆਫ਼ੀ ਸਕੀਮ ਨਾਲ ਆਪਣੀ ਪਹਿਲਾਂ ਹੀ ਡਾਵਾਂਡੋਲ ਵਿੱਤੀ ਹਾਲਾਤ ਨੂੰ ਹੋਰ ਤਬਾਹ ਕਰ ਰਹੀ ਹੈ, ਤਾਂ ਇਹ ਕਹਿਣਾ ਇਸ ਨਾਲ ਨਾਇਨਸਾਫ਼ੀ ਹੋਵੇਗੀ ਕਿ ਇਹ ਖ਼ੁਦਕੁਸ਼ੀ ਕਰ ਰਹੇ ਕਿਸਾਨਾਂ ਬਾਰੇ ਪ੍ਰਵਾਹ ਨਹੀਂ ਕਰ ਰਹੀ। ਜਦੋਂ ਹਰ ਰੋਜ਼ ਘੱਟੋ-ਘੱਟ ਇੱਕ ਕਿਸਾਨ/ਖੇਤ ਮਜ਼ਦੂਰ ਦੀ ਖ਼ੁਦਕੁਸ਼ੀ ਦੀਆਂ ਰਿਪੋਰਟਾਂ ਆ ਰਹੀਆਂ ਹਨ ਤਾਂ ਇਹ ਪ੍ਰਭਾਵ ਉਪਜਣਾ ਸੁਭਾਵਿਕ ਹੈ ਕਿ ਕਿਤੇ ਤਾਂ ਕੋਈ ਗੜਬੜ ਜ਼ਰੂਰ ਹੈ।ਪਹਿਲਾਂ ਵੀ ਬਹੁਤ ਵਾਰ ਕਿਹਾ ਸੁਣਿਆ ਜਾ ਚੁੱਕਾ ਹੈ ਪਰ ਫਿਰ ਦੁਹਰਾਉਣਾ ਬਣਦਾ ਹੈ ਕਿ ਕਰਜ਼ਾ ਮੁਆਫ਼ੀ ਦਾ ਖ਼ੁਦਕੁਸ਼ੀਆਂ ਨਾਲ ਕੋਈ ਸਬੰਧ ਨਹੀਂ ਹੈ ਅਤੇ ਖ਼ੁਦਕੁਸ਼ੀਆਂ ਦਾ ਮਾਮਲਾ ਐਨ ਵੱਖਰੇ ਤੌਰ 'ਤੇ ਨਜਿੱਠੇ ਜਾਣ ਲਈ ਧਿਆਨ ਮੰਗਦਾ ਹੈ।

ਇਸ ਦੇ ਨਾਲ ਹੀ, ਕਿਸਾਨਾਂ ਨੂੰ ਦਿੱਤੇ ਕਰਜ਼ੇ ਅਤੇ ਇਨ੍ਹਾਂ ਨੂੰ ਮੋੜਨ ਵਿੱਚ ਕਿਸਾਨਾਂ ਦੀ ਅਸਮਰੱਥਾ, ਉਨ੍ਹਾਂ ਵੱਲੋਂ ਮੌਤ ਨੂੰ ਗਲ਼ ਲਾਉਣ ਦਾ, ਯਕੀਨਨ ਸਭ ਤੋਂ ਅਹਿਮ ਕਾਰਨ ਹੈ। ਕਿਸਾਨਾਂ ਨੂੰ ਅਕਸਰ ਨੌਲ਼ਿਆ ਜਾਂਦਾ ਹੈ ਕਿ ਇਹ ਕਰਜ਼ਾ ਚੁੱਕਦੇ ਅਤੇ ਆਪਣੇ ਵਿੱਤ ਨਾਲੋਂ ਵਧੇਰੇ ਖਰਚਾ ਵੀ ਕਰਦੇ ਰਹਿੰਦੇ ਹਨ, ਇਹ ਇਸ ਮਸਲੇ ਤੋਂ ਬਚ ਨਿਕਲਣ ਦਾ ਸੁਖਾਲਾ ਬਹਾਨਾ ਹੋ ਸਕਦਾ ਹੈ। ਹਕੀਕਤ ਇਹ ਹੈ ਕਿ ਕਿਸਾਨ-ਕਰਜ਼ੇ ਵਾਲਾ ਸਮੁੱਚਾ ਮਾਹੌਲ ਬੁਰੀ ਤਰ੍ਹਾਂ ਵਿਗੜ ਚੁੱਕਾ ਹੈ। ਅੱਜ ਇਸ ਖੇਤੀ ਪ੍ਰਧਾਨ ਸੂਬੇ ਅੰਦਰ ਹਾਲ ਇਹ ਹੈ ਕਿ ਜੇ ਕਿਸੇ ਕੋਲ ਆਮਦਨ ਦਾ ਕੋਈ ਬਦਲਵਾਂ ਜਾਂ ਵਾਧੂ ਵਸੀਲਾ ਨਹੀਂ ਹੈ ਤਾਂ ਹਰ ਛੋਟਾ ਕਿਸਾਨ ਕੁੜਿੱਕੀ ਵਿੱਚ ਫਸਿਆ ਹੋਇਆ ਹੈ। ਇੱਥੇ ਹੀ ਸ਼ਾਹੂਕਾਰ ਦੀ ਆਮਦ ਹੁੰਦੀ ਹੈ ਜੋ ਕਰਜ਼ਿਆਂ ਤੋਂ ਖਹਿੜਾ ਛੁਡਾਉਣ ਦਾ ਕੰਮ ਆਪਣੇ ਹੱਥ ਲੈਂਦਾ ਹੈ ਅਤੇ ਲੋੜਵੰਦ ਕਿਸਾਨਾਂ ਨੂੰ ਹਰ ਤਰ੍ਹਾਂ ਦੇ ਰਾਹ ਉੱਤੇ ਚੱਲਣ ਅਤੇ ਨਕਦੀ ਦਿਖਾ ਕੇ ਆਪਣੇ ਵੱਸ ਕਰ ਲੈਂਦਾ ਹੈ।

ਧਿਆਨ ਧਰਨ ਵਾਲਾ ਨੁਕਤਾ ਇਹ ਹੈ ਕਿ ਕਿਸਾਨ ਨੂੰ ਵਿੱਤੀ ਹਿਸਾਬ-ਕਿਤਾਬ ਦਾ ਬਹੁਤਾ ਪਤਾ ਨਹੀਂ ਹੁੰਦਾ। ਬਠਿੰਡਾ ਕੇਂਦਰੀ ਸਹਿਕਾਰੀ ਬੈਂਕ ਵੱਲੋਂ ਵਸੂਲੀ ਦੇ ਮਾਮਲੇ ਵਿੱਚ ਕਿਸਾਨ ਦਾ ਅਜਿਹਾ ਕੇਸ ਸਾਹਮਣੇ ਆਇਆ ਹੈ। ਉਸ ਨੂੰ ਦੁਕਾਨ ਖੋਲ੍ਹਣ ਲਈ ਕਰਜ਼ਾ ਦਿੱਤਾ ਗਿਆ ਸੀ। ਜ਼ਾਹਿਰ ਹੈ ਕਿ ਕਿਸਾਨ ਨੂੰ ਇਸ ਦੇ ਨਤੀਜਿਆਂ ਬਾਰੇ ਉੱਕਾ ਹੀ ਖ਼ਬਰ ਨਹੀਂ ਸੀ ਹਾਲਾਂਕਿ ਉਸ ਨੇ ਆਪਣੀ ਮਰਜ਼ੀ ਨਾਲ ਕਾਗਜ਼ਾਤ ਉੱਤੇ ਦਸਤਖ਼ਤ ਕੀਤੇ ਸਨ।

ਸਰਕਾਰ ਵੱਲੋਂ ਕਰਜ਼ਾ ਮੁਆਫ਼ੀ ਬਾਰੇ ਦਾਗੇ ਐਲਾਨ ਨੇ ਹਾਲਾਤ ਨੂੰ ਸਗੋਂ ਵਿਗਾੜਿਆ ਹੀ ਹੈ। ਆਸ ਦੀ ਕਿਸ਼ਤੀ ਉੱਤੇ ਸਵਾਰ ਬਹੁਗਿਣਤੀ ਗ਼ਰੀਬ ਕਿਸਾਨਾਂ ਨੇ ਕਰਜ਼ਾ ਮੋੜਨਾ ਬੰਦ ਕਰ ਦਿੱਤਾ; ਕੁਝ ਕੁ ਨੇ ਪੈਸਾ ਲਾਪ੍ਰਵਾਹੀ ਨਾਲ ਵੀ ਖਰਚਿਆ। ਹੁਣ ਬੈਂਕ, ਕਰਜ਼ਾ ਵਸੂਲੀ ਲਈ ਕਿਸਾਨਾਂ ਦੇ ਪਿੱਛੇ ਪੈ ਗਏ ਹਨ। ਦੂਜੇ ਬੰਨੇ, ਅਕਾਲੀ ਲੀਡਰ ਦਿਆਲ ਸਿੰਘ ਕੋਲਿਆਂਵਾਲੀ ਵਰਗੇ ਧਨਾਢ ਅਤੇ ਰਸੂਖ਼ਵਾਨ ਲੋਕਾਂ ਦੇ ਕਰਜ਼ਿਆਂ ਨੂੰ ਇਹੀ ਸਹਿਕਾਰੀ ਬੈਂਕਾਂ ਵਾਲੇ ਨਜ਼ਰ ਅੰਦਾਜ਼ ਕਰ ਰਹੇ ਹਨ। ਜੇ ਇਸ ਤਰ੍ਹਾਂ ਦਾ ਮੁਆਫ਼ਕ ਸਲੂਕ ਸੱਤਾਧਾਰੀ ਕਾਂਗਰਸ ਦੇ ਆਗੂ ਵੀ ਮਾਣ ਰਹੇ ਹਨ ਤਾਂ ਸੱਚ ਜਾਣਿਓਂ, ਸਰਕਾਰ ਦਾ ਕਾਰਜ ਕਾਲ ਖ਼ਤਮ ਹੋ ਜਾਵੇਗਾ ਪਰ ਇਨ੍ਹਾਂ ਆਗੂਆਂ ਦੇ ਨਾਵਾਂ ਬਾਰੇ ਭਾਫ਼ ਵੀ ਨਹੀਂ ਨਿਕਲੇਗੀ।

ਇਹ ਸਮੁੱਚੇ ਹਾਲਾਤ ਕਿਸੇ ਨਸ਼ਾਖ਼ੋਰੀ ਵਰਗੇ ਹੀ ਹਨ। ਬਹੁਤ ਸਾਰੇ ਕਿਸਾਨ ਹਾਲਾਤ ਦੇ ਧੱਕੇ-ਧਕਾਏ ਇਸ ਜੰਜਾਲ ਵਿੱਚ ਜਾ ਫਸੇ, ਉਸ ਵਕਤ ਇਹ ਲੋਕ ਆਪਣੀ ਹੋਣੀ ਨੂੰ ਨਹੀਂ ਸਨ ਦੇਖ ਸਕੇ। ਹੁਣ ਇਹ ਉਸ ਸਿਸਟਮ ਵਿੱਚ ਇਕੱਲੇ ਰਹਿ ਗਏ ਮਹਿਸੂਸ ਕਰਦੇ ਹਨ ਜਿਸ ਨੇ ਉਨ੍ਹਾਂ ਲਈ ਕਰਜ਼ੇ ਚੁੱਕਣ ਦਾ ਰਾਹ ਖੋਲ੍ਹਿਆ ਸੀ। ਬੈਂਕਿੰਗ ਸਿਸਟਮ ਅਤੇ ਲੋਕ-ਲੁਭਾਊ ਸਰਕਾਰਾਂ ਨੇ ਕਰਜ਼ੇ ਦੀ ਵੰਡ ਵੇਲੇ ਆਪਣੇ ਨੇਮ ਆਪ ਤੋੜੇ ਅਤੇ ਇਸ ਤੋਂ ਬਾਅਦ ਕੇਸਾਂ ਦੀ ਲਗਾਤਾਰ ਪੈਰਵਾਈ ਲਈ ਸਮੇਂ ਸਮੇਂ 'ਤੇ ਤਾਕੀਦ ਕਰਨ ਵਿੱਚ ਵੀ ਇਹ ਅਸਫ਼ਲ ਰਹੇ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿਸਾਨਾਂ ਨੂੰ ਭੁਗਤਾਨ ਕਰਨ ਤੋਂ ਖੁੰਝਾਉਣ ਲਈ ਇੱਕ ਤਰ੍ਹਾਂ ਨਾਲ ਜਾਣ-ਬੁੱਝ ਕੇ ਉਕਸਾਇਆ ਗਿਆ।

ਖ਼ੈਰ! ਗੱਲ ਫਿਰ ਖ਼ੁਦਕੁਸ਼ੀਆਂ ਦੀ ਕਰੀਏ। ਸਰਕਾਰ ਵਾਰ ਵਾਰ ਕਹਿ ਰਹੀ ਹੈ ਕਿ ਇਸ ਨੇ ਦੋ ਲੱਖ ਰੁਪਏ ਤੱਕ ਕਰਜ਼ਾ ਮੁਆਫ਼ ਕਰ ਦਿੱਤਾ ਹੈ, ਇਸ ਨਾਲ ਕੋਈ ਗੱਲ ਨਹੀਂ ਬਣ ਰਹੀ ਹੈ। ਖ਼ੁਦਕੁਸ਼ੀ ਨਾਲ ਵਾਬਸਤਾ ਕੋਈ ਕਦਮ ਉਠਾਉਣਾ ਹੋਵੇਗਾ ਅਤੇ ਇਸ ਦਾ ਮਤਲਬ ਇਹ ਨਹੀਂ ਕਿ ਇਸ ਉੱਤੇ ਬਹੁਤ ਪੈਸਾ ਖਰਚ ਹੋਵੇਗਾ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਜਿੰਨਾ ਵੱਡਾ ਕਾਰਨ ਵਿੱਤੀ ਹਾਲਾਤ ਹਨ, ਓਨਾ ਹੀ ਅਹਿਮ ਕਾਰਨ ਮਾਨਸਿਕ ਹਾਲਾਤ, ਆਸ ਤੇ ਨਿਰਾਸ਼ਾ ਦਾ ਵੀ ਹੈ। ਦੁੱਖ ਅਤੇ ਬਿਪਤਾ ਵਿੱਚ ਫਸਿਆ ਹਰ ਗ਼ਰੀਬ ਬੰਦਾ ਆਪਣੀ ਜੀਵਨ ਲੀਲ੍ਹਾ ਖ਼ਤਮ ਨਹੀਂ ਕਰਦਾ ਪਰ ਸਮਾਜ ਵਿੱਚ ਹੋਰਾਂ ਦੇ ਮੁਕਾਬਲੇ ਕਿਸਾਨ ਇਸ ਪਾਸੇ ਵੱਧ ਉੱਲਰ ਰਹੇ ਹਨ। ਇੱਕ ਤੋਂ ਬਾਅਦ ਇੱਕ ਖ਼ੁਦਕੁਸ਼ੀ ਨਾਲ ਲੀਹ ਪੈ ਜਾਣ ਦੇ ਵਰਤਾਰੇ ਦੇ ਅਸਰਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਚੱਕਰ ਨੂੰ ਤੁਰੰਤ ਤੋੜਨ ਦੀ ਲੋੜ ਹੈ। ਇੱਕ ਵਿਚਾਰ ਇਹ ਹੈ ਕਿ ਸਰਕਾਰ 'ਡਰੱਗ ਐਬਿਊਜ਼ ਪ੍ਰੀਵੈਨਸ਼ਨ ਆਫ਼ੀਸਰ' ਦੀ ਤਰਜ਼ ਉੱਤੇ, ਵਿਸ਼ੇਸ਼ ਰੂਪ ਵਿੱਚ ਸਿਖਲਾਈਯਾਫ਼ਤਾ ਲੋਕਾਂ ਨੂੰ ਪਿੰਡਾਂ ਵਿੱਚ ਦੁਖਿਆਰੇ ਕਿਸਾਨਾਂ ਦੀ ਸੰਭਾਲ ਲਈ ਲਾਵੇ। ਅਜਿਹੇ ਲੋਕਾਂ, ਜਿਨ੍ਹਾਂ ਨੂੰ 'ਖ਼ੁਦਕੁਸ਼ੀ ਰੋਕੂ ਅਫ਼ਸਰਾਂ' ਦਾ ਨਾਂ ਦਿੱਤਾ ਜਾ ਸਕਦਾ ਹੈ, ਨੂੰ ਮਾਲੀਆ ਮੁਲਾਜ਼ਮਾਂ ਜਾਂ ਜ਼ਿਲ੍ਹਾ ਤੇ ਬਲਾਕ ਪੱਧਰ 'ਤੇ ਬਣਾਏ ਖ਼ਾਸ ਪੈਨਲਾਂ ਨਾਲ ਰਾਬਤੇ ਦੀ ਲੋੜ ਹੋਵੇਗੀ। ਇਹ ਲੋਕ ਇਕੱਲੇ ਇਕੱਲੇ ਕਿਸਾਨ ਦੇ ਹਿਸਾਬ ਨਾਲ ਕੋਈ ਵਿਚਕਾਰਲਾ ਰਾਹ ਕੱਢ ਸਕਦੇ ਹਨ। ਅਜਿਹੇ ਪੈਨਲ ਇਹ ਤੱਥ ਵੀ ਲੱਭ ਸਕਦੇ ਹਨ ਕਿ ਕਿਹੜਾ ਕਿਸਾਨ ਸੱਚਮੁੱਚ ਦੁਖਿਆਰਾ ਹੈ ਅਤੇ ਕਿਹੜਾ ਜਾਣ-ਬੁੱਝ ਕੇ ਭੁਗਤਾਨ ਨਹੀਂ ਕਰ ਰਿਹਾ। ਬੈਂਕ ਅਤੇ ਮਾਲੀਆ ਮੁਲਾਜ਼ਮ ਇਨ੍ਹਾਂ ਨਿਰਪੱਖ ਸਾਲਸਾਂ ਰਾਹੀਂ ਕਿਸਾਨਾਂ ਤੱਕ ਵੀ ਪਹੁੰਚ ਕਰ ਸਕਦੇ ਹਨ। ਇਸ ਮਸਲੇ ਵੱਲ ਪਹਿਲ ਦੇ ਆਧਾਰ 'ਤੇ, ਤੁਰੰਤ ਧਿਆਨ ਧਰਨ ਦੀ ਲੋੜ ਇਸ ਕਰ ਕੇ ਵੀ ਹੈ ਕਿਉਂਕਿ ਜਦੋਂ ਲੋਕ ਹਰ ਰੋਜ਼ ਮਰ ਰਹੇ ਹੋਣ, ਤਾਂ ਸਾਫ਼ ਜ਼ਾਹਿਰ ਹੈ ਕਿ ਮਸਲਾ ਸਿਰਫ਼ ਵਿੱਤੀ ਨਹੀਂ ਹੈ। ਇਹ ਤਾਂ ਮਹਾਂਮਾਰੀ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

# ਭਾਰਤ ਦੀ ਅਫਸਰਸ਼ਾਹੀ ਏਸ਼ੀਆ 'ਚ ਸਭ ਤੋਂ ਵੱਡੀ ਭ੍ਰਿਸ਼ਟ

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916



ਵਰਤਮਾਨ ਸ਼ਾਸ਼ਨ ਵਿਵਸਥਾ ਦਾ ਸੱਚ ਇਹ ਹੈ ਕਿ ਅਜ਼ਾਦੀ ਦੇ ਬਾਅਦ ਅੱਜ ਤੱਕ ਪ੍ਰਸ਼ਾਸ਼ਨ ਤੰਤਰ ਦੀ ਕਾਰਜ ਪ੍ਰਣਾਲੀ ਵਿਚ ਸੁਧਾਰ ਨਹੀਂ ਹੋ ਸਕਿਆ ਤੇ ਉਹ ਇੱਕ ਵਿਸ਼ੇਸ਼ ਰਾਜਨੀਤਕ ਵਾਤਾਵਰਨ ਵਿਚ ਕਾਰਜ ਕਰਨ ਲਈ ਮਜ਼ਬੂਰ ਹੈ। ਇਸੇ ਕਰਕੇ ਅਫਸਰਸ਼ਾਹੀ ਭ੍ਰਿਸ਼ਟਾਚਾਰ ਵਿੱਚ ਡੁੱਬੀ ਹੋਈ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਰਹੀਆਂ ਤੇ ਨਾ ਹੀ ਸਰਕਾਰੀ ਯੋਜਨਾਵਾਂ ਨੂੰ ਲੋਕ ਹਿੱਤ ਵਿਚ ਵਰਤਿਆ ਜਾ ਰਿਹਾ ਹੈ। ਭਾਰਤ ਦੇ ਜ਼ਿਆਦਾਤਰ ਅਫ਼ਸਰ ਸੱਤਧਾਰੀ ਦਲਾਂ ਨਾਲ ਗੱਠਜੋੜ ਵਿਚ ਰੁੱਝੇ ਰਹਿੰਦੇ ਹਨ। ਪ੍ਰਸਾਸ਼ਨਿਕ ਸੁਧਾਰ ਆਯੋਗ ਦੀ ਰਿਪੋਰਟ ਦੱਸਦੀ ਹੈ ਕਿ ਜ਼ਿਲ੍ਹਾ ਅਧਿਕਾਰੀ ਦਾ ਕਾਰਜਕਾਲ ਦੋ ਸਾਲ ਦਾ ਹੋਣਾ ਚਾਹੀਦਾ ਹੈ, ਪਰ ਅੱਜ ਵੀ ਕਈ ਜ਼ਿਲ੍ਹਾ ਅਧਿਕਾਰੀਆਂ ਦੀ ਤਾਇਨਾਤੀ ਮਨਪਸੰਦ ਜਗ੍ਹਾ 'ਤੇ ਕੀਤੀ ਜਾਂਦੀ ਹੈ। ਅਧਿਕਾਰੀਆਂ ਦੀਆਂ ਵਾਰ-ਵਾਰ ਤਬਦੀਲੀਆਂ ਨਾਲ ਪ੍ਰਸ਼ਾਸ਼ਨਿਕ ਵਿਵਸਥਾ ਦੀ ਕਾਰਜਸ਼ਕਤੀ ਪ੍ਰਭਾਵਿਤ ਹੋ ਰਹੀ ਹੈ।

ਭਾਰਤ ਦੀ ਬਹੁਗਿਣਤੀ ਅਫਸਰਸ਼ਾਹੀ ਭ੍ਰਿਸ਼ਟ ਵੀ ਹੈ ਤੇ ਉਸ ਦੀ ਕਾਰਜ ਪ੍ਰਣਾਲੀ ਵੀ ਢਿੱਲੀ ਹੈ। ਵੱਖ-ਵੱਖ ਵਿਭਾਗਾਂ ਤੋਂ ਸਿਰਫ਼ ਮਨਜ਼ੂਰੀਆਂ ਲੈਣ ਵਿਚ ਵੀ ਹਾਲੇ ਤੱਕ ਭਾਰਤ ਦਾ ਸਥਾਨ ਵਿਸ਼ਵ ਵਿੱਚ 185ਵਾਂ ਹੈ। ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਇਹ ਰੈਂਕ ਵਿਗੜ ਰਿਹਾ ਹੈ। ਇਸ ਦੌਰਾਨ ਵਿਸ਼ਵ ਆਰਥਿਕ ਫੋਰਮ ਨੇ 49 ਦੇਸਾਂ ਦੇ ਅਫਸਰਾਂ ਦੇ ਕੰਮ ਕਾਜ ਦਾ ਇਕ ਸਰਵੇਖਣ ਕੀਤਾ ਸੀ, ਉਸ ਵਿਚ ਭਾਰਤੀ ਅਫਸਰਸ਼ਾਹੀ ਨੂੰ ਕਾਫੀ ਹੇਠਾਂ 44ਵਾਂ ਸਥਾਨ ਦਿੱਤਾ ਗਿਆ ਸੀ। ਇਹ ਸਥਿਤੀ ਅੱਜ ਵੀ ਨਹੀਂ ਸੁਧਰੀ। ਟਰਾਂਸਪੇਰੈਂਸੀ ਇੰਟਰਨੈਸ਼ਨਲ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਭ੍ਰਿਸ਼ਟਾਚਾਰ ਪਿਛਲੇ ਸਾਲ ਦੀ ਤੁਲਨਾ ਵਿੱਚ ਵਧਿਆ ਹੈ।

ਭਾਰਤ ਵਿੱਚ ਭ੍ਰਿਸ਼ਟਾਚਾਰ ਕਾਰਨ ਬਿਜਨਸ ਕਰਨਾ ਸੌਖਾ ਨਹੀਂ ਹੈ। ਇਸ ਕਾਰਨ ਹੀ ਵਿਦੇਸ਼ੀ ਤੇ ਪ੍ਰਵਾਸੀ ਭਾਰਤੀ ਭਾਰਤ ਵਿੱਚ ਪੂੰਜੀ ਲਗਾਉਣ ਤੋਂ ਡਰਦੇ ਹਨ, ਕਿਉਂਕਿ ਕਿਸੇ ਕੰਮ ਲਈ ਇੱਥੇ ਇੱਕ ਵਿੰਡੋ ਸਿਸਟਮ ਨਹੀਂ ਹੈ ਤੇ ਨਾ ਹੀ ਕੋਈ ਕੰਮ ਸਮੇਂ ਸਿਰ ਹੁੰਦਾ ਹੈ। ਕੰਮ ਕਰਵਾਉਣ ਲਈ ਵੀ ਰਿਸ਼ਵਤ ਦੇਣੀ ਪੈਂਦੀ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਾਰਤ 2016 ਵਿੱਚ ਜਿੱਥੇ 131ਵੇਂ ਸਥਾਨ 'ਤੇ ਸਨ, ਉੱਥੇ 2017 ਵਿੱਚ 130ਵੇਂ 'ਤੇ ਹੈ। ਭਾਰਤ ਵਿੱਚ ਸਭ ਤੋਂ ਭ੍ਰਿਸ਼ਟ ਪੁਲੀਸ ਨੂੰ ਮੰਨਿਆ ਗਿਆ ਹੈ। ਇਕ ਸਰਵੇਖਣ ਅਨੁਸਾਰ ਪੁਲੀਸ ਵਿਭਾਗ 85ਗ਼, ਸਰਕਾਰੀ ਅਫਸਰ 84ਗ਼, ਬਿਜਨਸਮੈਨ ਐਗਜੀਕਿਊਟਿਵ 79ਗ਼, ਸਥਾਨਕ ਕੌਂਸਲਰ 78ਗ਼, ਸਾਂਸਦ 76ਗ਼, ਟੈਕਸ ਅਫਸਰਜ਼ 74ਗ਼ ਭ੍ਰਿਸ਼ਟ ਦੱਸੇ ਜਾਂਦੇ ਹਨ।

69% ਲੋਕਾਂ ਅਨੁਸਾਰ ਉਨ੍ਹਾਂ ਨੂੰ ਕੰਮ ਕਰਾਉਣ ਲਈ ਰਿਸ਼ਵਤ ਦੇਣੀ ਪੈਂਦੀ ਹੈ। ਸੈਂਟਰ ਫਾਰ ਮੀਡੀਆ ਦੇ ਅਧਿਐਨ ਅਨੁਸਾਰ 20 ਸੂਬਿਆਂ ਵਿੱਚ ਇਸ ਸਾਲ ਲੋਕਾਂ ਨੂੰ 6350 ਕਰੋੜ ਰੁਪਏ ਰਿਸ਼ਵਤ ਵਿੱਚ ਦੇਣੇ ਪਏ ਹਨ। ਹਰੇਕ ਤਿੰਨਾਂ ਵਿੱਚੋਂ ਇੱਕ 'ਭ੍ਰਿਸ਼ਟ' ਅਫਸਰ ਫੜੇ ਜਾਣ ਤੋਂ ਬਾਅਦ ਵੀ ਬਚ ਨਿਕਲਦਾ ਹੈ।

7217 ਰਿਸ਼ਵਤ ਦੇ ਮਾਮਲਿਆਂ ਦੀ ਸੀਬੀਆਈ ਨੇ ਪਿਛਲੇ ਦਸ ਸਾਲਾਂ ਵਿੱਚ ਜਾਂਚ ਕੀਤੀ ਹੈ। 2095 ਮਾਮਲਿਆਂ ਵਿੱਚ ਅਫਸਰ ਬਚ ਨਿਕਲੇ ਹਨ।

ਅਫ਼ਸਰਸ਼ਾਹੀ ਵਿਚ ਭ੍ਰਿਸ਼ਟਾਚਾਰ ਦਾ ਕਾਰਨ ਸਿਰਫ਼ ਅਫਸਰਾਂ ਦੇ ਵਿਹਾਰ ਵਿਚ ਅਰਾਜਕਤਾ, ਕੰਮ ਕਾਰ ਵਿਚ ਲਾਪਰਵਾਹੀ, ਸੁਸਤੀ ਤੇ ਜਨ ਸਰੋਕਾਰਾਂ ਨੂੰ ਲੈ ਕੇ ਇੱਛਾ ਤੇ ਟਰੇਨਿੰਗ ਦੀ ਕਮੀ ਹੀ ਨਹੀਂ, ਬਲਕਿ ਇਹ ਵੀ ਹੈ ਕਿ ਅਫ਼ਸਰਸ਼ਾਹੀ ਵਿਵਸਥਾ ਦਾ ਫਾਇਦਾ ਆਪਣੇ ਹਿੱਤ ਵਿਚ ਉਠਾਉਣਾ ਚਾਹੁੰਦੀ ਹੈ। ਕੇਂਦਰ ਤੇ ਰਾਜ ਸਰਕਾਰਾਂ ਆਪਣੇ ਪ੍ਰਸ਼ਾਸ਼ਨਿਕ ਅਮਲੇ ਨੂੰ ਵੋਟ ਬੈਂਕ ਦੀ ਤਰ੍ਹਾਂ ਦੇਖਦੀਆਂ ਹਨ ਤੇ ਇਸ ਨੂੰ ਕਈ ਤਰ੍ਹਾਂ ਦੇ ਢੰਗਾਂ ਨਾਲ ਸੰਤੁਸ਼ਟ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ। ਉਨ੍ਹਾਂ ਵੱਲੋਂ ਇਸ ਦਾ ਵਿਹਾਰ ਤੇ ਕਾਰਜ ਪ੍ਰਣਾਲੀ ਸੁਧਾਰਨ ਦੀ ਬਜਾਏ, ਇਸ ਦਾ ਇਸਤੇਮਾਲ ਰਾਜਸੀ ਹਿੱਤਾਂ ਲਈ ਕੀਤਾ ਹੈ। ਹੁਣੇ ਜਿਹੇ ਸੀਬੀਆਈ ਨੇ ਡੀਐੱਸਪੀ ਨੀਰਜ ਅਗਰਵਾਲ ਦੇ ਖ਼ਿਲਾਫ਼ ਸੇਵਾਮੁਕਤ ਹੈੱਡ ਕੈਸ਼ੀਅਰ ਤੋਂ 50 ਲੱਖ ਦੀ ਰਿਸ਼ਵਤ ਮੰਗਣ ਦਾ ਮਾਮਲਾ ਦਰਜ ਕੀਤਾ ਗਿਆ ਸੀ। ਇਸੇ ਤਰ੍ਹਾਂ ਨਾਗਾਲੈਂਡ ਦੇ ਸਾਬਕਾ ਏਐੱਸਪੀ ਐੱਮਕੇਆਰ ਪਿੱਲਈ ਦੇ ਘਰ ਟਿਕਾਣਿਆਂ 'ਤੇ 400 ਕਰੋੜ ਦੀ ਜਾਇਦਾਦ ਦੇ ਮਾਮਲੇ 'ਚ ਛਾਪੇ ਮਾਰੇ ਗਏ ਸਨ। ਦੋਵੇਂ ਰਾਸ਼ਟਰਪਤੀ ਮੈਡਲ ਨਾਲ ਸਨਮਾਨਿਤ ਹਨ।

ਵੈਸੇ ਤਾਂ ਅਤੀਤ ਵਿੱਚ ਕਈ ਮੌਕਿਆਂ 'ਤੇ ਸਰਕਾਰਾਂ ਨੇ ਅਫਸਰਸ਼ਾਹੀ ਨੂੰ ਕੱਸਣ ਲਈ ਛੋਟੇ-ਮੋਟੇ ਉਪਾਅ ਕੀਤੇ ਹਨ ਪਰ ਅਜਿਹਾ ਕਈ ਵਾਰ ਹੋਇਆ ਹੈ ਕਿ ਭ੍ਰਿਸ਼ਟ ਅਫਸਰਾਂ ਦੇ ਖ਼ਿਲਾਫ਼ ਜੋ ਮਾਮਲੇ ਸ਼ੁਰੂ ਹੋਏ, ਉਨ੍ਹਾਂ ਵਿੱਚੋਂ ਜ਼ਿਆਦਾਤਰ ਆਪਣੇ ਅੰਜਾਮ ਤੱਕ ਨਹੀਂ ਪਹੁੰਚ ਸਕੇ। ਇਹ ਕੋਸ਼ਿਸ਼ ਕੀਤੀ ਗਈ ਕਿ ਜਾਂ ਤਾਂ ਜਾਂਚ ਪੂਰੀ ਹੀ ਨਾ ਹੋ ਸਕੇ ਜਾਂ ਫਿਰ ਇਹ ਦਿਸ਼ਾਹੀਣ ਹੋ ਜਾਵੇ। ਇਸ ਤੋਂ ਸਪੱਸ਼ਟ ਹੈ ਕਿ ਭ੍ਰਿਸ਼ਟ ਸੱਤਾਧਾਰੀ ਨੇਤਾਵਾਂ ਤੇ ਭ੍ਰਿਸ਼ਟਾਚਾਰੀ ਅਫਸਰਾਂ ਦੇ ਆਪਸ ਵਿੱਚ ਡੂੰਘੇ ਸੰਬੰਧ ਹਨ। ਇਸ ਨਾਲ ਇਹ ਆਮ ਧਾਰਨਾ ਬਣ ਗਈ ਹੈ ਕਿ ਸੱਤਾਧਾਰੀ ਲੋਕ ਆਪਣੇ ਹਿੱਤ ਦੇ ਲਈ ਅਫਸਰਸ਼ਾਹੀ ਦਾ ਇਸਤੇਮਾਲ ਕਰਦੇ ਹਨ। ਇਹੀ ਪਹੁੰਚ ਅਫਸਰਾਂ ਨੂੰ ਭ੍ਰਿਸ਼ਟ ਬਣਾਉਂਦੀ। ਜਿਸ ਤਰ੍ਹਾਂ ਸੱਤਾਧਾਰੀ ਨੇਤਾ ਉੱਚੇ ਅਹੁਦਿਆਂ 'ਤੇ ਬੈਠੇ ਅਫਸਰਾਂ ਦਾ ਆਪਣੇ ਲਈ ਇਸਤੇਮਾਲ ਕਰਦੇ ਹਨ, ਉਸੇ ਤਰ੍ਹਾਂ ਅਫਸਰਸ਼ਾਹੀ ਆਪਣੇ ਲਾਭ ਦੇ ਲਈ ਸੱਤਾਧਾਰੀਆਂ ਦੀ ਸੁਰੱਖਿਆ ਛੱਤਰੀ ਹਾਸਲ ਕਰਦੀ ਹੈ। ਇਹ ਗੱਲ ਇਸ ਤੋਂ ਸਾਬਤ ਹੁੰਦੀ ਹੈ ਕਿ ਜੇਕਰ ਅਫਸਰਸ਼ਾਹੀ ਨੇ ਪੂਰੀ ਇਮਾਨਦਾਰੀ ਨਾਲ ਅਤੇ ਉੱਚਿਤ ਢੰਗ ਨਾਲ ਭ੍ਰਿਸ਼ਟਾਚਾਰ ਦਾ ਵਿਰੋਧ ਕੀਤਾ ਹੁੰਦਾ, ਤਾਂ ਭਾਰਤ ਵਿੱਚ ਭ੍ਰਿਸ਼ਟਾਚਾਰ ਦਾ ਇਹ ਰੂਪ ਨਾ ਦਿਸਦਾ, ਜਿਵੇਂ ਕਿ ਅੱਜ ਹੈ। ਇਹ ਅਫਸਰਸ਼ਾਹੀ ਦੇ ਭ੍ਰਿਸ਼ਟਾਚਾਰ ਦਾ ਨਤੀਜਾ ਹੈ ਕਿ ਅੱਜ ਹਰ ਯੋਜਨਾ ਵਿੱਚ ਭ੍ਰਿਸ਼ਟਾਚਾਰ ਮੌਜੂਦ ਹੈ। ਕਾਮਨਵੈਲਥ ਗੇਮਜ਼ ਦੇ ਆਯੋਜਨ ਵਿੱਚ ਗੜਬੜ ਦਾ ਮਾਮਲਾ ਹੋਵੇ ਜਾਂ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲਾ, 2-ਜੀ ਘੁਟਾਲਾ ਹੋਵੇ ਜਾਂ ਕੋਲਾ ਘੁਟਾਲਾ ਹੋਵੇ, ਸਾਰਿਆਂ ਵਿੱਚ ਉੱਚੇ ਅਹੁਦਿਆਂ 'ਤੇ ਬੈਠੇ ਅਫਸਰਾਂ ਦੀ ਭੂਮਿਕਾ ਸ਼ੱਕੀ ਰਹੀ ਹੈ।

ਸੱਚਾਈ ਇਹ ਵੀ ਹੈ ਕਿ ਅਫਸਰਸ਼ਾਹੀ ਕਈ ਮੌਕਿਆਂ 'ਤੇ ਸੱਤਾਧਾਰੀ ਨੇਤਾਵਾਂ 'ਤੇ ਹਾਵੀ ਸਾਬਤ ਹੋ ਜਾਂਦੀ ਹੈ। ਅਫਸਰ ਚਾਹੁਣ ਤਾਂ ਉਹ ਨੇਤਾਵਾਂ ਦੇ ਘੁਟਾਲੇ ਜ਼ਰੂਰ ਉਜਾਗਰ ਕਰ ਦਿੰਦੇ ਹਨ। ਭਾਰਤ ਵਿੱਚ ਅਜਿਹਾ ਹੀ ਵਾਪਰਦਾ ਰਿਹਾ ਹੈ। ਇਸੇ ਕਰਕੇ ਅਫਸਰਸ਼ਾਹੀ ਤੇ ਸੱਤਾਧਾਰੀ ਧਿਰ ਮਿਲ ਜੁਲ ਕੇ ਘਪਲੇ ਕਰਦੇ ਹਨ। ਦਰਅਸਲ ਇਹ ਸਭ ਨੇਤਾਵਾਂ ਤੇ ਅਫਸਰਸ਼ਾਹੀ ਦੇ ਭ੍ਰਿਸ਼ਟ ਗਠਜੋੜ ਕਾਰਨ ਵਾਪਰਦਾ ਹੈ।

## ਪ੍ਰਸ਼ਾਸਨਿਕ ਸੁਧਾਰ ਲਈ ਬਣੇ ਕਮਿਸ਼ਨ

ਪ੍ਰਸ਼ਾਸ਼ਨਿਕ ਸੁਧਾਰਾਂ ਤੇ ਹੁਣ ਤੱਕ ਕਈ ਅਯੋਗ 1949 ਦੌਰਾਨ 1950-51 ਐਨ ਗੋਪਾਲ ਸਵਾਮੀ ਅਯੰਗਰ ਕਮਿਸ਼ਨ, 1952-56 ਕਮਿਸ਼ਨ ਪਾਲ ਐਚ ਐਪਲ ਬੀ, 1955-57 ਕਮਿਸ਼ਨ ਅਚਾਰੀਆ ਜੇਬੀ ਕ੍ਰਿਪਲਾਨੀ, 1956 ਰਾਮਾਸਵਾਮੀ ਮੁਦਲਿਆਰ, 1966-70 ਵਿਚ ਹਨੂਮੰਤ ਮੈਥਿਆ ਕਮਿਸ਼ਨ, 1964 ਵਿਚ ਕੇ ਸੰਥਨਾਮ ਕਮਿਸ਼ਨ, 1976 ਵਿਚ ਡੀਐਸ ਕੁਠਾਰੀ, 1989 ਵਿਚ ਸਤੀਸ਼ ਚੰਦਰਾ, 1997 ਵਿਚ ਐਨ ਐਨ ਵਾਸ਼, 1998 ਵਿਚ ਪੀਸੀ ਜੈਨ, 2000 ਦੌਰਾਨ ਵਾਈਕੇ ਅਲਘ, 2004 ਵਿਚ ਪੀਸੀ ਅਹੋਤਾ ਬਣਾਏ ਗਏ ਹਨ, ਜਿਨ੍ਹਾਂ ਦਾ ਮਨੋਰਥ ਭਾਰਤੀ ਸਿਵਲ ਸੇਵਾ ਖੇਤਰ, ਪ੍ਰਸ਼ਾਸਨਿਕ ਕਾਨੂੰਨਾਂ ਸਬੰਧੀ ਸੁਧਾਰ ਦੀਆਂ ਸਿਫਾਰਸ਼ਾਂ ਕਰਨਾ ਸੀ ਪਰ ਇਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਅੱਜ ਤੱਕ ਅਮਲ ਵਿਚ ਨਹੀਂ ਲਿਆਂਦਾ ਗਿਆ।

ਲੋੜ ਇਸ ਗੱਲ ਦੀ ਹੈ ਕਿ ਜੇਕਰ ਭਾਰਤ ਦੇ ਨੇਤਾ ਪੜ੍ਹੇ-ਲਿਖੇ ਤੇ ਇਮਾਨਦਾਰ ਹੋਣ ਤਾਂ ਅਫਸਰਸ਼ਾਹੀ ਆਪਣੇ ਆਪ ਇਮਾਨਦਾਰ ਬਣ ਜਾਵੇਗੀ। ਅਲੱਗ-ਅਲੱਗ ਖੇਤਰਾਂ ਵਿੱਚ ਕੰਮ ਕਰ ਰਹੇ ਆਈ ਐੱਸ ਅਧਿਕਾਰੀਆਂ ਨੂੰ ਉਨ੍ਹਾਂ ਦੇ ਖੇਤਰ ਅਤੇ ਕਾਰਜ ਪ੍ਰਣਾਲੀ ਬਾਰੇ ਯੋਗ ਟਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ ਤੇ ਮੌਜੂਦਾ ਸਮੇਂ ਦੀਆਂ ਜ਼ਰੂਰਤਾਂ ਦੇ ਸੰਦਰਭ ਵਿੱਚ ਅਲੱਗ-ਅਲੱਗ ਖੇਤਰਾਂ ਦੀ ਜ਼ਿੰਮੇਵਾਰੀ ਉਸ ਖੇਤਰ ਵਿਸ਼ੇਸ਼ ਦੇ ਜਾਣਕਾਰ ਅਧਿਕਾਰੀ ਨੂੰ ਦੇਣੀ ਚਾਹੀਦੀ ਹੈ ਤਾਂ ਨਿਸ਼ਚਤ ਤੌਰ 'ਤੇ ਕਾਰਜ ਪ੍ਰਣਾਲੀ ਵਿੱਚ ਸੁਧਾਰ ਆ ਸਕੇਗਾ। ਜੇਕਰ ਭ੍ਰਿਸ਼ਟਾਚਾਰ ਘਟੇਗਾ, ਤਾਂ ਹੀ ਵਿਦੇਸ਼ੀ ਤੇ ਪ੍ਰਵਾਸੀ ਭਾਰਤੀਆਂ ਦੀ ਪੂੰਜੀ ਦੇਸ ਵਿੱਚ ਲੱਗ ਸਕੇਗੀ।

# ਕਾਨ ਫਿਲਮ ਮੇਲੇ ਦਾ ਸਰਵੋਤਮ ਪੁਰਸਕਾਰ ਜਪਾਨੀ ਨਿਰਦੇਸ਼ਕ ਹਿਰੋਕਾਜ਼ੂ ਕੋਰ-ਏਡਾ ਨੂੰ ਮਿਲਿਆ

**ਕਾਨ/ਬਿਊਰੋ ਨਿਊਜ਼ :** 71ਵੇਂ ਕਾਨ ਫਿਲਮ ਮੇਲੇ ਦੇ ਸਮਾਪਤੀ ਸਮਾਰੋਹ ਵਿੱਚ ਏਸ਼ਿਆਈ, ਅਰਬੀ ਅਤੇ ਮਹਿਲਾ ਕਲਾਕਾਰਾਂ ਨੇ ਸਿਖਰਲੇ ਐਵਾਰਡ ਆਪਣੇ ਨਾਂ ਕੀਤੇ ਜਦ ਕਿ ਜਪਾਨੀ ਨਿਰਦੇਸ਼ਕ ਹਿਰੋਕਾਜ਼ੂ ਕੋਰ-ਏਡਾ ਨੇ ਕਾਨ ਦਾ ਸਰਵਉੱਚ ਪੁਰਸਕਾਰ 'ਪਾਮ ਡੀ ਔਰ' ਹਾਸਲ ਕੀਤਾ। ਸਮਾਰੋਹ ਵਿੱਚ 'ਮੈਨਬਿਕੀ ਕਾਜ਼ੋਕੂ' ਨੇ ਫਿਲਮ 'ਸ਼ਾਪਲਿਫਟਰਜ਼' ਲਈ 'ਪਾਮ ਡੀ ਔਰ' ਪੁਰਸਕਾਰ ਜਿੱਤਿਆ। ਇਹ ਫਿਲਮ ਗਰੀਬੀ ਵਿੱਚ ਜੀਵਨ ਬਤੀਤ ਕਰ ਰਹੇ ਇਕ ਅਜਿਹੇ ਪਰਿਵਾਰ ਦੀ ਕਹਾਣੀ ਹੈ, ਜੋ ਜ਼ਿੰਦਗੀ ਦੇ ਸੰਘਰਸ਼ ਤੋਂ ਪਾਰ ਪਾਉਣ ਵਿੱਚ ਲੱਗਿਆ ਹੋਇਆ ਹੈ। ਸਪਾਈਕ ਲੀ ਦੀ ਨਸਲਵਾਦ ਵਿਰੋਧੀ ਪੀਰੀਅਡ ਡਰਾਮਾ ਫਿਲਮ 'ਬਲੈਕਕੈਂਸਮੈਨ' ਨੇ ਗ੍ਰਾਂ ਪ੍ਰੀ ਪੁਰਸਕਾਰ ਜਿੱਤਿਆ ਜਦ ਕਿ ਲਿਬਨਾਨੀ ਫਿਲਮਸਾਜ਼ ਨਾਡਿਨ ਲਬਾਕੀ ਦੀ ਫਿਲਮ 'ਕੈਫਰਨੌਮ' ਨੇ ਜਿਊਰੀ ਪ੍ਰਾਈਡ ਆਪਣੇ ਨਾਂ ਕੀਤਾ। ਪੋਲੈਂਡ ਦੇ ਪਾਵੇਲ ਪਾਵਲਿਕੋਵਸਕੀ ਨੂੰ ਕਾਨ ਵਿੱਚ ਸਰਵੋਤਮ ਨਿਰਦੇਸ਼ਕ ਦਾ ਖ਼ਿਤਾਬ ਪ੍ਰਦਾਨ ਕੀਤਾ ਗਿਆ ਉਨ੍ਹਾਂ ਨੂੰ ਫਿਲਮ 'ਕੋਲਡ ਵਾਰ' ਲਈ ਇਹ ਖ਼ਿਤਾਬ ਦਿੱਤਾ ਗਿਆ।



ਬੁੱਧਵਾਰ ਨੂੰ ਕਾਨ ਕ੍ਰਿਟਿਕਸ ਹਫ਼ਤੇ ਵਿੱਚ ਫਰਾਂਸੀਸੀ-ਭਾਰਤੀ ਫਿਲਮ 'ਸਰ' ਨੇ 'ਗਾਨ ਫਾਊਂਡੇਸ਼ਨ ਐਵਾਰਡਜ਼ ਫਾਰ ਡਿਸਟ੍ਰੀਬਿਊਸ਼ਨ' ਪੁਰਸਕਾਰ ਜਿੱਤਿਆ ਸੀ। ਨਵੋਦਿਤ ਨਿਰਦੇਸ਼ਕ ਰੋਹੇਨਾ ਗੇਰਾ ਵੱਲੋਂ ਨਿਰਦੇਸ਼ਤ ਇਹ ਫਿਲਮ ਮੁੰਬਈ ਦੇ ਇਕ ਅਮੀਰ ਨੌਜਵਾਨ ਅਤੇ ਉਸ ਦੀ ਘਰੇਲੂ ਸਹਾਇਕਾ ਦੀ ਕਹਾਣੀ ਹੈ। ਇਹ ਕਿਰਦਾਰ ਕ੍ਰਮਵਾਰ ਵਿਵੇਕ ਗੋਂਬਰ ਅਤੇ ਤਿਲੋਤਸਮਾ ਸੋਮ ਨੇ ਨਿਭਾਏ ਹਨ।

ਇਤਾਲਵੀ ਕਲਾਕਾਰ ਮਾਰਸੋਲੇ ਫੌਂਤੇ ਨੂੰ ਸਰਵੋਤਮ ਕਲਾਕਾਰ ਦਾ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਨੂੰ ਮੈਟਿਓ ਗੈਰੋਨ ਦੀ ਫਿਲਮ 'ਡਾਗਮੈਨ' ਵਿਚ ਨਿਭਾਈ ਸ਼ਾਨਦਾਰ ਭੂਮਿਕਾ ਲਈ ਇਹ ਪੁਰਸਕਾਰ ਦਿੱਤਾ ਗਿਆ। ਕਜ਼ਾਕਿਸਤਾਨ ਦੀ ਸਾਮਲ ਯੇਸਿਲਸਾਮੋਵਾ ਨੂੰ ਸਰਵੋਤਮ ਅਦਾਕਾਰਾ ਦਾ ਖ਼ਿਤਾਬ ਮਿਲਿਆ। ਉਨ੍ਹਾਂ ਨੂੰ ਇਹ ਪੁਰਸਕਾਰ ਸਰਗੇਈ ਦਵੋਤਸਰਵੋਈ ਦੀ ਫਿਲਮ 'ਆਈਕਾ' ਵਿੱਚ ਉਨ੍ਹਾਂ ਦੀ ਖ਼ੂਬਸੂਰਤ ਅਦਾਕਾਰੀ ਲਈ ਦਿੱਤਾ ਗਿਆ।

# ਗੈਂਗਵਾਰ ਕਾਰਨ ਕੈਨੇਡਾ ਵਿਚ ਮਰ ਰਹੇ ਹਨ ਪੰਜਾਬੀ ਨੌਜਵਾਨ

**ਬਲਰਾਜ ਸਿੰਘ ਸਿੱਧੂ ਐਸ.ਪੀ.**
(95011-00062)

ਕੈਨੇਡਾ ਤੋਂ ਹਰ ਦੂਜੇ-ਚੌਥੇ ਹਫਤੇ ਕਿਸੇ ਨਾ ਕਿਸੇ ਪੰਜਾਬੀ ਨੌਜਵਾਨ ਦੇ ਗੈਂਗਵਾਰ ਵਿਚ ਮਰਨ ਦੀ ਖ਼ਬਰ ਆ ਰਹੀ ਹੈ। ਦੁਨੀਆ ਵਿਚ ਭਰਾਮਾਰੂ ਜੰਗ ਕਾਰਨ ਸਭ ਤੋਂ ਵੱਧ ਨੌਜਵਾਨ ਅਤਿਵਾਦ ਦੌਰਾਨ ਪੰਜਾਬ ਵਿਚ ਮਰੇ ਸਨ, ਦੂਜੇ ਨੰਬਰ ਤੇ ਫਿਲੀਪੀਨਜ਼ ਵਿਚ ਵਿਆਜ਼ ਉਤੇ ਪੈਸਾ ਦੇਣ ਵਾਲੇ ਪੰਜਾਬੀ ਇਕ-ਦੂਜੇ ਨੂੰ ਮਰਵਾ ਰਹੇ ਹਨ ਅਤੇ ਤੀਜੇ ਨੰਬਰ ਤੇ ਮਰਨ ਵਾਲੇ ਕੈਨੇਡਾ ਦੇ ਨਸ਼ਿਆਂ ਦੇ ਵਪਾਰੀ ਹਨ। ਕੈਨੇਡਾ ਵਿਚ ਹੁਣ ਤਕ 200 ਦੇ ਕਰੀਬ ਪੰਜਾਬੀ ਨੌਜਵਾਨ ਨਸ਼ਾ ਵਪਾਰੀਆਂ ਦੀ ਆਪਸੀ ਲੜਾਈ ਕਾਰਨ ਮੌਤ ਦੇ ਮੂੰਹ ਵਿਚ ਜਾ ਚੁੱਕੇ ਹਨ। ਇਹ ਮੌਤਾਂ ਕੈਨੇਡਾ ਵਿਚ ਗੈਂਗ ਹਿੰਸਾ ਕਾਰਨ ਹੋਣ ਵਾਲੀਆਂ ਕੁੱਲ ਮੌਤਾਂ ਦਾ 26% ਬਣਦੀਆਂ ਹਨ।

ਪੰਜਾਬੀ ਕੈਨੇਡਾ ਦੀ ਧਰਤੀ ਉੱਪਰ ਕਰੀਬ 100 ਸਾਲ ਪਹਿਲਾਂ ਵਸਣੇ ਸ਼ੁਰੂ ਹੋਏ ਸਨ। ਇਥੇ ਆ ਕੇ ਪੰਜਾਬੀਆਂ ਨੇ ਭਾਰੀ ਤਰੱਕੀ ਕੀਤੀ। ਵਪਾਰ, ਖੇਤੀਬਾੜੀ, ਸਰਕਾਰੀ ਨੌਕਰੀਆਂ ਅਤੇ ਵਿਦਿਅਕ ਖੇਤਰ ਵਿਚ ਅਹਿਮ ਸਥਾਨ ਪ੍ਰਾਪਤ ਕੀਤੇ। ਸਿਆਸਤ ਵਿਚ ਤਾਂ ਕਮਾਲ ਹੀ ਕਰ ਦਿਤੀ ਹੈ। ਟਰੂਡੋ ਸਰਕਾਰ ਵਿਚ 18 ਐਮਪੀ. ਅਤੇ 4 ਪੰਜਾਬੀ ਕੈਬਨਿਟ ਮੰਤਰੀ ਬਣਨਾ ਵੀ ਇਕ ਚਮਤਕਾਰ ਹੀ ਹੈ ਪਰ ਇਸ ਦੇ ਨਾਲ ਨਾਲ ਪੰਜਾਬੀ ਸਮਾਜ ਵਿਚ ਕੁਝ ਅੱਤ ਦਰਜੇ ਦੀਆਂ ਬੁਰੀਆਂ ਆਦਤਾਂ ਵੀ ਘਰ ਕਰ ਗਈਆਂ ਹਨ। ਅੱਜ ਤੋਂ 35-40 ਸਾਲ ਪਹਿਲਾਂ ਨਸ਼ੇ ਵੇਚਣ (ਡਰੱਗਜ਼) ਵਰਗੇ ਮਨਹੂਸ ਧੰਦੇ ਵਿਚ ਪੰਜਾਬੀਆਂ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ ਸੀ। ਇਹ ਕੰਮ ਚੀਨੀ, ਗੋਰੇ ਅਤੇ ਅਫ਼ਰੀਕਨ ਕਰਦੇ ਸਨ।

1980ਵਿਆਂ ਵਿਚ ਕੁਝ ਪੰਜਾਬੀ ਨੌਜਵਾਨਾਂ ਨੇ ਇਸ ਕੰਮ 'ਚ ਅਜਿਹਾ ਕਦਮ ਰਖਿਆ ਕਿ ਅੱਜ ਇਸ ਅਰਬਾਂ-ਖਰਬਾਂ ਦੇ ਵਪਾਰ ਵਿਚ ਅਨੇਕਾਂ ਛੋਟੇ ਵੱਡੇ ਪੰਜਾਬੀ ਗੈਂਗ ਲੱਗੇ ਹੋਏ ਹਨ।ਪਹਿਲਾਂ ਪੰਜਾਬੀ ਗੈਂਗ ਗਰੁੱਪਾਂ ਦਾ ਮੁੱਖ ਅੱਡਾ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦਾ ਸਰੀ-ਵੈਨਕੂਵਰ ਸ਼ਹਿਰ ਸੀ ਪਰ ਹੁਣ ਇਨ੍ਹਾਂ ਦਾ ਗ਼ਲਬਾ ਉਂਟਾਰੀਓ, ਐਲਬਰਟਾ ਅਤੇ ਅਮਰੀਕਾ ਵਿਚ ਕੈਲੇਫ਼ੋਰਨੀਆ, ਨਿਊ ਜਰਸੀ, ਨਿਊਯਾਰਕ ਅਤੇ ਪੰਜਾਬ ਤਕ ਫੈਲ ਗਿਆ ਹੈ। ਸਮਗਲਿੰਗ ਕਰਨ ਲਈ ਮੁੱਖ ਤੌਰ ਤੇ ਟਰੱਕ ਵਰਤੇ ਜਾਂਦੇ ਹਨ ਅਤੇ ਡਰੱਗਜ਼, ਹਥਿਆਰਾਂ ਦੀ ਸਮਗਲਿੰਗ, ਡਾਕੇ, ਸੁਪਾਰੀ, ਫ਼ਰਾਡ, ਹਵਾਲਾ, ਜਾਅਲੀ ਕਰੰਸੀ, ਫਿਰੌਤੀਆਂ ਅਤੇ ਜੂਏ ਦੇ ਧੰਦੇ ਕੀਤੇ ਜਾਂਦੇ ਹਨ। ਪੰਜਾਬੀ ਗੈਂਗ ਕੈਨੇਡਾ ਦੇ ਸੰਗਠਿਤ ਅਪਰਾਧ ਜਗਤ ਵਿਚ ਤੀਜੇ ਨੰਬਰ ਤੇ ਹਨ। ਪਹਿਲੇ ਨੰਬਰ ਤੇ ਗ਼ੈਰ-ਕਾਨੂੰਨੀ ਮੋਟਰਸਾਈਕਲ ਕਲੱਬ ਹਨ ਅਤੇ ਦੂਜੇ ਨੰਬਰ ਤੇ ਚੀਨੀ-ਵੀਅਤਨਾਮੀ ਗੈਂਗ। ਪਰ ਜਿਵੇਂ ਨਵੇਂ ਤੋਂ ਨਵੇਂ ਨੌਜਵਾਨ ਇਸ ਧੰਦੇ ਵਿਚ ਕੁੱਦ ਰਹੇ ਹਨ, ਲਗਦਾ ਹੈ ਕਿ ਪੰਜਾਬੀ ਇਸ ਕੰਮ ਵਿਚ ਵੀ ਸਭ ਨੂੰ ਪਛਾੜ ਦੇਣਗੇ। ਪੰਜਾਬੀ ਗੈਂਗ ਸ਼ੁਰੂ-ਸ਼ੁਰੂ ਵਿਚ ਮਾੜੇ ਮੋਟੇ ਅਪਰਾਧ ਕਰਦੇ ਸਨ ਪਰ 1980ਵਿਆਂ ਵਿਚ ਕੈਨੇਡਾ-ਅਮਰੀਕਾ ਵਿਚ ਆਏ ਨਸ਼ਿਆਂ ਦੇ ਹੜ੍ਹ ਨੇ ਉਨ੍ਹਾਂ ਨੂੰ ਵੀ ਇਸ ਵਗਦੀ ਗੰਗਾ ਵਿਚ ਹੱਥ ਰੰਗਣ ਲਈ ਲਲਚਾ ਦਿਤਾ। ਕਹਿੰਦੇ ਹਨ ਕਿ ਪੈਸਾ ਅਪਣੇ ਨਾਲ ਹਜ਼ਾਰਾਂ ਐਬ ਲੈ ਕੇ ਆਉਂਦਾ ਹੈ। ਇਨ੍ਹਾਂ ਨਾਲ ਵੀ ਅਜਿਹਾ ਹੀ ਹੋਇਆ। ਹੌਲੀ-ਹੌਲੀ ਇਨ੍ਹਾਂ ਗੈਂਗਜ਼ ਵਿਚ ਇਲਾਕੇ ਤੇ ਕਬਜ਼ੇ ਨੂੰ ਲੈ ਕੇ ਝਗੜੇ ਸ਼ੁਰੂ ਹੋ ਗਏ ਅਤੇ ਗੱਲ ਮਾਰਕੁੱਟ ਤਕ ਪਹੁੰਚ ਗਈ, ਜੋ ਲਗਾਤਾਰ ਜਾਰੀ ਹੈ। ਕੈਨੇਡੀਅਨ ਮੀਡੀਆ ਇਸ ਨੂੰ ਬਹੁਤ ਹਵਾ ਦੇ ਰਿਹਾ ਹੈ ਅਤੇ ਇਨ੍ਹਾਂ ਗੈਂਗਜ਼ ਨੂੰ ਇੰਡੋ-ਕੈਨੇਡੀਅਨ ਗੈਂਗ ਕਹਿ ਕੇ ਖ਼ੂਬ ਭੰਡਿਆ ਜਾ ਰਿਹਾ ਹੈ। ਪੰਜਾਬੀ ਡਰੱਗ ਗੈਂਗ ਗਰੁੱਪਾਂ ਵਿਚ ਕਤਲੋਗ਼ਾਰਤ ਸ਼ੁਰੂ ਕਰਨ ਵਾਲੇ ਗੈਂਗਸਟਰ ਸਨ ਦੋਸਾਂਝ ਭਰਾ, ਰਣਜੀਤ (ਰੌਨ) ਦੋਸਾਂਝ ਅਤੇ ਜਸਜੇਰ ਸਿੰਘ (ਜਿੰਮੀ) ਦੋਸਾਂਝ। ਇਨ੍ਹਾਂ ਦੀ ਮਸ਼ਹੂਰ ਗੈਂਗਸਟਰ ਭੁਪਿੰਦਰ ਸਿੰਘ (ਬਿੰਦੀ ਜੌਹਲ) ਨਾਲ ਦੁਸ਼ਮਣੀ ਨੇ ਅਜਿਹੀ ਖ਼ੂਨੀ ਖੇਡ ਸ਼ੁਰੂ ਕੀਤੀ, ਜੋ ਹੁਣ ਤਕ ਬਾਦਸਤੂਰ ਜਾਰੀ ਹੈ। ਦੋਸਾਂਝ ਭਰਾ ਕੈਨੇਡਾ ਦੇ ਪਹਿਲੇ ਪੰਜਾਬੀ ਗੈਂਗਸਟਰ ਮੰਨੇ ਜਾਂਦੇ ਹਨ। ਬਿੰਦੀ ਜੌਹਲ ਉਨ੍ਹਾਂ ਦੇ ਹੀ ਗੈਂਗ ਵਿਚ ਕੰਮ ਕਰਦਾ ਸੀ। ਜਦੋਂ ਦੋਸਾਂਝ ਭਰਾਵਾਂ ਨੂੰ ਕਿਸੇ ਕੇਸ ਵਿਚ ਜੇਲ ਜਾਣਾ ਪਿਆ ਤਾਂ ਬਿੰਦੀ ਜੌਹਲ ਨੇ ਉਨ੍ਹਾਂ ਦੇ ਡਰੱਗਜ਼ ਧੰਦੇ ਉਤੇ ਕਬਜ਼ਾ ਕਰ ਲਿਆ। ਜੇਲ੍ਹ ਤੋਂ ਬਾਹਰ ਆ ਕੇ ਜਦੋਂ ਦੋਸਾਂਝ ਭਰਾਵਾਂ ਨੇ ਬਿੰਦੀ ਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਲਟਾ ਬਿੰਦੀ ਜੌਹਲ ਨੇ ਸੁਪਾਰੀ ਦੇ ਕੇ ਫ਼ਰਵਰੀ 1994 ਵਿਚ ਜਿੰਮੀ ਦੋਸਾਂਝ ਅਤੇ ਅਪ੍ਰੈਲ 1994 ਵਿਚ ਰਣਜੀਤ ਦੋਸਾਂਝ ਨੂੰ ਹੀ ਕਤਲ ਕਰਵਾ ਦਿਤਾ। ਇਸ ਤੋਂ ਬਾਅਦ ਬਿੰਦੀ ਜੌਹਲ ਦਿਨਾਂ ਵਿਚ ਹੀ ਡਰੱਗਜ਼ ਧੰਦੇ ਉਤੇ ਛਾ ਗਿਆ। ਇਸ ਦੇ ਸ਼ਾਹੀ ਰਹਿਣ-ਸਹਿਣ ਅਤੇ ਟੌਹਰ-ਟੱਪੇ ਤੋਂ ਪ੍ਰਭਾਵਤ ਹੋ ਕੇ ਸੈਂਕੜੇ ਪੰਜਾਬੀ ਨੌਜਵਾਨ ਇਸ ਧੰਦੇ ਵਿਚ ਕੁੱਦ ਪਏ ਪਰ ਬੁਰੇ ਕੰਮ ਦਾ ਨਤੀਜਾ ਵੀ ਆਖ਼ਰ ਬੁਰਾ ਹੀ ਹੁੰਦਾ ਹੈ। 20 ਦਸੰਬਰ 1998 ਨੂੰ ਵੈਨਕੂਵਰ ਦੇ ਇਕ ਨਾਈਟ ਕਲੱਬ ਵਿਚ ਕਿਸੇ ਭਾੜੇ ਦੇ ਕਾਤਲ ਦੀਆਂ ਗੋਲੀਆਂ ਨੇ ਬਿੰਦੀ ਜੌਹਲ ਦੀ ਖੇਡ ਵੀ ਖ਼ਤਮ ਕਰ ਦਿਤੀ। ਇਸ ਕੇਸ ਵਿਚ ਅੱਜ ਤਕ ਕਿਸੇ ਨੂੰ ਵੀ ਮੁਲਜ਼ਮ ਨਹੀਂ ਠਹਿਰਾਇਆ ਗਿਆ।



ਇਸ ਤੋਂ ਬਾਅਦ ਤਾਂ ਪੰਜਾਬੀ ਗੈਂਗਜ਼ ਦਾ ਹੜ੍ਹ ਆ ਗਿਆ। ਰੋਜ਼ ਨਵੇਂ ਤੋਂ ਨਵੇਂ ਗੈਂਗ ਬਣ ਜਾਂਦੇ ਹਨ। ਜੌਹਲ, ਆਦੀਵਾਲ, ਚੀਮਾ, ਬੁੱਟਰ, ਢੱਕ, ਦੂਹੜੇ ਅਤੇ ਗਰੇਵਾਲ ਆਦਿ ਦਰਜਨਾਂ ਗੈਂਗ ਕੰਮ ਕਰ ਰਹੇ ਹਨ। ਇਹ ਗੈਂਗ ਕੈਨੇਡਾ ਪੁਲਿਸ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ। ਉਂਜ ਤਾਂ ਪੁਲਿਸ ਇਨ੍ਹਾਂ ਗੈਂਗਸਟਰਾਂ ਦੇ ਕਤਲਾਂ ਨੂੰ ਕੋਈ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦੀ ਅਤੇ ਇਨ੍ਹਾਂ ਵਲੋਂ ਅੱਖਾਂ ਮੀਟੀ ਰਖਦੀ ਹੈ ਪਰ ਜਦੋਂ ਕੋਈ ਗੈਂਗਸਟਰ ਜ਼ਿਆਦਾ ਅੱਤ ਚੁੱਕ ਲੈਂਦਾ ਹੈ ਤਾਂ ਪੁਲਿਸ ਵੱਧ ਤੋਂ ਵੱਧ ਇਕ ਐਲਾਨ ਜਾਰੀ ਕਰ ਦਿੰਦੀ ਹੈ ਕਿ ਇਸ ਉਤੇ ਖ਼ੂਨੀ ਹਮਲਾ ਹੋਣ ਦੀ ਉਮੀਦ ਹੈ। ਜੋ ਵੀ ਵਿਅਕਤੀ ਇਸ ਨਾਲ ਸਬੰਧ ਰੱਖੇਗਾ, ਉਸ ਦਾ ਵੀ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ।

ਅਜਿਹੇ ਗੈਂਗਸਟਰਾਂ ਦੇ ਬੱਚਿਆਂ ਨੂੰ ਬਚਾਉਣ ਲਈ ਪੁਲਿਸ ਬਾਲ ਭਲਾਈ ਵਿਭਾਗ ਨੂੰ ਸੌਂਪ ਦਿੰਦੀ ਹੈ। ਜਦੋਂ ਕੋਈ ਗੈਂਗਸਟਰ ਆਪਸੀ ਦੁਸ਼ਮਣੀ ਵਿਚ ਮਰ ਜਾਂਦਾ ਹੈ ਤਾਂ ਪੁਲਿਸ ਫਿਰ ਇਕ ਬਿਆਨ ਜਾਰੀ ਕਰ ਦਿੰਦੀ ਹੈ ਕਿ ਅਸੀ ਪਹਿਲਾਂ ਤੋਂ ਹੀ ਇਸ ਬਾਰੇ ਜਾਣਦੇ ਸੀ ਕਿ ਇਹ ਗ਼ਲਤ ਧੰਦਿਆਂ ਵਿਚ ਲੱਗਾ ਹੋਇਆ ਹੈ। ਪੁਲਿਸ ਵੀ ਚਾਹੁੰਦੀ ਹੈ ਕਿ ਸਮਾਜ ਦੀ ਸਿਰਦਰਦੀ ਬਣੇ ਹੋਏ ਇਹ ਲੋਕ ਆਪਸੀ ਲੜਾਈ ਵਿਚ ਹੀ ਖ਼ਤਮ ਹੋ ਜਾਣ।

ਕੁਝ ਸਾਲ ਪਹਿਲਾਂ ਗੈਂਗਸਟਰ ਜੁਝਾਰ ਖੁਣਖੁਣ, ਜੋ ਦੋ ਕਾਤਲਾਨਾ ਹਮਲਿਆਂ ਵਿਚ ਬਚ ਗਿਆ ਹੈ ਅਤੇ ਹੁਣ ਜੇਲ ਵਿਚ ਹੈ, ਨੇ ਚਲਦੀ ਕਾਰ ਵਿਚੋਂ ਧੱਕਾ ਦੇ ਕੇ ਅਪਣੀ ਔਰਤ ਦੋਸਤ ਨੂੰ ਮਾਰ ਦਿਤਾ ਸੀ। ਪੁਲਿਸ ਨੇ ਠੋਕ ਕੇ ਜਵਾਬ ਦਿਤਾ ਕਿ ਜਦੋਂ ਅਸੀ ਪਹਿਲਾਂ ਹੀ ਐਲਾਨ ਕਰ ਚੁੱਕੇ ਹਾਂ ਕਿ ਇਸ ਨਾਲ ਮੇਲ ਮਿਲਾਪ ਰੱਖਣ ਵਾਲੇ ਦਾ ਨੁਕਸਾਨ ਹੋਵੇਗਾ, ਤਾਂ ਇਹ ਲੜਕੀ ਉਸ ਨਾਲ ਕੀ ਕਰਦੀ ਫਿਰਦੀ ਸੀ ? ਉਸ ਕੇਸ ਦਾ ਕੁਝ ਵੀ ਨਹੀਂ ਬਣਿਆ। ਉਂਜ ਵੀ ਪੰਜਾਬੀ ਗੈਂਗਸਟਰਾਂ ਦੇ ਕਤਲਾਂ ਦੇ 100 ਤੋਂ ਵੱਧ ਕੇਸ ਅਣਸੁਲਝੇ ਪਏ ਹਨ।

ਕੈਨੇਡਾ ਅਤੇ ਅਮਰੀਕਾ ਵਿਚ ਡਰੱਗਜ਼ ਦੇ ਧੰਦੇ ਵਿਚ ਬਹੁਤ ਪੈਸਾ ਹੈ। ਕਈ ਪ੍ਰਵਾਰ ਤਾਂ ਅਜਿਹੇ ਹਨ ਜਿਨ੍ਹਾਂ ਦੇ ਇਕ ਤੋਂ ਵੱਧ ਜੀਅ ਇਸ ਕੰਮ ਵਿਚ ਮਾਰੇ ਜਾ ਚੁੱਕੇ ਹਨ ਪਰ ਉਹ ਫਿਰ ਵੀ ਡਰੱਗਜ਼ ਦਾ ਕੰਮ ਕਰ ਰਹੇ ਹਨ। ਕਈ ਕੈਨੇਡੀਅਨ ਗੈਂਗਸਟਰ ਆਪਣੇ ਪੰਜਾਬ ਵਿਚਲੇ ਰਿਸ਼ਤੇਦਾਰਾਂ ਦੀਵਰਤੋਂ ਭਾਰਤ ਤੋਂ ਹੈਰੋਇਨ ਮੰਗਵਾਉਣ ਲਈ ਕਰਦੇ ਹਨ। ਇਸੇ ਕਾਰਨ ਭੋਲਾ ਡਰੱਗ ਕੇਸ ਵਿਚ ਕਈ ਪੰਜਾਬੀ ਸਲਾਖ਼ਾਂ ਪਿੱਛੇ ਪਹੁੰਚ ਚੁੱਕੇ ਹਨ। ਕੋਕੀਨ ਦੱਖਣੀ ਅਮਰੀਕਾ ਦੇ ਕੋਲੰਬੀਆ ਆਦਿ ਦੇਸ਼ਾਂ ਵਿਚ ਪੈਦਾ ਹੁੰਦੀ ਹੈ ਅਤੇ ਮੈਕਸੀਕੋ ਰਾਹੀਂ ਅਮਰੀਕਾ ਪਹੁੰਚਦੀ ਹੈ। ਅਮਰੀਕਾ ਤੋਂ ਗੈਂਗਸਟਰ ਇਸ ਨੂੰ ਵੈਨਕੂਵਰ ਆਦਿ ਸ਼ਹਿਰਾਂ ਵਿਚ ਟਰੱਕਾਂ ਰਾਹੀਂ ਮੰਗਵਾਉਂਦੇ ਹਨ। ਵੈਨਕੂਵਰ ਅਮਰੀਕਨ ਸਰਹੱਦ ਦੇ ਬਿਲਕੁਲ ਨਜ਼ਦੀਕ ਪੈਂਦਾ ਹੈ। ਇਥੋਂ ਇਹ ਸਮਾਨ ਸਾਰੇ ਕੈਨੇਡਾ ਵਿਚ ਫੈਲਾ ਦਿਤਾ ਜਾਂਦਾ ਹੈ। ਪਿਛਲੇ ਸਾਲ ਕੈਨੇਡਾ-ਅਮਰੀਕਾ ਸਰਹੱਦ ਉਤੇ ਇਕ ਪੰਜਾਬੀ 15 ਕਰੋੜ ਅਮਰੀਕਨ ਡਾਲਰ (ਕਰੀਬ 10 ਅਰਬ ਰੁਪਏ) ਦੀ ਕੋਕੀਨ ਸਮੇਤ ਫੜਿਆ ਗਿਆ ਸੀ।

ਇਹ ਨਿਊਯਾਰਕ ਸਟੇਟ ਦੇ ਇਤਿਹਾਸ ਵਿਚ ਹੁਣ ਤਕ ਦੀ ਸਭ ਤੋਂ ਵੱਡੀ ਬਰਾਮਦਗੀ ਸੀ। ਪੰਜਾਬੀ ਟਰੱਕ ਚਾਲਕ ਇਨ੍ਹਾਂ ਕਾਰਨਾਮਿਆਂ ਕਾਰਨ ਏਨੇ ਬਦਨਾਮ ਹੋ ਚੁੱਕੇ ਹਨ ਕਿ ਇਨ੍ਹਾਂ ਦੀ ਹੁਣ ਕੈਨੇਡਾ-ਅਮਰੀਕਾ ਸਰਹੱਦ ਉਤੇ ਵਿਸ਼ੇਸ਼ ਸਕੈਨਰਾਂ ਰਾਹੀਂ ਚੈਕਿੰਗ ਹੁੰਦੀ ਹੈ।ਕੈਨੇਡੀਅਨ ਪੰਜਾਬੀ ਡਰੱਗ ਗੈਂਗਸਟਰ ਵੀ ਜੱਟਵਾਦ ਦੇ ਡੰਗੇ ਹੋਏ ਹਨ। ਕੈਨੇਡਾ ਵਿਚ ਅਨੇਕਾਂ ਕੌਮਾਂ ਦੇ ਭਾਰਤੀ ਵਸਦੇ ਹਨ ਪਰ 90% ਗੈਂਗਸਟਰ ਕਿਸਾਨ ਪਿਛੋਕੜ ਦੇ ਹਨ। ਇਨ੍ਹਾਂ ਵਿਚ ਵੀ ਜ਼ਿਆਦਾ ਕੈਨੇਡਾ ਦੇ ਜੰਮਪਲ ਹਨ। ਪੰਜਾਬ ਤੋਂ ਆਈਲੈਟਸ ਕਰ ਕੇ ਗਏ ਬੱਚੇ ਇਨ੍ਹਾਂ ਗੈਂਗਾਂ ਵਿਚ ਘੱਟ ਫਸਦੇ ਹਨ ਅਤੇ ਮਿਹਨਤ-ਮਜ਼ਦੂਰੀ ਕਰ ਕੇ ਆਪਣਾ ਗੁਜ਼ਾਰਾ ਕਰਦੇ ਹਨ। ਪੱਕੇ ਕੈਨੇਡੀਅਨਾਂ ਨੂੰ ਕਿਉਂਕਿ ਕੈਨੇਡਾ ਤੋਂ ਕੱਢੇ ਜਾਣ ਦਾ ਖ਼ਤਰਾ ਨਹੀਂ ਹੁੰਦਾ, ਇਸ ਲਈ ਉਹ ਕਾਨੂੰਨ ਦੀ ਪ੍ਰਵਾਹ ਘੱਟ ਕਰਦੇ ਹਨ। ਕੈਨੇਡਾ ਵਿਚ ਹੋਰ ਵੀ ਕਈ ਕੌਮਾਂ ਦੇ ਗੈਂਗਸਟਰ ਹਨ ਪਰ ਉਹ ਮਾਰਕੁੱਟ ਕਰਨ ਦੀ ਬਜਾਏ ਅਪਣੇ ਕੰਮ ਨਾਲ ਮਤਲਬ ਰੱਖਦੇ ਹਨ ਪਰ ਪੰਜਾਬੀ ਇਕ-ਦੂਜੇ ਨੂੰ ਬਰਦਾਸ਼ਤ ਨਹੀਂ ਕਰਦੇ। ਗਾਹਕ ਖਿੱਚਣ, ਇਲਾਕੇ ਉਤੇ ਕਬਜ਼ਾ ਜਮਾਉਣ, ਆਕੜ ਅਤੇ ਫੋਕੀ ਹੈਂਕੜਬਾਜ਼ੀ ਕਾਰਨ ਕਤਲ ਹੋ ਰਹੇ ਹਨ।ਹੈਰਾਨੀ ਵਾਲੀ ਗੱਲ ਹੈ ਕਿ ਸਮਾਜਕ ਸ਼ਰਮਿੰਦਗੀ ਤੋਂ ਬਚਣ ਲਈ ਮਰਨ ਵਾਲੇ ਦੇ ਮਾਪੇ ਵੀ ਇਹ ਨਹੀਂ ਮੰਨਦੇ ਕਿ ਸਾਡਾ ਬੱਚਾ ਗੈਂਗਸਟਰ ਸੀ ਜਾਂ ਇਸ ਦਾ ਕਤਲ ਫਲਾਣੇ ਨੇ ਕੀਤਾ ਹੈ। ਸਰੀ, ਐਬਸਫੋਰਡ ਅਤੇ ਵੈਨਕੂਵਰ ਸ਼ਹਿਰਾਂ ਵਿਚ ਤਾਂ ਪੰਜਾਬੀਆਂ ਦੀ ਆਪਸੀ ਮਾਰਕੁੱਟ ਏਨੀ ਭਿਆਨਕ ਰੂਪ ਧਾਰਨ ਕਰ ਗਈ ਹੈ ਕਿ ਅੱਧੀ ਰਾਤ ਨੂੰ ਐਂਬੂਲੈਂਸਾਂ ਦੇ ਵਜਦੇ ਹੂਟਰ ਸੁਣ ਕੇ ਮਾਪੇ ਉੱਠ ਕੇ ਬੈਠ ਜਾਂਦੇ ਹਨ ਕਿ ਕਿਤੇ ਸਾਡੇ ਪੁੱਤਰ ਦੀ ਲਾਸ਼ ਨਾ ਆਉਂਦੀ ਹੋਵੇ। ਅਜਿਹੇ ਹਾਲਾਤ ਵਿਚ ਮਾਪਿਆਂ ਨੂੰ ਹੀ ਅਪਣੇ ਬੱਚਿਆਂ ਦਾ ਖ਼ਿਆਲ ਰਖਣਾ ਪਵੇਗਾ ਅਤੇ ਉਨ੍ਹਾਂ ਨੂੰ ਇਸ ਲਾਹਨਤ ਤੋਂ ਬਚਾਉਣਾ ਪਵੇਗਾ।

---

*ਸਫ਼ਾ ਇਕ ਦੀ ਬਾਕੀ*

## ਅਖੌਤੀ ਸਾਧ ਨਰਾਇਣ ਦਾਸ ਨੇ ਸਿੱਖ ਕੌਮ ਕੋਲੋਂ ਮੰਗੀ ਮੁਆਫੀ

ਬਾਣੀ ਬਾਰੇ ਉਸ ਕੋਲੋਂ ਬੋਲੇ ਗ਼ਲਤ ਸ਼ਬਦਾਂ ਲਈ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਖਿਮਾ ਯਾਚਨਾ ਕਰ ਕੇ ਆਪਣੀ ਭੁੱਲ ਬਖ਼ਸ਼ਾਉਣੀ ਚਾਹੁੰਦਾ ਹੈ। ਉਸ ਨੇ ਲਿਖਿਆ ਕਿ ਸਮੂਹ ਸਿੱਖ ਜਥੇਬੰਦੀਆਂ ਉਸ ਦੀ ਭੁੱਲ ਨੂੰ ਅਣਜਾਣ ਸਮਝ ਕੇ ਮੁਆਫ਼ ਕਰ ਦੇਣ। ਉਸ ਨੇ ਸਿੱਖ ਪੰਥ ਨੂੰ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਕੋਈ ਵੀ ਅਜਿਹੀ ਗ਼ਲਤੀ ਨਹੀਂ ਹੋਵੇਗੀ, ਜਿਸ ਨਾਲ ਸਿੱਖ ਹਿਰਦਿਆਂ ਨੂੰ ਠੇਸ ਪੁੱਜੇ। ਉਹ ਮਹਿਸੂਸ ਕਰਦਾ ਹੈ ਕਿ ਕੋਈ ਕਾਲ ਦਾ ਹੀ ਅਜਿਹਾ ਚੱਕਰ ਸੀ, ਜਿਸ ਕਰਕੇ ਉਸ ਕੋਲੋਂ ਅਜਿਹੀ ਭੁੱਲ ਹੋ ਗਈ ਤੇ ਉਸ ਨੂੰ ਆਪਣੀ ਗਲਤੀ 'ਤੇ ਬਹੁਤ ਪਛਤਾਵਾ ਹੈ। ਉਸ ਨੇ ਆਸ ਪ੍ਰਗਟ ਕੀਤੀ ਕਿ ਪੰਥ ਉਸ ਨੂੰ ਮੁਆਫ਼ ਕਰ ਦੇਵੇਗਾ।

ਓਧਰ ਗੁਰੂ ਅਰਜਨ ਦੇਵ ਜੀ ਖ਼ਿਲਾਫ਼ ਇਤਰਾਜ਼ਯੋਗ ਟਿੱਪਣੀਆਂ ਕਰਨ ਵਾਲੇ ਨਰਾਇਣ ਦਾਸ ਖ਼ਿਲਾਫ਼ ਇੱਥੇ ਯੂਨਾਈਟਿਡ ਸਿੱਖ ਜਥੇਬੰਦੀ ਵਲੋਂ ਪੁਲੀਸ ਕਮਿਸ਼ਨਰ ਨੂੰ ਸ਼ਿਕਾਇਤ ਪੱਤਰ ਦੇ ਕੇ ਕੇਸ ਦਰਜ ਕਰਨ ਦੀ ਅਪੀਲ ਕੀਤੀ ਗਈ। ਇਹ ਸ਼ਿਕਾਇਤ ਪੱਤਰ ਪੰਜ ਪਿਆਰਿਆਂ ਵਿੱਚ ਸ਼ਾਮਲ ਭਾਈ ਸਤਨਾਮ ਸਿੰਘ ਖੰਡਾ ਅਤੇ ਭਾਈ ਮੇਜਰ ਸਿੰਘ ਵੱਲੋਂ ਵਕੀਲ ਸੰਦੀਪ ਗੋਰਸੀ ਰਾਹੀਂ ਪੁਲੀਸ ਕਮਿਸ਼ਨਰ ਨੂੰ ਸੌਂਪਿਆ ਗਿਆ। ਇਸ ਸ਼ਿਕਾਇਤ ਪੱਤਰ ਦੀ ਕਾਪੀ ਪ੍ਰਧਾਨ ਮੰਤਰੀ, ਸੂਬੇ ਦੇ ਮੁੱਖ ਮੰਤਰੀ ਅਤੇ ਕੇਂਦਰੀ ਤੇ ਸੂਬਾਈ ਗ੍ਰਹਿ ਮੰਤਰੀਆਂ ਆਦਿ ਨੂੰ ਵੀ ਭੇਜੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ਼ ਕਿਰਪਾਲ ਸਿੰਘ ਬਡੂੰਗਰ ਨੇ ਸਾਧ ਨਰਾਇਣ ਦਾਸ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸੰਤ ਮਹਾਂਪੁਰਸ਼ਾਂ ਬਾਰੇ ਕੀਤੀ ਟਿੱਪਣੀ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਹੈ ਕਿ ਅਜਿਹੇ ਅਖੌਤੀ ਸਾਧ ਨੂੰ ਸ੍ਰੀ ਅਕਾਲ ਤਖ਼ਤ ਵਲੋਂ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ ਜਦ ਕਿ ਕਾਨੂੰਨੀ ਕਾਰਵਾਈ ਕਰਕੇ ਸਲਾਖ਼ਾਂ ਪਿੱਛੇ ਭੇਜਣ ਦੀ ਲੋੜ ਹੈ। ਪ੍ਰੋ਼ ਬਡੂੰਗਰ ਨੇ ਕਿਹਾ ਕਿ ਗੁਰਮਤਿ ਮਰਿਯਾਦਾ ਅਨੁਸਾਰ ਅੰਮ੍ਰਿਤਧਾਰੀ ਸਿੱਖ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹ ਲਗਾ ਕੇ ਬਖ਼ਸ਼ਿਆ ਜਾ ਸਕਦੈ। ਉਨ੍ਹਾਂ ਇਸ ਸਾਧ ਨੂੰ ਅਖੌਤੀ ਸਾਧ ਨੂੰ ਗੈਰ-ਸਿੱਖ ਦੱਸਦੇ ਹੋਏ ਕਿਹਾ ਕਿ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਮੁਆਫ਼ ਨਹੀਂ ਕੀਤਾ ਜਾ ਸਕਦਾ। ਸਾਬਕਾ ਪ੍ਰਧਾਨ ਨੇ ਕਿਹਾ ਕਿ ਅਖੌਤੀ ਸਾਧ ਨਰਾਇਣ ਦਾਸ ਤੋਂ ਪਹਿਲਾਂ ਡੇਰਾ ਸਿਰਸਾ ਮੁਖੀ ਨੇ ਮੁਆਫ਼ੀਨਾਮਾ ਅਕਾਲ ਤਖ਼ਤ ਸਾਹਿਬ 'ਤੇ ਭੇਜ ਕੇ ਮੁਆਫ਼ੀ ਮੰਗੀ ਸੀ, ਜਿਸ ਨੂੰ ਜਥੇਦਾਰ ਸਾਹਿਬਾਨ ਵਲੋਂ ਮੁਆਫ਼ ਕੀਤੇ ਜਾਣ ਨਾਲ ਖ਼ਾਲਸਾ ਪੰਥ ਵਿਚ ਗੁੱਸੇ ਦੀ ਲਹਿਰ ਉੱਠ ਖੜ੍ਹੀ ਹੋਈ ਸੀ ਤੇ ਜੇ ਹੁਣ ਇਸ ਨੂੰ ਮੁਆਫ਼ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ ਤਾਂ ਖ਼ਾਲਸਾ ਪੰਥ ਦਾ ਘੋਰ ਗੁੱਸਾ ਇਨ੍ਹਾਂ ਜਥੇਦਾਰਾਂ ਕੋਲੋਂ ਟਾਲਿਆ ਨਹੀਂ ਜਾ ਸਕੇਗਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਸ਼ਲ ਮੀਡੀਆ 'ਤੇ ਇੱਕ ਇਕ ਭਗਵੇਂ ਪ੍ਰਚਾਰਕ ਨਰਾਇਣ ਦਾਸ ਵੱਲੋਂ ਇੱਕ ਪ੍ਰੋਗਰਾਮ ਦੌਰਾਨ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਗੁਰਬਾਣੀ ਵਿੱਚ ਦਰਜ ਭਗਤਾਂ ਦੀ ਬਾਣੀ ਬਾਰੇ ਕੀਤੀਆਂ ਟਿੱਪਣੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

ਇਸ ਸਬੰਧੀ ਬੀਤੇ ਦਿਨੀਂ ਸੰਤ ਸਮਾਜ ਦੇ ਬਾਬਾ ਸਰਬਜੋਤ ਸਿੰਘ ਬੇਦੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਬਾਬਾ ਹਰੀ ਸਿੰਘ ਰੰਧਾਵਾ ਵਾਲੇ, ਬਾਬਾ ਲਖਬੀਰ ਸਿੰਘ ਰਤਵਾੜਾ ਸਾਹਿਬ ਤੇ ਗਿਆਨੀ ਰਾਮ ਸਿੰਘ ਦਮਦਮੀ ਟਕਸਾਲ ਸੰਗਰਾਵਾਂ, ਨੌਜਵਾਨ ਪ੍ਰਚਾਰਕ ਦਲ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰੰਧਾਵਾ ਆਦਿ ਵੱਲੋਂ ਕੈਪਟਨ ਅਮਰਿੰਦਰ ਸਿੰਘ ਅਤੇ ਡੀਜੀਪੀ ਨੂੰ ਪੱਤਰ ਭੇਜ ਕੇ ਪ੍ਰਚਾਰਕ ਖ਼ਿਲਾਫ਼ ਸਿੱਖ ਭਾਵਨਾਵਾਂ ਨੂੰ ਭੜਕਾਉਣ ਦੇ ਦੋਸ਼ ਹੇਠ ਪੁਲੀਸ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਸੀ। ਇਸ ਸਬੰਧੀ ਮੁੱਖ ਮੰਤਰੀ ਦੇ ਦਫ਼ਤਰ ਸਕੱਤਰ ਵੱਲੋਂ ਈਮੇਲ 'ਤੇ ਭੇਜੀ ਜਾਣਕਾਰੀ ਵਿੱਚ ਭਗਵੇਂ ਪ੍ਰਚਾਰਕ ਖ਼ਿਲਾਫ਼ ਤੁਰੰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ ਹੈ।

## ਅਮਰੀਕਾ 'ਚ ਪਹਿਲੀ ਦਸਤਾਰਧਾਰੀ ਕੁੜੀ ਬਣੀ ਪੁਲਿਸ ਅਫਸਰ

ਸਿੱਖ ਆਫ਼ਿਸਰਜ਼ ਐਸੋਸੀਏਸ਼ਨ ਨੇ ਟਵੀਟ ਕਰਕੇ ਗੁਰਸੋਚ ਕੌਰ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ। ਐਸੋਸੀਏਸ਼ਨ ਨੇ ਫੇਸਬੁੱਕ 'ਤੇ ਕਿਹਾ ਕਿ ਉਨ੍ਹਾਂ ਨੂੰ ਗੁਰਸੋਚ ਕੌਰ ਦੇ ਪੁਲੀਸ ਵਿਭਾਗ 'ਚ ਅਧਿਕਾਰੀ ਬਣਨ 'ਤੇ ਮਾਣ ਹੈ। ਕੇਂਦਰੀ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਬਾਰੇ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਨੇ ਟਵੀਟ ਕਰਕੇ ਆਸ ਜਤਾਈ ਕਿ ਦਸਤਾਰਧਾਰੀ ਮਹਿਲਾ ਅਧਿਕਾਰੀ ਅਮਰੀਕਾ 'ਚ ਸਿੱਖੀ ਨੂੰ ਬਿਹਤਰ ਤਰੀਕੇ ਨਾਲ ਸਮਝਾਉਣ 'ਚ ਸਹਾਇਤਾ ਕਰੇਗੀ। ਸ੍ਰੀ ਪੁਰੀ ਨੇ ਟਵੀਟ ਕਰਕੇ ਕਿਹਾ,"ਜਿਹਡੀਆਂ ਘਟਨਾਵਾਂ 2010 'ਚ ਮੇਰੇ ਨਾਲ ਅਤੇ ਹੁਣੇ ਜਿਹੇ ਕੈਨੇਡਾ ਦੇ ਮੰਤਰੀ ਨਵਦੀਪ ਬੈਂਸ ਨਾਲ ਵਾਪਰੀਆਂ ਹਨ, ਉਹ ਮੁੜ ਨਹੀਂ ਵਾਪਰਨਗੀਆਂ। ਗੁਰਸੋਚ ਕੌਰ ਦੀ ਨਿਯੁਕਤੀ ਨਾਲ ਅਮਰੀਕਾ 'ਚ ਸਿੱਖਾਂ ਬਾਰੇ ਗਲਤ ਧਾਰਨਾਵਾਂ ਖ਼ਤਮ ਹੋ ਜਾਣਗੀਆਂ। ਸਿੱਖ ਤਾਂ ਇਕਸੁਰਤਾ ਦੇ ਸਫ਼ੀਰ ਹਨ।"

## ਮਲੇਸ਼ੀਆ 'ਚ ਪਹਿਲਾ ਸਿੱਖ ਬਣਿਆ ਮੰਤਰੀ

ਸ੍ਰੀ ਦਿਓ ਮਲੇਸ਼ੀਆਈ ਪਾਰਲੀਮੈਂਟ ਵਿੱਚ ਪੁਚੌਂਗ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਤੇ ਮਲੇਸ਼ੀਆ ਦੇ ਵਕੀਲ ਤੇ ਸਿਆਸਤਦਾਨ ਮਰਹੂਮ ਕਿਰਪਾਲ ਸਿੰਘ ਦੇ ਪੁੱਤਰ ਹਨ। ਉਹ ਪਹਿਲੀ ਵਾਰ 2008 ਵਿੱਚ ਪਾਰਲੀਮੈਂਟ ਲਈ ਚੁਣੇ ਗਏ ਸਨ ਤੇ 2013 ਵਿੱਚ ਪਾਰਲੀਮੈਂਟ ਦੇ ਹੇਠਲੇ ਸਦਨ ਲਈ ਦੁਬਾਰਾ ਚੁਣੇ ਗਏ ਸਨ। ਇਸ ਵਾਰ ਉਨ੍ਹਾਂ 47635 ਵੋਟਾਂ ਦੇ ਫ਼ਰਕ ਨਾਲ ਸੀਟ ਜਿੱਤੀ ਹੈ।

ਮੀਰੀ ਇੰਡੀਅਨ ਐਸੋਸੀਏਸ਼ਨ ਦੇ ਪ੍ਰਧਾਨ ਤੇ ਕਾਊਂਸਲਰ ਕਰਮਬੀਰ ਸਿੰਘ ਨੇ ਫ਼ੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ, " ਪੰਜਾਬੀ ਭਾਈਚਾਰੇ ਦੇ ਮੈਂਬਰ ਗੋਬਿੰਦ ਸਿੰਘ ਨੂੰ ਕੈਬਨਿਟ ਵਿੱਚ ਸ਼ਾਮਲ ਕਰਨਾ ਚੰਗੀ ਗੱਲ ਹੈ। ਇਹ ਸਾਡੇ ਭਾਈਚਾਰੇ ਲਈ ਮਾਣ ਤੇ ਖ਼ੁਸ਼ੀ ਦਾ ਮੌਕਾ ਹੈ ਤੇ ਮਲੇਸ਼ੀਆਈ ਸਮਾਜ ਵਿੱਚ ਪੰਜਾਬੀ ਭਾਈਚਾਰੇ ਦੀ ਭੂਮਿਕਾ ਦਾ ਪ੍ਰਤੀਕ ਵੀ ਹੈ। ਮਲੇਸ਼ੀਆ ਵਿੱਚ ਸਿੱਖਾਂ ਦੀ ਕਰੀਬ ਇਕ ਲੱਖ ਆਬਾਦੀ ਹੈ। ਦੇਸ਼ ਦੇ ਬਾਦਸ਼ਾਹ ਸੁਲਤਾਨ ਮੁਹੰਮਦ ਦੀ ਪ੍ਰਧਾਨਗੀ ਹੇਠ ਸ਼ਾਹੀ ਮਹਿਲ ਵਿੱਚ ਹੋਏ ਇਕ ਸਮਾਗਮ ਦੌਰਾਨ ਕੁੱਲ 13 ਫੈਡਰਲ ਮੰਤਰੀਆਂ ਨੂੰ ਅਹੁਦੇ ਦਾ ਹਲਫ਼ ਦਿਵਾਇਆ ਗਿਆ।

ਭਾਰਤ ਵਿਚ ਵੀ ਗੋਬਿੰਦ ਸਿੰਘ ਦਿਓ ਦੇ ਮੰਤਰੀ ਬਣਨ 'ਤੇ ਪੰਜਾਬੀ ਭਾਈਚਾਰੇ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਤੇ ਸ੍ਰੀ ਦਿਓ ਨੂੰ ਵਧਾਈ ਦਿੱਤੀ ਹੈ। 'ਵਿਸ਼ਵ ਪੰਜਾਬੀ ਸੰਸਥਾ' ਦੇ ਕੌਮਾਂਤਰੀ ਚੇਅਰਮੈਨ ਪਦਮਸ੍ਰੀ ਵਿਕਰਮਜੀਤ ਸਿੰਘ ਸਾਹਨੀ ਨੇ ਸ੍ਰੀ ਦਿਓ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਤੇ ਕਿਹਾ ਕਿ ਉਨ੍ਹਾਂ ਦੇ ਸਾਬਤ ਸੂਰਤ ਸਰੂਪ ਤੋਂ ਸਿੱਖ ਭਾਈਚਾਰੇ ਨੂੰ ਚੰਗਾ ਸੁਨੇਹਾ ਗਿਆ ਹੈ। 'ਵਿਸ਼ਵ ਭਾਈਚਾਰਾ ਸੰਸਥਾ' ਦੇ ਮੁਖੀ ਐੱਸ.ਐੱਸ ਮਾਰਵਾਹ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਪੰਜਾਬੀਆਂ ਨੇ ਆਪਣੀ ਚੰਗੀ ਸਾਖ਼ ਬਣਾਈ ਹੈ ਤੇ ਇਸ ਤੋਂ ਵਿਸ਼ਵ ਨੂੰ ਹੋਰ ਵੀ ਉਮੀਦਾਂ ਹਨ। ਦਿੱਲੀ ਕਮੇਟੀ ਦੇ ਮੈਂਬਰਾਂ ਹਰਮਨਜੀਤ ਸਿੰਘ, ਮਹਿੰਦਰ ਸਿੰਘ ਭੁੱਲਰ, ਕੁਲਵੰਤ ਸਿੰਘ ਬਾਠ, ਸੁਖਬੀਰ ਸਿੰਘ ਕਾਲੜਾ ਸਣੇ ਹੋਰ ਅਕਾਲੀ ਆਗੂਆਂ ਨੇ ਕਿਹਾ ਕਿ ਦਿਓ ਦੇ ਮੰਤਰੀ ਬਣਨ ਨਾਲ ਵਿਸ਼ਵ ਮੰਚ ਉਤੇ ਸਿੱਖਾਂ ਦੀ ਪਛਾਣ ਪੁਖ਼ਤਾ ਹੋਈ ਹੈ। ਸਾਹਿਤਕਾਰਾਂ ਡਾ. ਰੇਣੂਕਾ ਸਿੰਘ, ਬਲਬੀਰ ਮਾਧੋਪੁਰੀ, ਡਾ. ਮਨਜੀਤ ਸਿੰਘ ਤੇ ਹੋਰਾਂ ਨੇ ਵੀ ਵਧਾਈ ਦਿੱਤੀ।

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

*South Asian Wedding Cards*

CALL NOW

# ਛੱਤੀਸਗੜ੍ਹ ’ਚ ਨਕਸਲੀਆਂ ਵੱਲੋਂ ਬਰੂਦੀ ਸੁਰੰਗ ਰਾਹੀਂ ਪੁਲਿਸ ’ਤੇ ਹਮਲਾ, ਸੱਤ ਦੀ ਮੌਤ

**ਰਾਏਪੁਰ/ਬਿਊਰੋ ਨਿਊਜ਼ :**
ਛੱਤੀਸਗੜ੍ਹ ਦੇ ਦਾਂਤੇਵਾੜਾ ਜ਼ਿਲ੍ਹੇ ‘ਚ ਨਕਸਲੀਆਂ ਵਲੋਂ ਵਿਛਾਈ ਬਾਰੂਦੀ ਸੁਰੰਗ ਦੀ ਲਪੇਟ ‘ਚ ਆਉਣ ਨਾਲ ਪੁਲਿਸ ਦੇ 7 ਜਵਾਨ ਮਾਰੇ ਗਏ। ਇਨ੍ਹਾਂ ‘ਚ ਪੰਜ ਛੱਤੀਸਗੜ੍ਹ ਹਥਿਆਰਬੰਦ ਪੁਲਿਸ ਦੇ ਅਤੇ ਇਕ ਜ਼ਿਲ੍ਹਾ ਪੁਲਿਸ ਦਾ ਜਵਾਨ ਹੈ। ਇਕ ਜਵਾਨ ਗੰਭੀਰ ਤੌਰ ‘ਤੇ ਜ਼ਖ਼ਮੀ ਹੋਇਆ ਹੈ ਜਿਸ ਨੂੰ ਇਲਾਜ ਲਈ ਰਾਏਪੁਰ ਭੇਜ ਦਿੱਤਾ ਗਿਆ ਹੈ। ਦਾਂਤੇਵਾੜਾ ਰੇਂਜ ਦੇ ਡੀ.ਜੀ. ਰਤਨ ਲਾਲ ਡਾਂਗੀ ਨੇ ਦੱਸਿਆ ਕਿ ਕਿਰਨਦੂਲ ਚੌਲਨਾਰ ਮਾਰਗ ‘ਤੇ ਸੜਕ ਨਿਰਮਾਣ ਦਾ ਕੰਮ ਚੱਲ ਰਿਹਾ ਹੈ, ਜਿੱਥੇ ਮਜ਼ਦੂਰਾਂ ਤੇ ਹੋਰ ਕਰਮਚਾਰੀਆਂ ਦੀ ਸੁਰੱਖਿਆ ਲਈ ਛੱਤੀਸਗੜ੍ਹ ਹਥਿਆਰਬੰਦ ਪੁਲਿਸ ਤੇ ਜ਼ਿਲ੍ਹਾ ਪੁਲਿਸ ਦਾ ਸਾਂਝਾ ਦਸਤਾ ਕਿਰਨਦੂਲ ਤੋਂ ਕੰਮ ਵਾਲੇ ਸਥਾਨ ਵੱਲ ਰਵਾਨਾ ਹੋਇਆ ਸੀ। ਚੌਲਨਾਰ ਦੇ ਜੰਗਲਾਂ ‘ਚ ਨਕਸਲੀਆਂ ਨੇ ਜਵਾਨਾਂ ਦੇ ਰਸਤੇ ‘ਚ ਬਾਰੂਦੀ ਸੁਰੰਗ ਲਗਾ ਦਿੱਤੀ, ਜਿਸ ਦੀ ਲਪੇਟ ਵਿਚ ਜਵਾਨਾਂ ਦਾ ਵਾਹਨ ਆ ਗਿਆ। ਪੰਜ ਜਵਾਨਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਜ਼ਖ਼ਮੀ ਹੋਏ 2 ਜਵਾਨਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਇਕ ਹੋਰ ਜਵਾਨ ਨੇ ਦਮ ਤੋੜ ਦਿੱਤਾ, ਜਦੋਂ ਕਿ ਇਕ ਜਵਾਨ ਦਾ ਇਲਾਜ ਚੱਲ ਰਿਹਾ ਹੈ।



ਉਨ੍ਹਾਂ ਦੱਸਿਆ ਕਿ ਮਰਨ ਵਾਲਿਆਂ ਵਿਚ ਜ਼ਿਲ੍ਹਾ ਪੁਲਿਸ ਦੇ ਰਾਮ ਕੁਮਾਰ ਯਾਦਵ, ਕਾਂਸਟੇਬਲ ਤਿਕੇਸ਼ਵਰ ਧਰੁਵ ਤੇ ਸਹਾਇਕ ਕਾਂਸਟੇਬਲ ਸ਼ਾਲਿਕ ਰਾਮ ਸਿਨਹਾ ਸ਼ਾਮਿਲ ਹਨ ਜਦੋਂ ਕਿ ਛੱਤੀਸਗੜ੍ਹ ਹਥਿਆਰਬੰਦ ਪੁਲਿਸ ਦੇ ਮ੍ਰਿਤਕ ਜਵਾਨਾਂ ਦੀ ਪਛਾਣ ਹੈੱਡ ਕਾਂਸਟੇਬਲ ਵਿਕਰਮ ਯਾਦਵ ਅਤੇ ਕਾਂਸਟੇਬਲ ਰਾਜੇਸ਼ ਕੁਮਾਰ ਸਿੰਘ, ਰਵੀਨਾਥ ਪਟੇਲ ਅਤੇ ਅਰਜੁਨ ਰਾਜਭਰ ਵਜੋਂ ਹੋਈ ਹੈ।

ਅਧਿਕਾਰੀ ਨੇ ਦੱਸਿਆ ਕਿ ਹਮਲੇ ਤੋਂ ਬਾਅਦ ਇਲਾਕੇ ਵਿਚ ਤਲਾਸ਼ੀ ਮੁਹਿੰਮ ਹੋਰ ਤੇਜ਼ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਵਾਹਨ ਦੇ ਚੀਥੜੇ ਉੱਡ ਗਏ ਅਤੇ ਜ਼ਮੀਨ ‘ਚ 10 ਫੁੱਟ ਡੂੰਘਾ ਟੋਆ ਪੈ ਗਿਆ। ਵਾਹਨ ਵਿਚ ਕੁੱਲ 7 ਜਵਾਨ ਸਵਾਰ ਸਨ। ਨਕਸਲੀ ਜਵਾਨਾਂ ਦੇ ਹਥਿਆਰ ਵੀ ਲੁੱਟ ਕੇ ਲੈ ਗਏ, ਜਿਨ੍ਹਾਂ ਵਿਚ ਦੋ ਏਕੇ. 47, ਦੋ ਇੰਸਾਸ ਤੇ ਦੋ ਐਸ.ਐਲ.ਆਰ. ਰਾਈਫਲਾਂ ਸ਼ਾਮਿਲ ਹਨ।

ਸੂਬੇ ਦੇ ਮੁੱਖ ਮੰਤਰੀ ਰਮਨ ਸਿੰਘ ਨੇ ਇਸ ਘਟਨਾ ਦਾ ਮੂੰਹਤੋੜ ਜਵਾਬ ਦੇਣ ਦਾ ਐਲਾਨ ਕੀਤਾ ਹੈ। ਦਾਂਤੇਵਾੜਾ ਜ਼ਿਲ੍ਹੇ ਵਿਚ ਆਈਈਡੀ. ਲਗਾ ਕੇ ਜਵਾਨਾਂ ‘ਤੇ ਹਮਲੇ ਨੂੰ ਜਿੱਥੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਾਇਰਤਾਪੂਰਨ ਕੰਮ ਦੱਸਿਆ ਹੈ, ਉੱਥੇ ਰਮਨ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸੁਰੱਖਿਆ ਬਲ ਜਲਦ ਹੀ ਇਸ ਹਮਲੇ ਦਾ ਮੂੰਹਤੋੜ ਜਵਾਬ ਦੇਣਗੇ।

# ਖਾਮੋਸ਼ ਬੱਚੀ ਕਾਰਨ ਇੱਕ ਮਾਂ ਬਣੀ ਕਈ ਬੱਚਿਆਂ ਦੀ ‘ਆਵਾਜ਼’

**ਬਟਾਲਾ/ਬਿਊਰੋ ਨਿਊਜ਼ :** ਬਟਾਲਾ ਵਿਖੇ ਰਮਨਦੀਪ ਵੱਲੋਂ ਚਲਾਏ ਜਾ ਰਹੇ ਸਪੈਸ਼ਲ ਸਕੂਲ ਵਿੱਚ ਹੁਣ 22 ਗੂੰਗੇ-ਬੋਲੇ ਬੱਚੇ ਪੜ੍ਹਦੇ ਹਨ। ਇੱਕ ਘਰ ਵਿਚ ਜਦੋਂ ਇੱਕ ਬੱਚੀ ਨੇ ਜਨਮ ਲਿਆ ਤਾਂ ਪਤਾ ਲੱਗਾ ਕਿ ਉਹ ਬੋਲ ਅਤੇ ਸੁਣ ਨਹੀਂ ਸਕਦੀ। ਇਹ ਕਹਾਣੀ ਅਜਿਹੀ ਮਾਂ ਦੀ ਹੈ, ਜਿਸ ਨੇ ਆਪਣੀ ਗੂੰਗੀ ਧੀ ਨੂੰ ਤਾਂ ਪੜ੍ਹਾਇਆ ਹੀ, ਸਗੋਂ ਉਸ ਵਰਗੇ ਕਈ ਬੱਚਿਆਂ ਲਈ ਉਮੀਦ ਦੀ ਕਿਰਨ ਵੀ ਬਣੀ। ਪੰਜਾਬ ਦੇ ਬਟਾਲਾ ਦੀ ਰਮਨਦੀਪ ਕੌਰ ਨੇ ਆਪਣੀ ਬੱਚੀ ਦੀ ਪੜ੍ਹਾਈ ਲਈ ਪਹਿਲਾਂ ਸੰਕੇਤਕ ਭਾਸ਼ਾ ਸਿੱਖੀ ਅਤੇ ਫ਼ਿਰ ਅਜਿਹੇ ਬੱਚਿਆਂ ਨੂੰ ਪੜ੍ਹਾਉਣ ਲਈ ਸਪੈਸ਼ਲ ਸਕੂਲ ਵੀ ਖੋਲ੍ਹ ਦਿੱਤਾ। ਹੁਣ ਇਸ ਖਾਸ ਸਕੂਲ ਵਿਚ ਪੂਰੇ ਜ਼ਿਲ੍ਹੇ ਦੇ ਗੂੰਗੇ-ਬੋਲੇ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ। ਬਟਾਲਾ ਦੇ ਉਮਰਪੁਰਾ-ਜਲੰਧਰ ਰੋਡ ‘ਤੇ ਸਥਿਤ ਇਸ ਖ਼ਾਸ ਸਕੂਲ ਦਾ ਨਾਂ ਹੈ “ਜੈਸਮਨ ਸਕੂਲ ਫਾਰ ਡੈਫ”। ਆਪਣੀ 11 ਸਾਲ ਦੀ ਧੀ ਜੈਸਮਨ ਨੂੰ ਰਮਨਦੀਪ ਕੌਰ ਇੱਕ ਸਫਲ ਅਧਿਆਪਕ ਬਣਾਉਣਾ ਚਾਹੁੰਦੇ ਹਨ। ਖੁਦ ਬੱਚੀ ਨੇ ਵੀ ਇਸੇ ਟੀਚੇ ਨੂੰ ਮਨ ਵਿੱਚ ਧਾਰ ਲਿਆ ਕਿ ਉਹ ਵੱਡੀ ਹੋ ਕੇ ਆਪਣੇ ਵਰਗੇ ਬੱਚਿਆਂ ਨੂੰ ਬਿਹਤਰ ਸਿੱਖਿਆ ਮੁਹੱਈਆ ਕਰਵਾਉਣ ਲਈ ਕੰਮ ਕਰੇਗੀ।



ਪੰਜਾਬ ਦੇ ਬਟਾਲਾ ਦੀ ਰਹਿਣ ਵਾਲੀ ਰਮਨਦੀਪ ਕੌਰ ਦੇ ਘਰ ਅੱਜ ਤੋਂ 11 ਸਾਲ ਪਹਿਲਾਂ ਇੱਕ ਧੀ ਨੇ ਜਨਮ ਲਿਆ ਸੀ। ਬੱਚੀ ਜੈਸਮਨ ਜਦੋਂ 3 ਮਹੀਨੇ ਦੀ ਸੀ ਤਾ ਦੋਵੇਂ ਪਤੀ-ਪਤਨੀ ਬੱਚੀ ਸਮੇਤ ਆਸਟ੍ਰੇਲੀਆ ਚਲੇ ਗਏ। ਕੁਝ ਸਮੇਂ ਬਾਅਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੀ ਬੱਚੀ ਬੋਲ ਅਤੇ ਸੁਣ ਨਹੀਂ ਸਕਦੀ।

ਡਾਕਟਰਾਂ ਨੇ ਵੀ ਆਖਿਆ ਕਿ ਇਸ ਦਾ ਇਲਾਜ ਵੀ ਪੂਰੀ ਤਰ੍ਹਾਂ ਨਹੀਂ ਹੋ ਸਕਦਾ। ਬੱਚੀ ਵੱਡੀ ਹੋਈ ਤਾਂ ਉਸ ਨੂੰ ਇੱਕ ਸਪੈਸ਼ਲ ਸਕੂਲ ਭੇਜਿਆ ਜਾਣ ਲੱਗਾ। ਖੁਦ ਮਾਂ ਰਮਨਦੀਪ ਨੇ ਆਪਣੀ ਬੱਚੀ ਨਾਲ ਸਾਥ ਦੇਣ ਲਈ ਆਸਟਰੇਲੀਅਨ ਸੰਕੇਤਕ ਭਾਸ਼ਾ ਵੀ ਸਿੱਖੀ। ਕਰੀਬ 6 ਸਾਲ ਆਸਟ੍ਰੇਲੀਆ ਵਿੱਚ ਰਹਿਣ ਤੋਂ ਬਾਅਦ ਰਮਨਦੀਪ ਜਦੋਂ ਪੰਜਾਬ ਪਰਤੀ ਤਾਂ ਬਟਾਲਾ ਵਿੱਚ ਉਸ ਨੂੰ ਬੱਚੀ ਨੂੰ ਪੜ੍ਹਾਉਣ ਲਈ ਕੋਈ ਚੰਗਾ ਸਕੂਲ ਨਹੀਂ ਮਿਲਿਆ।ਰਮਨਦੀਪ ਨੇ ਅੰਮ੍ਰਿਤਸਰ ਵਿਖੇ ਭਗਤ ਪੂਰਨ ਸਿੰਘ ਟਰੱਸਟ ਵੱਲੋਂ ਚਲਾਏ ਜਾ ਰਹੇ ਸਕੂਲ ਵਿਚ ਆਪਣੀ ਬੱਚੀ ਨੂੰ ਦਾਖਲ ਕਰਵਾਇਆ ਅਤੇ ਆਪ ਵੀ ਉੱਥੇ ਭਾਰਤੀ ਸੰਕੇਤਕ ਭਾਸ਼ਾ ਸਿਖਣ ਲਈ ਟ੍ਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ। ਰਮਨਦੀਪ ਨੇ ਉੱਥੇ ਅਧਿਆਪਕ ਵਜੋਂ ਪੜ੍ਹਾਇਆ ਵੀ। ਇਸ ਤੋਂ ਬਾਅਦ ਰਮਨਦੀਪ ਵੱਲੋਂ ਆਪਣੇ ਘਰ ਵਿੱਚ ਹੀ 4 ਕਮਰਿਆਂ ਵਿੱਚ ਸਕੂਲ ਚਲਾਇਆ ਜਾ ਰਿਹਾ ਹੈ। ਉਹ ਜੋ ਬੱਚੇ ਉਸ ਦੀ ਧੀ ਵਾਂਗ ਸਨ, ਉਨ੍ਹਾਂ ਦੀ ਚੰਗੀ ਸਿੱਖਿਆ ਲਈ ਕੁਝ ਕਰਨਾ ਚਾਹੁੰਦੀ ਸੀ। ਐਮਏ, ਬੀਐੱਡ ਪਾਸ ਰਮਨਦੀਪ ਨੇ ਘਰ ਵਿੱਚ ਹੀ ਅਜਿਹੇ ਬੱਚਿਆਂ ਲਈ ਸਕੂਲ ਸ਼ੁਰੂ ਕੀਤਾ। ਸ਼ੁਰੂਆਤ ਵਿੱਚ ਸਕੂਲ ਵਿੱਚ ਸਿਰਫ਼ 4 ਬੱਚੇ ਸਨ ਜਿਨ੍ਹਾਂ ਵਿੱਚ ਰਮਨਦੀਪ ਦੀ ਧੀ ਵੀ ਸ਼ਾਮਲ ਸੀ। ਹੁਣ ਇਸ ਸਕੂਲ ਵਿੱਚ ਕੁੱਲ 22 ਬੱਚੇ ਹਨ। ਆਰਥਿਕ ਤੌਰ ‘ਤੇ ਕਮਜ਼ੋਰ ਬੱਚਿਆਂ ਕੋਲੋਂ ਕੋਈ ਫੀਸ ਨਹੀਂ ਲਈ ਜਾਂਦੀ। ਜੋ ਪਰਿਵਾਰ ਫੀਸ ਦੇਣ ਦੇ ਸਮਰਥ ਹਨ, ਉਨ੍ਹਾਂ ਤੋਂ ਓਨੀ ਹੀ ਫੀਸ ਲਈ ਜਾਂਦੀ ਹੈ ਜਿਸ ਨਾਲ ਸਕੂਲ ਦਾ ਖਰਚ ਪੂਰਾ ਹੋ ਸਕੇ। ਪੜ੍ਹਾਉਣ ਲਈ ਦੋ ਹੋਰ ਅਧਿਆਪਕਾਵਾਂ ਵੀ ਰੱਖੀਆਂ ਗਈਆਂ ਹਨ। ਇਹ ਬਟਾਲਾ ਵਿੱਚ ਇਕਲੌਤਾ ਅਜਿਹਾ ਸਕੂਲ ਹੈ ਜਿੱਥੇ ਗੂੰਗੇ-ਬੋਲੇ ਬੱਚਿਆਂ ਨੂੰ ਸੰਕੇਤਕ ਭਾਸ਼ਾ ਦੇ ਜ਼ਰੀਏ ਪੜ੍ਹਾਇਆ ਜਾਂਦਾ ਹੈ। ਰਮਨਦੀਪ ਕੌਰ ਨੇ ਦੱਸਿਆ, “ਮੇਰਾ ਇਹੀ ਸੁਫ਼ਨਾ ਹੈ ਕਿ ਇਹ ਬੱਚੇ ਜੋ ਸਿੱਖਿਆ ਲੈ ਰਹੇ ਹਨ, ਉਸ ਨਾਲ ਉਹ ਅੱਗੇ ਚੱਲ ਕੇ ਕਾਮਯਾਬ ਹੋਣ ਅਤੇ ਕਿਸੇ ਉੱਤੇ ਨਿਰਭਰ ਨਾ ਰਹਿਣ ਸਗੋਂ ਆਪਣੇ ਪੈਰਾਂ ਉੱਤੇ ਖੜੇ ਹੋਣ।”

ਰਮਨਦੀਪ ਨੇ ਦੱਸਿਆ, “ਜਦੋਂ ਵੀ ਲੋਕ ਸਾਡੇ ਸਕੂਲ ਬਾਰੇ ਪੁੱਛਦੇ ਹਨ ਤਾਂ ਜ਼ਿਆਦਾਤਰ ਲੋਕਾਂ ਦਾ ਇਹੀ ਸਵਾਲ ਹੁੰਦਾ ਹੈ, ਕੀ ਇੱਥੇ ਮੁਫ਼ਤ ਵਿੱਚ ਸਿੱਖਿਆ ਦਿੱਤੀ ਜਾਂਦੀ ਹੈ। ਲੋਕਾਂ ਦੀ ਮਾਨਸਿਕਤਾ ਇਹ ਬਣ ਚੁਕੀ ਹੈ ਕਿ ਉਹ ਤੰਦਰੁਸਤ ਬੱਚਿਆਂ ਲਈ ਚੰਗੀ ਅਤੇ ਮਹਿੰਗੀ ਸਿੱਖਿਆ ਦੇਣ ਨੂੰ ਤਿਆਰ ਹਨ ਪਰ ਅਜਿਹੇ ਬੱਚਿਆਂ ਲਈ ਪੈਸੇ ਖਰਚ ਕਰਨ ਤੋਂ ਗੁਰੇਜ ਕਰਦੇ ਹਨ। ” ਰਮਨਦੀਪ ਅਨੁਸਾਰ ਲੋਕਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ ਤਾਂ ਜੋ ਗੂੰਗੇ-ਬੋਲੇ ਬੱਚੇ ਵੀ ਪੜ੍ਹ-ਲਿਖ ਕੇ ਬਿਹਤਰ ਜ਼ਿੰਦਗੀ ਗੁਜ਼ਾਰ ਸਕਣ। ਜੈਸਮਨ ਆਪਣੀ ਮਾਂ ਵਲੋਂ ਖੋਲੇ ਗਏ ਸਕੂਲ ਤੋਂ ਬਹੁਤ ਖੁਸ਼ ਹੈ। ਉਸ ਨੇ ਸੰਕੇਤਕ ਭਾਸ਼ਾ ਵਿਚ ਦੱਸਿਆ ਕਿ ਉਸ ਨੂੰ ਸਕੂਲ ਵਿਚ ਆਪਣੇ ਦੋਸਤਾਂ ਦਾ ਸਾਥ ਮਿਲਦਾ ਹੈ ਅਤੇ ਉਹ ਪੜ੍ਹਨ ਦੇ ਨਾਲ-ਨਾਲ ਦੋਸਤਾਂ ਨਾਲ ਚੰਗਾ ਸਮਾਂ ਗੁਜ਼ਾਰਦੀ ਹੈ।

# ਪੜ੍ਹੀਆਂ-ਲਿਖੀਆਂ ਭਾਰਤੀ ਕੁੜੀਆਂ ਸਾਊਦੀ ਅਰਬ ’ਚ ਬਣੀਆਂ ਗੁਲਾਮ

## ਤਸਕਰੀ ਕਰਕੇ ਲਿਜਾਣ ਮਗਰੋਂ ਨੌਕਰਾਣੀਆਂ ਬਣਨ ਨੂੰ ਮਜਬੂਰ

**ਜਲੰਧਰ/ਬਿਊਰੋ ਨਿਊਜ਼ :** ਕੰਪਿਊਟਰ ਵਿਗਿਆਨ ਵਿਚ ਗਰੈਜੂਏਟ ਇੱਕ ਭਾਰਤੀ ਲੜਕੀ ਨੂੰ ਜਦੋਂ ਅਹਿਸਾਸ ਹੋਇਆ ਕਿ ਮੱਧ ਪੂਰਬੀ ਦੇਸਾਂ ਵਿੱਚ ਉਸ ਦੀ ਵਧੀਆ ਨੌਕਰੀ ਚਾਹਤ ਨੇ ਉਸ ਨੂੰ ਫਸਾ ਦਿੱਤਾ ਹੈ, ਤਾਂ ਉਸ ਨੇ ਮਦਦ ਲਈ ਅਪੀਲ ਕੀਤੀ।

24 ਸਾਲਾ ਪ੍ਰੀਆ (ਬਦਲਿਆ ਨਾਮ) ਨੂੰ ਸਾਊਦੀ ਅਰਬ ਦੇ ਡਾਮਮ ਦੇ ਇੱਕ ਦੂਰ ਦੇ ਪਿੰਡ ਵਿੱਚ ਘਰੇਲੂ ਨੌਕਰਾਣੀ ਦਾ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਪ੍ਰਿਆ ਵਾਂਗ ਹੀ ਤਾਮਿਲਨਾਡੂ ਦੀਆਂ ਕਈ ਪੜ੍ਹੀਆਂ-ਲਿਖੀਆਂ ਲੜਕੀਆਂ ਨੂੰ ਪਿਛਲੇ 6 ਮਹੀਨਿਆਂ ਦੌਰਾਨ ਤਸਕਰੀ ਕਰਕੇ ਸਾਊਦੀ ਅਰਬ ਦੇ ਘਰਾਂ ਵਿੱਚ ਨੌਕਰਾਣੀ ਵਜੋਂ ਕੰਮ ਕਰਨ ਲਈ ਲਿਜਾਇਆ ਗਿਆ ਹੈ।ਦੋ ਔਰਤਾਂ ਨੇ ਆਪਣੇ ਮਾਲਕ ਦੇ ਘਰੋਂ ਭੱਜਣ ਵਿੱਚ ਕਾਮਯਾਬ ਹੋਣ ਮਗਰੋਂ ਭਾਰਤੀ ਸਫਾਰਤਖਾਨੇ ਤੋਂ ਮਦਦ ਦੀ ਅਪੀਲ ਕੀਤੀ । ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਦੋ ਹੋਰ ਸਹੇਲੀਆਂ ਅਤੇ ਹੋਰ ਵੀ ਕਈ ਔਰਤਾਂ ਨੂੰ ਬਚਾਉਣ ਦੀ ਲੋੜ ਹੈ ਜੋ ਕਿ ਉਨ੍ਹਾਂ ਵਾਂਗ ਹੀ ਫਸੀਆਂ ਹੋਈਆਂ ਹਨ । ਸੁੰਦਰੀ ਅਤੇ ਮੇਘਲਾ (ਬਦਲਿਆ ਨਾਮ) ਆਰਜ਼ੀ ਤੌਰ ‘ਤੇ ਭਾਰਤੀ ਸਫਾਰਤਖਾਨੇ ਵਿਚ ਰਹਿ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਬਿਊਟੀ ਪਾਰਲਰਾਂ ਵਿੱਚ ਨੌਕਰੀਆਂ ਤੇ ਵਧੀਆ ਤਨਖਾਹਾਂ ਦਾ ਝਾਂਸਾ ਦੇ ਕੇ ਦੁਬਈ ਲਿਆਂਦਾ ਗਿਆ ਸੀ। ਉਨ੍ਹਾਂ ਦੱਸਿਆ, “ਜਦੋਂ ਅਸੀਂ ਇੱਥੇ ਪਹੁੰਚੀਆਂ, ਤਾਂ ਸਾਨੂੰ ਅਰਬੀ ਸਿੱਖਣ ਲਈ ਵੱਖਰੇ-ਵੱਖਰੇ ਘਰਾਂ



ਵਿੱਚ ਤਿੰਨ ਮਹੀਨਿਆਂ ਲਈ ਨੌਕਰਾਣੀਆਂ ਵਜੋਂ ਕੰਮ ਕਰਨ ਲਈ ਕਿਹਾ ਗਿਆ। ਜਦੋਂ ਅਸੀਂ ਮਨ੍ਹਾਂ ਕੀਤਾ ਤਾਂ ਸਾਨੂੰ ਦੱਸਿਆ ਗਿਆ ਕਿ ਅਸੀਂ ਇੰਨੀ ਜਲਦੀ ਵਾਪਸ ਨਹੀਂ ਜਾ ਸਕਦੀਆਂ।”

ਸੁੰਦਰੀ ਨੇ ਆਪਣੇ ਕੰਮ ਬਾਰੇ ਦੱਸਿਆ, ਕਿ ਮੈਂ ਐਮਬੀਏ ਕੀਤੀ ਹੋਈ ਹੈ। ਮੈਨੂੰ ਕਿਸੇ ਬਿਊਟੀ ਪਾਰਲਰ ਵਿੱਚ ਸਹਾਇਕ ਦੀ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ। ਮੈਂ ਹੈਰਾਨ ਰਹਿ ਗਈ ਜਦੋਂ ਮੈਨੂੰ ਭਾਂਡੇ ਮਾਂਜਣ, ਪੋਚੇ ਲਾਉਣ ਅਤੇ ਰਿਆਧ ਦੇ ਇੱਕ ਵੱਡੇ ਪਰਿਵਾਰ ਦਾ ਘਰੇਲੂ ਕੰਮ ਕਰਨ ਲਈ ਕਿਹਾ ਗਿਆ। ਮੈਂ 16 ਘੰਟੇ ਕੰਮ ਕਰਦੀ ਤੇ ਮੈਨੂੰ ਆਰਾਮ ਵੀ ਨਹੀਂ ਕਰਨ ਦਿੱਤਾ ਜਾਂਦਾ ਸੀ। ਪਹਿਲੇ ਦੋ ਮਹੀਨੇ ਤਾਂ ਮੈਨੂੰ ਆਪਣੇ ਪਰਿਵਾਰ ਨਾਲ ਵੀ ਗੱਲ ਨਹੀਂ ਕਰਨ ਦਿੱਤੀ ਗਈ।

ਬਾਕੀ ਸਫ਼ਾ 32 ’ਤੇ

# ਪੁਲਸ ਮੁਲਾਜ਼ਮਾਂ ਦੀਆਂ ‘ਕਰਤੂਤਾਂ’ ਵਿਗਾੜ ਰਹੀਆਂ ਨੇ ਭਾਰਤ ਦਾ ਅਕਸ

## ਕਈ ਪੁਲੀਸ ਮੁਲਾਜ਼ਮ ਬਲਾਤਕਾਰ ਤੇ ਰਿਸ਼ਵਤ ਲਈ ਦੋਸ਼ੀ

ਮੱਧ ਪ੍ਰਦੇਸ਼ ‘ਚ ਜੂਆ ਖੇਡਦੇ ਫੜੇ ਗਏ ਸਿਪਾਹੀ

ਲੋਕਾਂ ਨੂੰ ਸੁਰੱਖਿਆ ਦੇਣ ਅਤੇ ਸਮਾਜ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਪੁਲਸ ਮਹਿਕਮੇ ਦੀ ਹੈ ਪਰ ਇਸ ਵਿਚ ਵੜ ਆਈਆਂ ਕੁਝ ਕਾਲੀਆਂ ਭੇਡਾਂ ਆਪਣੀਆਂ ਅਣਮਨੁੱਖੀ ਕਰਤੂਤਾਂ ਨਾਲ ਸਮੁੱਚੀ ਪੁਲਸ ਦੀ ਬਦਨਾਮੀ ਦੀ ਵਜ੍ਹਾ ਬਣ ਰਹੀਆਂ ਹਨ। ਪਿਛਲੇ ਸਿਰਫ ਤਿੰਨ ਹਫਤਿਆਂ ਵਿਚ ਸਾਹਮਣੇ ਆਈਆਂ ਅਜਿਹੀਆਂ ਕੁਝ ਖਬਰਾਂ ਭਾਰਤੀ ਪੁਲਿਸ ਦੇ ਕਾਲੇ ਕਾਰਨਾਮਿਆਂ ਨੂੰ ਉਜਾਗਰ ਕਰਨ ਲਈ ਕਾਫੀ ਹਨ।




- 21 ਅਪ੍ਰੈਲ ਨੂੰ ਲਖਨਊ ਦੇ ਹਜਰਤਗੰਜ ਪੁਲਸ ਥਾਣੇ ਵਿਚ ਸ਼ਿਕਾਇਤ ਲਿਖਵਾਉਣ ਆਏ ਰੈਸਟੋਰੈਂਟ ਮਾਲਕ ਤੋਂ ਪਿਜ਼ਾ ਮੰਗਣ ਦੇ ਦੋਸ਼ ਹੇਠ ਇਕ ਮਹਿਲਾ ਸਬ-ਇੰਸਪੈਕਟਰ ਨੂੰ ਮੁਅੱਤਲ ਕੀਤਾ ਗਿਆ। ਉਸ ਨੇ ਐੱਫ਼ਆਈਆਰ ਤਾਂ ਲਿਖ ਲਈ ਪਰ ਸ਼ਿਕਾਇਤਕਰਤਾ ਨੂੰ ਕਿਹਾ ਕਿ ਇਸ ਦੀ ਕਾਪੀ ਲੈਣ ਲਈ ਪਿਜ਼ਾ ਲੈ ਕੇ ਆਵੇ।
- 23 ਅਪ੍ਰੈਲ ਨੂੰ ਰਾਜਸਥਾਨ ਵਿਚ ਜੈਪੁਰ ਦੇ ਸਿਵਲ ਲਾਈਨ ਮੈਟਰੋ ਸਟੇਸ਼ਨ ‘ਤੇ ਲਿਫਟ ਵਿਚ ਇਕ ਮੁਟਿਆਰ ਨੂੰ ਇੱਕਲੀ ਦੇਖ ਕੇ ਉਸ ਨਾਲ ਗਲਤ ਹਰਕਤ ਕਰਨ ਵਾਲੇ ਸਿਪਾਹੀ ਰਿੰਕੂ ਸੈਣੀ ਨੂੰ ਗ੍ਰਿਫਤਾਰ ਕਰ ਕੇ ਜੇਲ ਭੇਜਿਆ ਗਿਆ। ਖੁਦ ਵਿਆਹਿਆ ਹੋਇਆ ਤੇ 2 ਸਾਲਾਂ ਦੇ ਇਕ ਬੇਟੇ ਦਾ ਪਿਤਾ ਰਿੰਕੂ ਸੈਣੀ ਆਏ ਦਿਨ ਉਕਤ ਮੁਟਿਆਰ ‘ਤੇ ਉਸ ਨਾਲ ਦੋਸਤੀ ਕਰਨ ਅਤੇ ਉਸ ਨਾਲ ਘੁੰਮਣ-ਫਿਰਨ ਦਾ ਦਬਾਅ ਬਣਾਉਂਦਾ ਆ ਰਿਹਾ ਸੀ।
- 24 ਅਪ੍ਰੈਲ ਨੂੰ ਕਾਨਪੁਰ ਦੀ ਯਸ਼ੋਦਾ ਨਗਰ ਚੌਕੀ ਵਿਚ ਲਿਆਂਦੀ ਗਈ ਔਰਤ ਨਾਲ ਚੌਕੀ ਦੇ ਮੁਲਾਜ਼ਮਾਂ ਨੇ ਮਾਰ-ਕੁਟਾਈ ਤੇ ਗਾਲੀ-ਗਲੋਚ ਕੀਤਾ।
- 25 ਅਪ੍ਰੈਲ ਨੂੰ ਕਾਨਪੁਰ ਦੇ ਬੱਰਾ ਥਾਣੇ ਵਿਚ ਤਾਇਨਾਤ ਸਿਪਾਹੀ ਦੀਪਕ ਕੁਮਾਰ ਦੀਕਸ਼ਿਤ ਨੂੰ ਆਪਣੀ ਮੰਗੇਤਰ ਨਾਲ ਰੇਪ ਕਰਨ ਤੇ ਬਾਅਦ ਵਿਚ ਉਸ ਨੂੰ ਛੱਡ ਕੇ ਦੂਜੀ ਜਗ੍ਹਾ ਵਿਆਹ ਕਰਵਾਉਣ ਦੇ ਦੋਸ਼ ਹੇਠ ਮੁਅੱਤਲ ਕੀਤਾ ਗਿਆ।
- 3 ਮਈ ਨੂੰ ਹੀ ਆਸਾਮ ਦੇ ਰਮਦੀਆ ਪੁਲਸ ਥਾਣੇ ਵਿਚ ਤਾਇਨਾਤ ਪੁਲਸ ਮੁਲਾਜ਼ਮ ਵਿਨੋਦ ਕੁਮਾਰ ਦਾਸ ਨੂੰ ਆਪਣੇ ਪੁਲਸ ਕੁਆਰਟਰ ਵਿਚ ਇਕ ਔਰਤ ਨਾਲ ਬਲਾਤਕਾਰ ਕਰਨ ਦੇ ਦੋਸ਼ ਹੇਠ ਫੜਿਆ ਗਿਆ।
- 3 ਮਈ ਦੀ ਰਾਤ ਨੂੰ ਇਕ ਬੱਸ ਵਿਚ ਬਠਿੰਡਾ ਤੋਂ ਫਰੀਦਕੋਟ ਆ ਰਹੀ 25 ਸਾਲਾ ਇਕ ਵਿਆਹੁਤਾ ਨਾਲ ਛੇੜਖਾਨੀ ਕਰਨ ਅਤੇ ਉਸ ਨੂੰ ਡਰਾਉਣ-ਧਮਕਾਉਣ ਵਾਲੇ ਪੰਜਾਬ ਪੁਲਸ ਦੇ ਏਐੱਸ਼ਆਈ ਜਸਪਾਲ ਸਿੰਘ ਸਿੱਧੂ ਨੂੰ ਲੋਕਾਂ ਨੇ ਫੜ ਕੇ ਥਾਣਾ ਕੋਤਵਾਲੀ ਪੁਲਸ ਫਰੀਦਕੋਟ ਦੇ ਹਵਾਲੇ ਕਰ ਦਿੱਤਾ, ਜਿਸ ਨੂੰ ਸਸਪੈਂਡ ਕਰਨ ਮਗਰੋਂ ਉਸ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।
- 9 ਮਈ ਨੂੰ ਰਿਸ਼ਵਤ ਦੇਣ ਤੋਂ ਇਨਕਾਰ ਕਰਨ ‘ਤੇ 7 ਪੁਲਸ ਮੁਲਾਜ਼ਮਾਂ ਨੇ ਉੱਤਰ-ਪੱਛਮੀ ਦਿੱਲੀ ਦੇ ਇਕ ਪੁਲਸ ਥਾਣੇ ਵਿਚ ਇਕ ਪ੍ਰਾਪਰਟੀ ਡੀਲਰ ਅਤੇ ਉਸ ਦੇ ਦੋ ਬੇਟਿਆਂ ਨੂੰ ਕੁੱਟ ਦਿੱਤਾ ਅਤੇ ਇਕ ਸਿਪਾਹੀ ਨੇ ਪ੍ਰਾਪਰਟੀ ਡੀਲਰ ਦੇ ਇਕ ਬੇਟੇ ‘ਤੇ ‘ਸੂਏ’ ਨਾਲ ਵਾਰ ਕਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ।
- 9 ਮਈ ਨੂੰ ਹੀ ਕਾਨਪੁਰ ਵਿਚ ਇਕ ਸਿਪਾਹੀ ਆਸ਼ੀਸ਼ ਸਚਾਨ ਦੀ ਗਰਭਵਤੀ ਪਤਨੀ ਨੇ ਦੋਸ਼ ਲਾਇਆ ਕਿ ਉਸ ਦਾ ਪਤੀ ਉਸ ‘ਤੇ ਗੈਰ-ਕੁਦਰਤੀ ਸੈਕਸ ਲਈ ਦਬਾਅ ਪਾਉਂਦਾ ਹੈ ਅਤੇ ਵਿਰੋਧ ਕਰਨ ‘ਤੇ ਮਾਰ-ਕੁਟਾਈ ਕਰ ਕੇ ਉਸ ਨੂੰ ਘਰੋਂ ਕੱਢ ਦਿੱਤਾ।
- 13 ਮਈ ਨੂੰ ਮੱਧ ਪ੍ਰਦੇਸ਼ ਦੇ ਭੋਪਾਲ ਵਿਚ ਪੁਲਸ ਨੇ ਇਕ ਪਾਸ਼ ਕਾਲੋਨੀ ਵਿਚ ਜੂਏ ਦੇ ਅੱਡੇ ਦਾ ਭਾਂਡਾ ਭੰਨਦਿਆਂ ਹੋਰਨਾਂ ਲੋਕਾਂ ਸਮੇਤ 5 ਸਿਪਾਹੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਇਕ ਲੱਖ 20 ਹਜ਼ਾਰ ਰੁਪਏ ਬਰਾਮਦ ਕੀਤੇ।
- 14 ਮਈ ਨੂੰ ਦਿੱਲੀ ਪੁਲਸ ਦੇ ਪੱਛਮੀ ਜ਼ਿਲੇ ਦੇ ਸ਼ਿਕਾਇਤ ਨਿਵਾਰਨ ਸੈੱਲ ਵਿਚ ਤਾਇਨਾਤ ਇਕ ਇੰਸਪੈਕਟਰ ਨੂੰ ਮਨੁੱਖੀ ਤਸਕਰੀ ਤੇ ਠੱਗੀ ਠੋਰੀ ਦੇ ਕੇਸ ਵਿਚ ਸ਼ਾਮਲ ਹੋਣ ‘ਤੇ ਮੁਅੱਤਲ ਕਰਨ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ।

ਕਾਨੂੰਨ ਦੇ ਰਖਵਾਲੇ ਮੰਨੇ ਜਾਣ ਵਾਲੇ ਪੁਲਸ ਮੁਲਾਜ਼ਮਾਂ ਦਾ ਅਜਿਹਾ ਰਵੱਈਆ ਸਮੁੱਚੀ ਪੁਲਸ ਦਾ ਅਕਸ ਧੁੰਦਲਾ ਕਰ ਰਿਹਾ ਹੈ। ਬੇਸ਼ੱਕ ਜ਼ਿਆਦਾਤਰ ਦੋਸ਼ੀਆਂ ਨੂੰ ਫੜ ਲਿਆ ਗਿਆ ਹੈ ਪਰ ਇੰਨਾ ਹੀ ਕਾਫੀ ਨਹੀਂ ਹੈ। ਦੋਸ਼ੀ ਪੁਲਸ ਮੁਲਾਜ਼ਮਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਦੂਜਿਆਂ ਨੂੰ ਨਸੀਹਤ ਮਿਲੇ ਅਤੇ ਕੋਈ ਵੀ ਬੇਕਸੂਰ ਉਨ੍ਹਾਂ ਦੇ ਅੱਤਿਆਚਾਰ ਦਾ ਸ਼ਿਕਾਰ ਨਾ ਹੋਵੇ।

## ਬਿਆਸ ਦਰਿਆ ਵਿਚ ਜ਼ਹਿਰੀਲਾ ਪਾਣੀ ਛੱਡਣ ਨਾਲ ਹੰਗਾਮੀ ਹਾਲਾਤ ਬਣੇ

ਵੇਚਣ ਦੇ ਧੰਦੇ ਕਾਰਲ ਨਵੀਂ ਸਿਹਤ ਸਮੱਸਿਆ ਖੜ੍ਹੀ ਹੋਣ ਤਾ ਡਰ ਵੀ ਪੈਦਾ ਹੋ ਗਿਆ ਹੈ।ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਜੋ ਸਾਰੀ ਸਥਿਤੀ ਉਤੇ ਲਗਾਤਾਰ ਨਜ਼ਰ ਰੱਖ ਰਹੇ ਹਨ, ਨੇ ਵੱਡੀ ਮਾਤਰਾ ਵਿੱਚ ਮਰੀਆਂ ਮੱਛੀਆਂ ਬਾਜ਼ਾਰਾਂ ਵਿੱਚ ਵੇਚੇ ਜਾਣ 'ਤੇ ਮਨੁੱਖੀ ਜਾਨਾਂ ਦੇ ਨੁਕਸਾਨ ਦਾ ਖ਼ਦਸ਼ਾ ਪ੍ਰਗਟਾਇਆ ਹੈ।

ਘਟਨਾ ਵਾਲੇ ਦਿਨ ਸ਼ੁਰੂ ਵਿਚ ਲੋਕਾ ਨੇ ਬਿਆਸ ਦਰਿਆ ਦੇ ਪਾਣੀ ਦਾ ਰੰਗ ਕਾਲਾ ਹੋ ਗਿਆ ਦੇਖਿਆ। ਬਾਅਦ 'ਚ ਕਸਬਾ ਬਿਆਸ ਪੁਲ 'ਤੇ ਦਰਿਆ ਕੰਢੇ ਵੱਡੀ ਮਾਤਰਾ ਵਿੱਚ ਮੱਛੀਆਂ ਅਤੇ ਹੋਰ ਜੀਵ-ਜੰਤੂ ਤੜਫ਼ ਤੜਫ਼ ਕੇ ਮਰ ਰਹੇ ਦੇਖੇ ਗਏ। ਦੇਖਦਿਆਂ ਹੀ ਦੇਖਦਿਆਂ ਵੱਡੀ ਗਿਣਤੀ ਵਿੱਚ ਲੋਕ ਪੁੱਜਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਦਰਿਆ ਕੰਢੇ ਪਾਣੀ ਵਿੱਚ ਤੈਰਦੀਆਂ ਮੱਛੀਆਂ ਨੂੰ ਕਿਸ਼ਤੀਆਂ ਰਾਹੀਂ ਫੜ ਕੇ ਟਰੱਕਾਂ ਅਤੇ ਹੋਰ ਸਾਧਨਾਂ ਰਾਹੀਂ ਨੇੜਲੇ ਸ਼ਹਿਰਾਂ ਵਿੱਚ ਲਿਜਾਣਾ ਸ਼ੁਰੂ ਕਰ ਦਿੱਤਾ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਖਣੀ ਹਿੱਸਿਆਂ ਵਿੱਚ ਨਹਿਰ ਅਧਾਰਤ ਪੀਣ ਵਾਲੇ ਪਾਣੀ ਦੀ ਜਾਂਚ ਅਤੇ ਨਿਗਰਾਨੀ ਕਰਨ ਦੇ ਹੁਕਮ ਦਿੱਤੇ ਹੋਏ ਹਨ। ਉਨ੍ਹਾਂ ਸਾਰੇ ਮਾਮਲੇ ਦੀ ਜਾਂਚ ਕਰਨ ਦਾ ਹੁਕਮ ਵੀ ਦਿਤਾ ਸੀ ਪਰ ਇਸ ਬਾਬਤ ਆਈ ਜਾਂਚ ਰਿਪੋਰਟ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਬਿਆਸ ਦਰਿਆ ਦੇ ਪਾਣੀ ਵਿਚ ਸੀਰੇ ਦੇ ਘੁਲਣ ਕਾਰਨ ਵੱਡੀ ਤਦਾਦ ਵਿੱਚ ਮਰੀਆਂ ਮੱਛੀਆਂ ਅਤੇ ਹੋਰ ਜਲ ਜੀਵਾਂ ਦੇ ਮਾਮਲੇ ਦੀ ਕੀਤੀ ਗਈ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਦਰਿਆ ਦੇ ਪਾਣੀ ਵਿਚੋਂ ਕੋਈ ਕੀੜੇਮਾਰ ਦਵਾਈ, ਤੇਜ਼ਾਬੀ ਮਾਦਾ ਆਦਿ ਨਹੀਂ ਮਿਲਿਆ ਹੈ। ਪਾਣੀ ਵਿਚ ਆਕਸੀਜਨ ਦੀ ਕਮੀ ਦੇ ਕਾਰਨ ਹੀ ਜਲ ਜੀਵਾਂ ਦੀ ਮੌਤ ਹੋਈ ਹੈ।

ਇਹ ਖੁਲਾਸਾ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਵਲੋਂ ਕੀਤਾ ਗਿਆ ਹੈ ਜਿਨ੍ਹਾਂ ਦੀ ਹਦਾਇਤ 'ਤੇ ਦੂਸ਼ਿਤ ਪਾਣੀ ਅਤੇ ਮਰੀਆਂ ਮੱਛੀਆਂ ਦੇ ਨਮੂਨੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਨੇ ਲਏ ਸਨ।

ਉਨ੍ਹਾਂ ਦੱਸਿਆ ਕਿ ਮੱਛੀ ਪਾਲਣ ਵਿਭਾਗ ਤੋਂ ਪ੍ਰਾਪਤ ਹੋਈ ਜਾਣਕਾਰੀ ਵਿੱਚ ਯੂਨੀਵਰਸਿਟੀ ਦੇ ਡੀਨ ਬਲਬੀਰ ਸਿੰਘ ਸੰਧੂ ਨੇ ਦੱਸਿਆ ਕਿ ਦਰਿਆ ਵਿੱਚੋਂ ਲਏ ਪਾਣੀ ਅਤੇ ਮਰੀਆਂ ਮੱਛੀਆਂ ਦੀ ਕੀਤੀ ਗਈ ਜਾਂਚ ਵਿੱਚ ਕੋਈ ਕੀੜੇਮਾਰ ਦਵਾਈ ਜਾਂ ਤੇਜ਼ਾਬੀ ਮਾਦਾ ਨਹੀਂ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਰਿਪੋਰਟ ਅਨੁਸਾਰ ਪਾਣੀ ਵਿਚ ਪੀਐਚ ਪੱਧਰ ਹੱਦ ਦਰਜੇ ਤੱਕ ਘੱਟ ਗਿਆ ਸੀ ਅਤੇ ਆਕਸੀਜਨ ਦੀ ਕਮੀ ਹੋ ਗਈ ਸੀ ਜਿਸ ਕਾਰਨ ਹੀ ਜਲ ਜੀਵਾਂ ਦੀ ਮੌਤ ਹੋਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਦੀ ਟੀਮ ਨੇ 17 ਮਈ ਨੂੰ ਹੀ ਸਵੇਰੇ 9 ਵਜੇ ਅਤੇ ਬਾਅਦ ਦੁਪਹਿਰ 2 ਵਜੇ ਦਰਿਆ ਵਿਚੋਂ ਵੱਖ-ਵੱਖ ਥਾਵਾਂ ਤੋਂ ਪਾਣੀ ਦੇ ਨਮੂਨੇ ਅਤੇ ਮਰੀਆਂ ਹੋਈਆਂ ਮੱਛੀਆਂ ਜਾਂਚ ਲਈ ਲੈ ਕੇ ਯੂਨੀਵਰਸਿਟੀ ਦੇ ਮੱਛੀ ਪਾਲਣ ਵਿਭਾਗ ਨੂੰ ਸੌਂਪੇ ਸਨ ਜਿਨ੍ਹਾਂ ਦੀ ਜਾਂਚ ਕੀਤੀ ਗਈ ਹੈ।

ਵਾਤਾਵਰਣ ਮੰਤਰੀ ਓਮ ਪ੍ਰਕਾਸ਼ ਸੋਨੀ ਨੇ ਕਿਹਾ ਕਿ ਹੁਣ ਤੱਕ ਹੋਈ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸ੍ਰੀ ਹਰਗੋਬਿੰਦ ਮਿੱਲ ਤੋਂ ਸੀਰਾ ਰਿਸਣ ਕਾਰਨ ਇਹ ਘਟਨਾ ਵਾਪਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਰੀਆਂ ਹੋਈਆਂ ਮੱਛੀਆਂ ਨਾ ਖਾਣ। ਉਨ੍ਹਾਂ ਦੱਸਿਆ ਕਿ ਅਗਲੇ ਹੁਕਮਾਂ ਤੱਕ ਖੰਡ ਮਿੱਲ ਬੰਦ ਕਰ ਦਿੱਤੀ ਗਈ ਹੈ ਅਤੇ ਜਾਂਚ ਕੀਤੀ ਜਾਵੇਗੀ ਕਿ ਪਾਣੀ ਵਿੱਚ ਸੀਰਾ ਕਿਵੇਂ ਆਇਆ ?

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਕਾਹਨ ਸਿੰਘ ਪੰਨੂ ਅਤੇ ਹੋਰ ਅਧਿਕਾਰੀਆਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਕੀੜੀ ਅਫ਼ਗਾਨਾ ਮਿੱਲ ਦਾ ਪਾਣੀ ਲੀਕ ਹੋਣ ਕਾਰਨ ਅਜਿਹਾ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਲੀਕੇਜ ਬੰਦ ਕਰ ਦਿੱਤੀ ਗਈ ਹੈ।ਛੇਤੀ ਹੀ ਪਿੱਛੋਂ ਸਾਫ਼ ਪਾਣੀ ਛੱਡ ਕੇ ਇਸ ਗੰਧਲੇ ਪਾਣੀ ਨੂੰ ਅੱਗੇ ਤੋਰਿਆ ਜਾਵੇਗਾ ਤਾਂ ਜੋ ਹੋਰ ਜੀਵ-ਜੰਤੂਆਂ ਦਾ ਨੁਕਸਾਨ ਨਾ ਹੋਵੇ।

ਬਿਆਸ ਦਰਿਆ ਦੇ ਪਾਣੀ ਵਿੱਚ ਸੀਰੇ ਦੇ ਘੁਲਣ ਮਗਰੋਂ ਇਥੇ ਦੁਰਲਭ ਜਾਤੀ ਦੀਆਂ ਡੌਲਫਿਨ ਮੱਛੀਆਂ ਅਤੇ ਹਾਲ ਹੀ ਵਿੱਚ ਛੱਡੇ ਗਏ ਘੜਿਆਲਾਂ ਦੇ ਹਾਲ ਦੀ ਘੜੀ ਸੁਰੱਖਿਅਤ ਹੋਣ ਦੀ ਖਬਰ ਹੈ। ਇਸ ਬਾਰੇ ਸੰਸਥਾ ਡਬਲਿਯੂਡਬਲਿਯੂਐਫ (ਵਰਲਡ ਵਾਈਲਡ ਲਾਈਫ ਫੰਡ) ਵੱਲੋਂ ਇਸ ਦਰਿਆਈ ਇਲਾਕੇ ਵਿੱਚ ਇਨ੍ਹਾਂ ਦੁਰਲਭ ਜਾਤੀ ਦੀਆਂ ਮੱਛੀਆਂ ਅਤੇ ਘੜਿਆਲਾਂ ਦੀ ਸਥਿਤੀ ਦਾ ਪਤਾ ਲਾਉਣ ਲਈ ਇਕ ਸਰਵੇਖਣ ਕੀਤਾ ਗਿਆ ਹੈ। ਹਾਲ ਦੀ ਘੜੀ ਦਰਿਆ ਵਿੱਚ ਛੱਡੇ ਗਏ 50 ਘੜਿਆਲ ਬੱਚੇ ਸੁਰੱਖਿਅਤ ਹਨ।

ਮਾਲਵਾ ਖ਼ਿੱਤੇ ਦੇ ਕਈ ਸ਼ਹਿਰਾਂ ਦੇ ਜਲ ਘਰਾਂ ਲਈ ਨਹਿਰੀ ਪਾਣੀ ਲੈਣਾ ਬੰਦ ਕਰ ਦਿੱਤਾ ਗਿਆ ਹੈ। ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਐਸਡੀਓ ਆਰ ਐਮ ਮੱਕੜ ਨੇ ਦੱਸਿਆ ਕਿ ਮਲੋਟ ਤੇ ਗਿੱਦੜਬਾਹਾ ਸ਼ਹਿਰ ਲਈ ਉਨ੍ਹਾਂ ਨਹਿਰੀ ਪਾਣੀ ਲੈਣਾ ਬੰਦ ਕਰ ਦਿੱਤਾ ਹੈ ਕਿਉਂਕਿ ਕਾਲਾ ਪਾਣੀ ਨਵਾਂ ਸੰਕਟ ਖੜ੍ਹਾ ਕਰ ਸਕਦਾ ਹੈ। ਹਲਕਾ ਲੰਬੀ ਅਤੇ ਮਲੋਟ ਦੇ ਸੈਂਕੜੇ ਪਿੰਡਾਂ ਦੇ ਜਲ ਘਰਾਂ ਦੇ ਮੁਲਾਜ਼ਮਾਂ ਕੋਲ ਵੀ ਸੁਨੇਹੇ ਭੇਜ ਦਿੱਤੇ ਗਏ ਹਨ। ਜਲ ਸਪਲਾਈ ਵਿਭਾਗ ਦੇ ਐਸਡੀਓ ਤਰਸੇਮ ਯਾਦਵ ਨੇ ਦੱਸਿਆ ਕਿ 40 ਦੇ ਕਰੀਬ ਜਲ ਘਰਾਂ ਦੇ ਮੁਲਾਜ਼ਮਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਨਾ ਲੈਣ ਦੇ ਸੁਨੇਹੇ ਦੇ ਦਿੱਤੇ ਹਨ। ਸੂਤਰਾਂ ਮੁਤਾਬਕ ਕਈ ਪਿੰਡਾਂ ਦੇ ਜਲ ਘਰਾਂ ਕੋਲ ਤਾਂ ਪਾਣੀ ਦੇ ਟੈਂਕ ਖਾਲੀ ਪਏ ਹਨ ਜਿਸ ਕਰਕੇ ਪਾਣੀ ਦਾ ਨਵਾਂ ਸੰਕਟ ਬਣ ਸਕਦਾ ਹੈ। ਹਲਕਾ ਲੰਬੀ ਵਿੱਚ ਤਾਇਨਾਤ ਐਸਡੀਓ ਸੁਰਮੁੱਖ ਸਿੰਘ ਨੇ ਦੱਸਿਆ ਕਿ ਉੱਚ ਅਫ਼ਸਰਾਂ ਵੱਲੋਂ ਸੁਨੇਹੇ ਪ੍ਰਾਪਤ ਹੋਏ ਸਨ ਕਿ ਨਹਿਰੀ ਪਾਣੀ ਦੀ ਸਪਲਾਈ ਨਾ ਲਈ ਜਾਵੇ ਜਿਸ ਕਰਕੇ ਸਪਲਾਈ ਲੈਣੀ ਬੰਦ ਕਰ ਦਿੱਤੀ ਗਈ ਹੈ। ਖੇਤੀ ਵਿਭਾਗ ਦੇ ਡਾਇਰੈਕਟਰ ਜਸਬੀਰ ਸਿੰਘ ਬੈਂਸ ਨੇ ਕਿਹਾ ਕਿ ਜੇਕਰ ਜ਼ਹਿਰੀਲਾ ਪਾਣੀ ਖੇਤਾਂ ਲਈ ਵਰਤਿਆ ਜਾਂਦਾ ਹੈ ਤਾਂ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਜਿਹੇ ਪਾਣੀ ਤੋਂ ਗੁਰੇਜ਼ ਕਰਨ ਲਈ ਆਖਿਆ ਹੈ।

ਜਲ ਸਪਲਾਈ ਵਿਭਾਗ ਦੀ ਪ੍ਰਬੰਧਕੀ ਸਕੱਤਰ ਜਸਪ੍ਰੀਤ ਤਲਵਾੜ ਨੇ ਕਿਹਾ ਕਿ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਕਾਲੇ ਪਾਣੀ ਵਾਲੀ ਸਪਲਾਈ ਨਾ ਲਈ ਜਾਵੇ। ਜੇਕਰ ਜਲ ਘਰਾਂ ਦੇ ਟੈਂਕਾਂ ਤੱਕ ਥੋੜ੍ਹਾ-ਬਹੁਤਾ ਪਾਣੀ ਪੁੱਜਿਆ ਹੈ ਤਾਂ ਟੈਂਕਾਂ ਨੂੰ ਫੌਰੀ ਸਾਫ਼ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੀਣ ਯੋਗ ਪਾਣੀ ਦੀ ਸਪਲਾਈ ਹੀ ਯਕੀਨੀ ਬਣਾਈ ਜਾਵੇਗੀ।

ਪੰਜਾਬ ਤੋਂ ਇੰਦਰਾ ਨਹਿਰ ਰਾਹੀਂ ਮਰੀਆਂ ਮੱਛੀਆਂ ਅਤੇ ਸੱਪਾਂ ਨਾਲ ਦੂਸ਼ਿਤ ਹੋਇਆ ਪਾਣੀ ਰਾਜਸਥਾਨ ਵਿੱਚ ਦਾਖਲ ਹੋ ਗਿਆ ਹੈ। ਸਥਾਨਕ ਪ੍ਰਸ਼ਾਸਨ ਨੇ ਸਾਵਧਾਨੀ ਵਰਤਦਿਆਂ ਪੀਣ ਵਾਲੇ ਪਾਣੀ ਦੀ ਸਪਲਾਈ ਰੋਕ ਦਿੱਤੀ ਹੈ। ਸ੍ਰੀਗੰਗਾਨਗਰ ਦੇ ਜਨ ਸਿਹਤ ਅਤੇ ਇੰਜਨੀਅਰਿੰਗ ਵਿਭਾਗ(ਪੀਐਚਈਡੀ) ਦੇ ਸੁਪਰਡੈਂਟ ਇੰਜਨੀਅਰ ਵਿਨੋਦ ਜੈਨ ਨੇ ਦੱਸਿਆ ਕਿ ਨਹਿਰ ਦਾ ਪਾਣੀ ਕਾਲਾ ਅਤੇ ਲਾਲ ਰੰਗ ਦਾ ਹੋ ਗਿਆ ਹੈ ਤੇ ਇਸ ਵਿੱਚੋਂ ਬਦਬੂ ਆਉਂਦੀ ਹੈ। ਪਾਣੀ 'ਚ ਮਰੀਆਂ ਮੱਛੀਆਂ ਅਤੇ ਸੱਪ ਦਿਖਾਈ ਦਿੱਤੇ ਹਨ ਜਿਸ ਕਾਰਨ ਸਟੋਰੇਜ ਟੈਂਕ ਨੂੰ ਪਾਣੀ ਦੀ ਸਪਲਾਈ ਰੋਕ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਭਾਗ ਨੇ ਪਹਿਲਾਂ ਹੀ ਪੀਣ ਵਾਲੇ ਪਾਣੀ ਨੂੰ ਸਟੋਰ ਕੀਤਾ ਹੋਇਆ ਹੈ ਅਤੇ ਅਗਲੇ ਕੁਝ ਦਿਨ ਇਹ ਪਾਣੀ ਸਪਲਾਈ ਕੀਤਾ ਜਾਵੇਗਾ। ਪਾਣੀ ਦੇ ਨਮੂਨੇ ਲਏ ਗਏ ਹਨ। ਸ੍ਰੀਗੰਗਾਨਗਰ ਜ਼ਿਲ੍ਹੇ ਦੀ ਰੋਜ਼ਾਨਾ ਪਾਣੀ ਦੀ ਸਪਲਾਈ 50 ਹਜ਼ਾਰ ਕਿਲੋ ਲਿਟਰ ਹੈ। ਪੀਐਚਈਡੀ ਦੇ ਵਧੀਕ ਚੀਫ਼ ਇੰਜਨੀਅਰ ਬੀ ਕ੍ਰਿਸ਼ਨਨ ਨੇ ਦੱਸਿਆ ਕਿ ਬੀਕਾਨੇਰ ਵਿੱਚ ਵੀ ਹਾਲ ਦੀ ਘੜੀ ਨਹਿਰ ਵਿਚੋਂ ਪਾਣੀ ਦੀ ਸਪਲਾਈ ਰੋਕ ਦਿੱਤੀ ਗਈ ਹੈ। ਉਨ੍ਹਾਂ ਕਿਹਾ, ਕਿ ਸਾਡੇ ਕੋਲ ਤਾਜ਼ਾ ਪਾਣੀ ਸਟੋਰ ਹੈ। ਆਗਾਮੀ ਕੁਝ ਦਿਨ ਵਿੱਚ ਹਾਲਾਤ ਵਿੱਚ ਸੁਧਾਰ ਹੋਣ ਦੀ ਸੰਭਾਵਨਾ ਹੈ। ਗੌਰਤਲਬ ਹੈ ਕਿ ਬਿਆਸ ਦਰਿਆ ਵਿੱਚ ਸੀਰਾ ਮਿਲਣ ਕਾਰਨ ਕਾਲਾ ਹੋਇਆ ਪਾਣੀ ਨਹਿਰਾਂ ਵਿੱਚ ਵਗ ਰਿਹਾ ਹੈ। ਰਾਜਸਥਾਨ ਤੇ ਸਰਹਿੰਦ ਨਹਿਰਾਂ ਰਾਹੀਂ ਇਹ ਜ਼ਹਿਰੀਲਾ ਪਾਣੀ ਹੁਣ ਲੋਕਾਂ ਦੇ ਘਰਾਂ ਤੱਕ ਅੱਪੜ ਗਿਆ ਹੈ। ਪ੍ਰਸ਼ਾਸਨ ਤੇ ਜਲ-ਸਪਲਾਈ ਵਿਭਾਗ ਵੱਲੋਂ ਇਕੱਤਰ ਪਾਣੀ ਦੇ ਨਮੂਨਿਆਂ ਦੇ ਜਾਂਚ ਨਤੀਜੇ ਆਉਣ ਤੱਕ ਲੋਕਾਂ ਨੂੰ ਇਹ ਪਾਣੀ ਨਾ ਵਰਤਣ ਦੀ ਸਲਾਹ ਦਿੱਤੀ ਗਈ ਹੈ। ਇਸ ਮਾਮਲੇ 'ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਕੀਤੀ ਤੇ ਸਰਕਾਰ 'ਤੇ ਅਣਗਹਿਲੀ ਦੇ ਦੋਸ਼ ਲਾਏ।

ਪੰਜਾਬ ਦੇ ਦੱਖਣੀ ਹਿੱਸੇ ਦੀ ਵੱਡੀ ਆਬਾਦੀ ਇਨ੍ਹਾਂ ਨਹਿਰਾਂ ਦੇ ਪਾਣੀ ਨੂੰ ਹੀ ਵਰਤਦੀ ਹੈ। ਜਲ-ਸਪਲਾਈ ਵਿਭਾਗ ਨੇ ਨਹਿਰਾਂ ਤੋਂ ਪਾਣੀ ਦੀ ਸਪਲਾਈ ਲੈਣੀ ਬੰਦ ਕਰ ਦਿੱਤੀ ਹੈ ਅਤੇ ਜਲ-ਸਪਲਾਈ ਵਿਭਾਗ ਵੱਲੋਂ ਜਮ੍ਹਾਂ ਕੀਤਾ ਪਾਣੀ ਦਾ ਕੋਟਾ ਖਤਮ ਹੋ ਗਿਆ ਹੈ । ਜਲ-ਸਪਲਾਈ ਵਿਭਾਗ ਦੇ ਇੰਜਨੀਅਰ ਚੰਦਰ ਕੁਮਾਰ ਨੇ ਕਿਹਾ ਕਿ ਪਾਣੀ ਦੇ ਨਮੂਨਿਆਂ ਦਾ ਨਤੀਜਾ ਆਉਣ ਤੋਂ ਬਾਅਦ ਪਾਣੀ ਦੀ ਵਰਤੋਂ ਬਾਰੇ ਫ਼ੈਸਲਾ ਕੀਤਾ ਜਾਵੇਗਾ। ਸ਼ਰਾਬ ਫੈਕਟਰੀ ਦੀ ਰਹਿੰਦ-ਖੂੰਹਦ ਦਰਿਆਵਾਂ ਵਿੱਚ ਸੁੱਟੇ ਜਾਣ ਨਾਲ ਰਾਜਸਥਾਨ ਤੇ ਸਰਹਿੰਦ ਫੀਡਰ ਵਿੱਚ ਮਰੀਆਂ ਹੋਈਆਂ ਮੱਛੀਆਂ ਪਿਛਲੇ ਦੋ ਦਿਨਾਂ ਤੋਂ ਵਹਿ ਰਹੀਆਂ ਹਨ।

## ਨਰਾਇਣ ਦਾਸ ਵੱਲੋਂ ਮੰਗੀ ਮੁਆਫੀ ਦਾ ਫੈਸਲਾ ਸਿੱਖ ਪੰਥ ਦੀਆਂ ਭਾਵਨਾਵਾਂ ਮੁਤਾਬਕ ਹੋਵੇ

ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ, ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਵਿਸ਼ੇਸ਼ ਧਰਮੀ-ਪੁਰਖ ਨੂੰ ਬਿਨਾਂ ਖੂਨ ਡੋਲ੍ਹੇ ਮਾਰਿਆ ਜਾਂਦਾ ਸੀ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾ ਪੈਦਾ ਹੋ ਜਾਣ) ਸੋ ਇਸ ਤਰੀਕੇ ਨਾਲ 30 ਮਈ ਸੰਨ 1606 ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। (ਦੇਖੋ ਤੁਜ਼ਕਿ-ਜਹਾਂਗੀਰੀ ਪੰਨਾ 35)।

ਹੁਣ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਗਵਾਹ ਜਹਾਂਗੀਰ ਦਾ ਇਤਿਹਾਸਕ ਪ੍ਰਮਾਣ ਵੀ ਹੈ ਪਰ ਇਹ ਸਾਧ ਕਿਹੜੇ ਆਪਣੇ ਝੂਠੇ ਸ਼ਾਸਤਰਾਂ ਦੀਆਂ ਦਲੀਲਾਂ ਦੇ ਰਿਹਾ ਹੈ, ਜਿਸ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਇਹ ਝੂਠ ਦੇ ਕੂੜ ਦਾ ਇਤਿਹਾਸ ਦਰਜ ਹੈ ਕਿ ਗੁਰੂ ਸਾਹਿਬ ਨੇ ਭਗਤਾਂ ਦੀ ਬਾਣੀ ਨੂੰ ਤਰੋੜਿਆ ਮਰੋੜਿਆ, ਮੌਲਿਕਤਾ ਨੂੰ ਖਤਮ ਕੀਤਾ, ਜਿਸ ਕਰਕੇ ਭਗਤਾਂ ਨੇ ਬੈਕੁੰਠ ਵਿਚ ਬੈਠ ਕੇ ਗੁਰੂ ਅਰਜਨ ਦੇਵ ਨੂੰ ਸਰਾਪ ਦਿੱਤਾ ਤੇ ਜਿਸ ਕਰਕੇ ਗੁਰੂ ਸਾਹਿਬ ਨੂੰ ਤੱਤੀ ਤਵੀ ਤੇ ਬੈਠਣਾ ਪਿਆ ਅਤੇ ਸਿਰ ਵਿਚ ਗਰਮ ਰੇਤ ਪੁਆਉਣੀ ਪਈ।

ਆਰਐਸਐਸ ਵਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜ ਦਿਨਾਂ ਦੇ ਤਸੀਹੇ ਤੋਂ ਬਾਅਦ ਗੁਰੂ ਜੀ ਨੂੰ ਗਊ ਦੀ ਖੱਲ੍ਹ ਵਿਚ ਮੜ੍ਹ ਦੇਣ ਦੀ ਧਮਕੀ ਦਿੱਤੀ ਗਈ ਤਾਂ ਗੁਰੂ ਜੀ ਨੇ ਰਾਵੀ ਵਿਚ ਇਸ਼ਨਾਨ ਕਰਨ ਦੀ ਆਗਿਆ ਮੰਗੀ ਤੇ ਆਖਰੀ ਇਸ਼ਨਾਨ ਰਾਵੀ ਵਿਚ ਕੀਤਾ ਅਤੇ ਮੁੜ ਬਾਹਰ ਨਾ ਆਏ। ਇਹੋ ਜਿਹਾ ਇਤਿਹਾਸ ਹੁਣ ਨਾਗਪੁਰ ਕੇਂਦਰ ਰਾਹੀਂ ਪ੍ਰਚਾਰਿਆ ਜਾ ਰਿਹਾ ਹੈ। ਸੱਚ ਤਾਂ ਇਹ ਹੈ ਕਿ ਗੁਰੂ ਸਾਹਿਬ ਨੂੰ ਤਸੀਹੇ ਦੇਣ ਦੇ ਲਈ ਹੀ ਰਾਵੀ ਦੇ ਠੰਡੇ ਪਾਣੀ ਵਿਚ ਮੁਗਲ ਹਕੂਮਤ ਵਲੋਂ ਲਿਜਾਇਆ ਗਿਆ, ਜਿਸ ਦੇ ਨਤੀਜੇ ਵਜੋਂ ਗੁਰੂ ਸਾਹਿਬ ਨੇ ਸੁਆਸ ਤਿਆਗ ਦਿੱਤੇ।

ਇਹ ਹਮਲਾ ਭਗਵੇਂ ਰਾਸ਼ਟਰਵਾਦੀਆਂ ਦਾ ਹਮਲਾ ਹੈ। ਇਹੋ ਜਿਹੇ ਹਮਲੇ ਲਗਾਤਾਰ ਜਾਰੀ ਰਹਿਣਗੇ। ਕਾਰਨ ਇਹੀ ਹੈ ਕਿ ਸਿੱਖ ਪੰਥ ਆਪਣੇ ਵਿਰਸੇ, ਸਭਿਆਚਾਰ, ਸਭਿਅਤਾ, ਵਿਚਾਰਧਾਰਾ, ਸਾਹਿਤ, ਇਤਿਹਾਸ ਬਾਰੇ ਸਪੱਸ਼ਟ ਨਹੀਂ ਹੈ। ਉਸ ਦੇ ਇਤਿਹਾਸ ਵਿਚ ਬਹੁਤ ਕੁਝ ਅਜਿਹਾ ਰਲਾ ਦਿੱਤਾ ਗਿਆ ਹੈ, ਜੋ ਕਿ ਗੁਰੂ ਸਿਧਾਂਤਾਂ ਦੇ ਉਲਟ ਬ੍ਰਾਹਮਣਵਾਦੀਆਂ ਦੀ ਘਾੜਤ ਹੈ। ਜੇਕਰ ਅਜਿਹਾ ਸਾਹਿਤ ਸਿੱਖ ਧਰਮ ਉਪਰ ਲੱਦਿਆ ਜਾਵੇਗਾ ਤਾਂ ਉਸ ਦੇ ਨਤੀਜੇ ਅਜਿਹੇ ਹੀ ਨਿਕਲਣਗੇ ਤੇ ਇਹੋ ਜਿਹੇ ਨਾਗਪੁਰੀ ਸਾਧ ਪੁਠੀਆਂ ਸਿੱਧੀਆਂ ਹਰਕਤਾਂ ਨਾਲ ਸਿੱਖ ਪੰਥ ਨੂੰ ਖੁਆਰ ਕਰਦੇ ਰਹਿਣਗੇ ਤੇ ਇਨ੍ਹਾਂ ਗੱਲਾਂ ਦਾ ਜੁਆਬ ਸਿੱਖ ਪੰਥ ਕੋਲ ਨਹੀਂ ਹੋਵੇਗਾ। ਇਸ ਲਈ ਲੋੜ ਹੈ ਕਿ ਜੋ ਸਿੱਖ ਧਰਮ ਉੱਪਰ ਕੂੜ ਸਾਹਿਤ ਤੇ ਇਤਿਹਾਸ ਲੱਦ ਦਿੱਤਾ ਗਿਆ ਹੈ, ਉਸ ਨੂੰ ਰੱਦ ਕੀਤਾ ਜਾਵੇ ਤੇ ਨਵੇਂ ਸਿਰਿਓਂ ਲਿਖਵਾਇਆ ਜਾਵੇ। ਜਿੰਨਾ ਚਿਰ ਤੱਕ ਸਿੱਖ ਪੰਥ ਗੁਰੂ ਨਾਨਕ ਦੇ ਮਿਸ਼ਨ 'ਤੇ ਚਲਦਿਆਂ ਕਰਮਕਾਂਡਾਂ , ਵਰਨ ਆਸ਼ਰਮ ਤੇ ਜਾਤ-ਪਾਤ ਤੋਂ ਰਹਿਤ ਸਮਾਜ ਸਿਰਜਣ ਵਲ ਆਪਣਾ ਅਮਲੀ ਰੂਪ ਨਹੀਂ ਦਿਖਾਉਂਦਾ,ਓਨਾ ਚਿਰ ਤੱਕ ਭਗਵੇਂਵਾਦੀ ਹਮਲਾਵਰਾਂ ਨੂੰ ਠੱਲ੍ਹ ਨਹੀਂ ਪੈਣੀ।

ਇਹ ਅਸੀਂ ਯਕੀਨ ਨਾਲ ਕਹਿੰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਨਾਲ ਗੁਰੂ ਅਰਜਨ ਦੇਵ ਜੀ ਨੇ ਭਾਰਤੀ ਧਰਮ ਸਾਹਿਤ ਨੂੰ ਇਕੱਤਰ ਕਰਕੇ ਭਾਰਤ ਵਿਚ ਸੰਪਾਦਨ ਕਲਾ ਦੇ ਖੇਤਰ ਵਿਚ ਵਿਕਾਸ ਦਾ ਇੱਕ ਅਹਿਮ ਕੰਮ ਕੀਤਾ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਇੱਕ ਅਦੁੱਤੀ ਧਾਰਮਿਕ ਸੰਸਥਾ ਦੀ ਨੀਂਹ ਰੱਖੀ। ਅਜਿਹਾ ਕਰਕੇ ਉਹਨਾਂ ਨੇ ਸਿੱਖ ਧਰਮ ਨੂੰ ਅਦਭੁਤ ਗੌਰਵ ਅਤੇ ਮਾਣ ਦਾ ਅਹਿਸਾਸ ਕਰਾਇਆ, ਕਿਉਂਕਿ ਇਹ ਇੱਕ ਪ੍ਰਮਾਣਿਕ ਸੱਚ ਹੈ ਕਿ ਜਿਸ ਧਰਮ ਕੋਲ ਆਪਣੀ ਭਾਸ਼ਾ ਅਤੇ ਆਪਣਾ ਗ੍ਰੰਥ ਹੋਵੇ ਉਹ ਧਰਮ ਕਦੇ ਸਮਾਪਤ ਨਹੀਂ ਹੋ ਸਕਦਾ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜੋ ਸੌਦਾ ਸਾਧ ਨੇ ਮਾਫੀ ਮੰਗਣ ਦੇ ਸਾਜ਼ਿਸ਼ੀ ਤੇ ਸਿੱਖ ਪੰਥ ਨੂੰ ਜ਼ਲੀਲ ਕਰਨ ਦੇ ਢੰਗ ਵਰਤੇ ਸਨ, ਉਹੀ ਕਾਂਡ ਇਸ ਸਾਧ ਰਾਹੀਂ ਦੁਹਰਾਇਆ ਜਾ ਰਿਹਾ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਇਸ ਨਰੈਣੂ ਸਾਧ ਦੀ ਮਾਫ਼ੀ ਦਾ ਮਾਮਲਾ ਸਿੱਖ ਪੰਥ ਉੱਪਰ ਛੱਡ ਦਿੱਤਾ ਜਾਣਾ ਚਾਹੀਦਾ ਹੈ, ਕਿਉਂਕਿ ਗੁਰੂ ਪੰਥ ਅਕਾਲ ਤਖ਼ਤ ਦੇ ਜਥੇਦਾਰ ਤੋਂ ਵੀ ਸੁਪਰੀਮ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਤੇ ਸੰਗਤ ਨੂੰ 21 ਵਿਸਵੇ ਤੇ ਆਪਣਾ ਰੂਪ ਕਿਹਾ ਸੀ।

ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਨਰਾਇਣ ਦਾਸ ਵੱਲੋਂ ਪੰਜਵੇਂ ਪਾਤਸ਼ਾਹ ਜੀ 'ਤੇ ਭਗਤ ਸਾਹਿਬਾਨ ਦੀ ਬਾਣੀ ਬਦਲਣ ਦਾ ਦੋਸ਼ ਗੁਰੂ ਸਾਹਿਬ ਅਤੇ ਗੁਰਬਾਣੀ ਦੀ ਤੌਹੀਨ ਹੈ, ਜਿਸ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਬੜੀ ਵੱਡੀ ਠੇਸ ਪਹੁੰਚੀ ਹੈ। ਸਾਧ ਨਰਾਇਣ ਦਾਸ ਵਰਗੇ ਲੋਕ ਮਨੁੱਖਤਾ ਨੂੰ ਵੰਡਣ ਲਈ ਚਾਲਾਂ ਚੱਲ ਰਹੇ ਹਨ। ਨਰਾਇਣ ਦਾਸ ਵੱਲੋਂ ਜਾਣ-ਬੁਝ ਕੇ ਕੀਤੀ ਗਈ ਇਸ ਕੋਝੀ ਹਰਕਤ ਨਾਲ ਸਮਾਜਿਕ ਅਤੇ ਫਿਰਕੂ ਤਣਾਅ ਵਧਣ ਅਤੇ ਅਮਨ-ਸ਼ਾਂਤੀ ਭੰਗ ਹੋਣ ਦਾ ਵੀ ਖ਼ਤਰਾ ਬਣਿਆ ਹੈ। ਪੰਜਾਬ ਸਰਕਾਰ ਤੋਂ ਮੰਗ ਕੀਤੀ ਜਾਂਦੀ ਕਿ ਇਸ ਵਿਅਕਤੀ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਸਖ਼ਤ ਸਜ਼ਾ ਦਿੱਤੀ ਜਾਵੇ।

ਸ਼ੋਸ਼ਲ ਮੀਡੀਆ 'ਚ ਜਾਗਰੂਕ ਸਿੱਖ ਨੌਜਵਾਨਾਂ ਤੇ ਪੰਥ ਚਿੰਤਕਾਂ ਦੀ ਇਹ ਸਾਂਝੀ ਰਾਏ ਸੀ ਕਿ ਕੁਝ ਲੋਕਾਂ ਨੇ ਤਾਂ ਇਹ ਧੰਦਾ ਹੀ ਬਣਾ ਲਿਆ ਹੈ ਕਿ ਪਹਿਲਾਂ ਸਿੱਖ ਗੁਰੂ ਸਾਹਿਬਾਨ, ਸਿੱਖ ਸਿਧਾਤਾਂ ਤੇ ਗੁਰਬਾਣੀ ਪ੍ਰਤੀ ਬੇ ਸਿਰ-ਪੈਰ ਟਿਪਣੀਆਂ ਕਰਨੀਆਂ, ਸਿੱਖਾਂ ਦੇ ਹਿਰਦੇ ਵਲੂੰਧਰਣੇ ਤੇ ਫਿਰ ਹੌਲੀ ਜਿਹੀ ਕੋਈ ਨਾਮ ਨਿਹਾਦ ਪੱਤਰ ਜਾਂ ਆਡੀਓ -ਵੀਡੀਓ ਜਾਰੀ ਕਰਕੇ ਕੀਤੇ ਦੀ ਮੁਆਫੀ ਮੰਗ ਲੈਣੀ। ਸ਼ੋਸ਼ਲ ਮੀਡੀਆ ਤੇ ਬਹੁਤਾਤ ਟਿੱਪਣੀਆਂ ਇਹੀ ਸੰਕੇਤ ਕਰ ਰਹੀਆਂ ਸਨ ਕਿ ਸਿੱਖ ਗੁਰੂ ਸਾਹਿਬਾਨ, ਸਿਧਾਂਤਾਂ ਤੇ ਗੁਰਬਾਣੀ ਤੇ ਨਿਸ਼ਾਨਾ ਸਾਧਣ ਵਾਲੇ ਨਰਾਇਣ ਦਾਸ ਬਾਰੇ ਇਕ ਵਾਰ ਆਰ ਪਾਰ ਦਾ ਫੈਸਲਾ ਹੋ ਹੀ ਜਾਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਕੋਈ ਹੋਰ ਸਿਰ ਫਿਰਿਆ ਸ਼ਖਸ਼ ਅਜਿਹੀ ਗਲਤੀ ਨਾ ਦੁਹਰਾਵੇ। ਕੁਝ ਰਾਵਾਂ ਤਾਂ ਇਹ ਵੀ ਸਨ ਕਿ ਅਜਿਹੇ ਆਪ ਮੁਹਾਰੇ ਤੇ ਬੇਲਗਾਮ ਸ਼ਖਸ਼ ਲਈ ਸਜ਼ਾ ਸਿੱਖ ਪਰੰਪਰਾਵਾਂ ਅਨੁਸਾਰ ਹੋਵੇ।

ਇੰਗਲੈਂਡ ਤੋਂ ਪ੍ਰਸਿੱਧ ਸਾਹਿਤਕਾਰ ਸੰਤੋਖ ਭੁੱਲਰ ਦਾ ਕਹਿਣਾ ਹੈ ਕਿ ਇਸ ਪਾਖੰਡੀ ਸਾਧ ਦੇ ਛਿਤਰ ਲਾਓ ਹੋਰ ਕੋਈ ਗੱਲ ਨਹੀਂ ਕਰਨੀ।

ਕੈਨੇਡਾ ਤੋਂ ਲੇਖਕ ਸੁਖਦੇਵ ਲਹਿਲ ਦਾ ਕਹਿਣਾ ਹੈ ਕਿ ਇਸ ਸਵਾਲ ਦੇ ਪਿੱਛੇ ਹਿੰਦੂਤਵ ਦੈਂਤ ਖੜ੍ਹਾ ਹੈ। ਨਰਾਇਣ ਦਾਸ ਦੀ ਸਿਰਫ ਜੁਬਾਨ ਵਰਤੀ ਗਈ ਹੈ। ਉਹ ਸਿੱਖਾਂ ਨੂੰ ਨਿਰਉੱਤਰ ਕਰਨਾ ਚਾਹੁੰਦੇ ਹਨ। ਸੋ ਸੋਚ ਸਮਝ ਕੇ ਸਹੀ ਜਵਾਬ ਦੇਣਾ ਬਣਦਾ ਹੈ। ਦੇਖੋ ਉਹ ਮੁਆਫੀ ਮੰਗ ਗਿਆ ਪਰ ਉਸ ਦਾ ਸਵਾਲ ਉੱਥੇ ਦਾ ਉੱਥੇ ਖੜ੍ਹਾ ਹੈ। ਉਹ ਕਹਿ ਰਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਵਿਚਲੀ ਭਗਤ ਬਾਣੀ ਮੌਲਿਕ ਨਹੀਂ।

ਮਨਜੀਤ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਪੰਜਾਬ ਚ 20 19 ਦੀਆਂ ਵੋਟਾਂ ਲਈ ਫਿਰਕੂ ਪੱਤਾ ਖੇਡ ਰਹੀ ਹੈਂ।

ਜਸਵਿੰਦਰ ਜੱਸੀ ਦਾ ਕਹਿਣਾ ਹੈ ਕਿ ਨਰੈਣੂ ਕੋਈ ਸੰਤ ਨਹੀਂ ਤੇ ਨਾ ਹੀ ਇਹ ਬੋਲੀ ਤੋਂ ਪੰਜਾਬੀ ਲਗਦਾ। ਇਹ ਲੋਕ ਸਿੱਖਾਂ ਦੇ ਚੂੰਡੀ ਵੱਢ ਕੇ ਇਹ ਵੇਖਦੇ ਕਿ ਸਿੱਖ ਕਿੰਨਾ ਕੁ ਬਰਦਾਸ਼ਤ ਕਰਦੇ ਹਨ ਜੇ ਨਹੀਂ ਤਾਂ ਮਾਫੀ ਮੰਗ ਲੌਂ।

ਅਮਰੀਕਾ ਦੇ ਪ੍ਰਸਿੱਧ ਸਾਹਿਤਕਾਰ ਮੁਹਿੰਦਰ ਸਿੰਘ ਘੱਗ ਦਾ ਕਹਿਣਾ ਹੈ ਕਿ ਪਾਖੰਡੀ ਸਾਧ ਨਰਾਇਣ ਦਾਸ ਆਪਣੇ ਬਿਆਨਾਂ ਨਾਲ ਖਾਲਸਾ ਪੰਥ ਅਤੇ ਬਹੁਜਨ ਸਮਾਜ ਵਿਚਕਾਰ ਇਕ ਬਹੁਤ ਵੱਡਾ ਵੈਜ ਠੋਕ ਕੇ ਗਿਆ । ਉਸ ਵਲੋਂ ਮੰਗੀਆਂ ਮਾਫੀਆਂ ਨੂੰ ਦਰਕਿਨਾਰ ਕਰਕੇ ਜੇ ਕੋਈ ਕਾਨੂੰਨੀ ਚਾਰਾ ਜੋਈ ਹੁੰਦੀ ਹੈ ਤਾਂ ਕਰਨੀ ਚਾਹੀਦੀ ਹੈ। ਇਹ ਕੰਮ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪਾਸ ਚੋਟੀ ਦੇ ਵਕੀਲ ਹਨ। ਦੂਸਰਾ ਜੇ ਹੋ ਸਕੇ ਤਾਂ ਬਹੁਜਨ ਸਮਾਜ ਦੇ ਆਗੂਆਂ ਤੋਂ ਵੀ ਸਾਧ ਦੇ ਖਿਲਾਫ ਬਿਆਨ ਦਵਾਓ। ਤੁਹਾਡੀਆਂ ਕਹੀਆਂ ਗੱਲਾ ਨਾਲੋਂ ਦੁਗਣਾ ਅਸਰ ਹੋਵੇਗਾ। ਪ੍ਰਦੀਪ ਸਿੰਘ ਦਾ ਕਹਿਣਾ ਹੈ ਕਿ ਉਸ ਸਾਧ ਨੇ ਕੋਈ ਗ਼ਲਤੀ ਨਹੀਂ ਸਗੋਂ ਸੋਚ ਸਮਝ ਕੇ ਸਾਜ਼ਿਸ਼ ਤਹਿਤ ਗੁਨਾਹ ਕੀਤਾ ਹੈ। ਹੁਣ ਉਹ ਸ਼ਰਨ ਨਹੀਂ ਆਇਆ ਸਗੋਂ ਆਪਣੀ ਚਮੜੀ ਬਚਾਉਣ ਲਈ ਢੌਂਗ ਕਰ ਰਿਹਾ ਹੈ। ਡੇਰਾ ਸਿਰਸਾ ਦੇ ਗੁਰੂ ਨਿੰਦਕ ਤੇ ਬਲਾਤਕਾਰੀ ਸੌਦਾ ਸਾਧ ਨੂੰ ਮੁਆਫ ਕਰਨ ਜਿਹੇ ਪੰਥ ਵਿਰੋਧੀ ਫੈਸਲੇ ਸਾਹਮਣੇ ਆਏ। ਇਹ ਵੀ ਜ਼ੋਰ ਦੇ ਕੇ ਕਿਹਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਨਿਰਾਦਰ ਦਾ ਮਾਮਲਾ ਹੋਵੇ ਜਾਂ ਫਿਲਮ ਨਾਨਕਸ਼ਾਹ ਫਕੀਰ ਦੀ ਤਿਆਰੀ ਤੇ ਰਿਲੀਜ ਦਾ, ਤਖਤਾਂ ਉਤੇ ਆਸੀਨ ਸਿਆਸੀ ਮਾਲਕਾਂ ਦੇ ਵਫਾਦਾਰ ਜਥੇਦਾਰਾਂ ਨੇ ਕੌਮ ਦੇ ਹੱਕ ਵਿੱਚ ਭੁਗਤਣ ਦੀ ਕੋਸ਼ਿਸ਼ ਨਹੀ ਕੀਤੀ ਬਲਕਿ ਇੱਕ ਧਿਰ ਬਣੇ ਰਹਿਣ ਤੀਕ ਸੀਮਤ ਰਹੇ। ਕੌਮ ਨੇ ਪਿਛਲੇ ਢਾਈ ਸਾਲਾਂ ਦੌਰਾਨ ਜਿੰਨੇ ਵੀ ਮੋਰਚੇ ਫਤਿਹ ਕੀਤੇ ਹਨ ਉਹ ਆਪਣੀ ਏਕਤਾ ਇੱਕਜੁਟਤਾ ਤੇ ਪੰਥ ਪ੍ਰਸਤੀ ਤੇ ਗੁਰੂ ਸਿਧਾਂਤ ਨੂੰ ਸਮਰਪਣ ਭਾਵਨਾ ਨਾਲ ਕੀਤੇ ਹਨ। ਇਸ ਲਈ ਨਰਾਇਣ ਦਾਸ ਦੇ ਭਵਿੱਖ ਦਾ ਫੈਸਲਾ ਕਰਨ ਦਾ ਅਧਿਕਾਰ ਸਿੱਧੇ ਤੌਰ ਤੇ ਹੀ ਖਾਲਸਾ ਪੰਥ ਪਾਸ ਹੈ।

## ਅਕਾਲ ਤਖਤ ਵੱਲੋਂ ਸਿੱਖ ਸੈਂਸਰ ਬੋਰਡ ਦਾ ਗਠਨ

ਹਰਦੀਪ ਸਿੰਘ ਮੁਹਾਲੀ, ਬੀਬੀ ਕਿਰਨਜੋਤ ਕੌਰ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ, ਦਿੱਲੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ, ਦਮਦਮੀ ਟਕਸਾਲ ਵਲੋਂ ਗਿਆਨੀ ਪਰਮਿੰਦਰ ਸਿੰਘ, ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ, ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਵਲੋਂ ਗਿਆਨੀ ਰੇਸ਼ਮ ਸਿੰਘ, ਬਾਬਾ ਨਾਗਰ ਸਿੰਘ ਚੱਬੇਵਾਲ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੋਂ ਪ੍ਰਤਾਪ ਸਿੰਘ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਲੁਧਿਆਣਾ ਤੋਂ ਪ੍ਰਿਤਪਾਲ ਸਿੰਘ, ਡਾ. ਬਲਕਾਰ ਸਿੰਘ ਪਟਿਆਲਾ, ਡਾ. ਇੰਦਰਜੀਤ ਸਿੰਘ ਗੋਗੋਆਣੀ, ਪ੍ਰੋ. ਅਮਰਜੀਤ ਸਿੰਘ (ਦੋਵੇਂ) ਅੰਮ੍ਰਿਤਸਰ, ਡਾ. ਗੁਰਮੀਤ ਸਿੰਘ ਸਿੱਧੂ ਪੰਜਾਬੀ ਯੂਨੀਵਰਸਿਟੀ, ਪ੍ਰੋ. ਸਰਬਜੀਤ ਸਿੰਘ ਖੇਤੀਬਾੜੀ ਯੂਨੀਵਰਸਿਟੀ, ਡਾ. ਸਰਬਜਿੰਦਰ ਸਿੰਘ ਲੁਧਿਆਣਾ, ਡਾ. ਹਰਪਾਲ ਸਿੰਘ ਪੰਨੂੰ ਅਤੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਸ਼ਾਮਲ ਹਨ।

# Classified


## ਲੜਕੀ ਦੀ ਲੋੜ

ਖੱਤਰੀ ਲੜਕਾ ਗਰੀਨ ਕਾਰਡ ਹੋਲਡਰ, ਉਮਰ 38 ਸਾਲ, ਕੱਦ 5 ਫੁੱਟ 9 ਇੰਚ ਲਈ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ।

ਸੰਪਰਕ : 818-818-1705

ਈਮੇਲ : harishpuri2005@gmail.com

**For Classified Contact**

**510.240.5949**


## ਇਕ ਸਦੀ ਮਗਰੋਂ ਵਤਨ ਪੁੱਜੀ ਪੰਜਾਬੀ ਯੋਧਿਆਂ ਦੀ ਆਵਾਜ਼

ਬਾਰੇ ਵੀ ਜਾਣਨ ਦੀ ਲੋੜ ਹੈ।" ਮੱਲ ਸਿੰਘ ਦੀ ਆਵਾਜ਼ ਮੋਗਾ ਵਿੱਚ ਉਨ੍ਹਾਂ ਦੇ ਪਰਿਵਾਰ ਤੱਕ ਪਹੁੰਚ ਗਈ ਸੀ। ਕਰਨਲ ਰੰਧਾਵਾ ਮਹਿਸੂਸ ਕਰਦੇ ਹਨ ਕਿ ਹੋਰ ਸਿਪਾਹੀਆਂ ਦੀਆਂ ਆਵਾਜ਼ਾਂ ਵੀ ਉਨ੍ਹਾਂ ਦੇ ਪਿਆਰਿਆਂ ਤੱਕ ਪੁੱਜਣੀਆਂ ਚਾਹੀਦੀਆਂ ਹਨ। ਉਨ੍ਹਾਂ ਤੱਕ ਵੀ ਜੋ ਅੱਜ ਪਾਕਿਸਤਾਨ ਵਿੱਚ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿਪਾਹੀ ਘਰ ਪਰਤੇ ਸਨ ਜਾਂ ਨਹੀਂ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਮਾਹਰਾਂ ਮੁਤਾਬਕ ਜੰਗੀ ਕੈਦੀਆਂ ਦੀਆਂ ਭਾਸ਼ਾਵਾਂ ਰਿਕਾਰਡ ਕਰਨ ਲਈ 1915 ਵਿੱਚ ਰੌਇਲ ਪ੍ਰਸ਼ੀਅਨ ਫੋਨੋਗ੍ਰਾਫਿਕ ਕਮਿਸ਼ਨ ਦੀ ਸਥਾਪਨਾ ਹੋਈ। ਇਸ ਪ੍ਰਾਜੈਕਟ ਵਿੱਚ 30 ਦੇ ਕਰੀਬ ਵਿਗਿਆਨੀ ਸਨ। ਭਾਸ਼ਾ ਵਿਗਿਆਨ, ਸੰਗੀਤ ਸ਼ਾਸਤਰ ਅਤੇ ਮਾਨਵ ਸ਼ਾਸਤਰ ਖੇਤਰ ਦੇ ਮਾਹਰਾਂ ਦੇ ਕਮਿਸ਼ਨ ਨੇ ਜੰਗੀ ਕੈਦੀਆਂ ਵੱਲੋਂ ਬੋਲੀਆਂ ਵੱਖ-ਵੱਖ ਭਾਸ਼ਾਵਾਂ ਨੂੰ ਰਿਕਾਰਡ ਕੀਤਾ। ਭਾਸ਼ਾ ਵਿਗਿਆਨੀ ਵਿਲਹੈਲਮ ਡੋਜਨ ਦੀ ਅਗਵਾਈ ਵਿੱਚ 1650 ਰਿਕਾਰਡਿੰਗਜ਼ ਹੋਈਆਂ। ਉਨ੍ਹਾਂ ਕੈਦੀਆਂ ਤੋਂ ਉਨ੍ਹਾਂ ਦੇ ਰਵਾਇਤੀ ਗੀਤਾਂ ਅਤੇ ਗ੍ਰੰਥਾਂ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ। ਮੂਲ ਫਿਕਰੇ ਕੈਦੀਆਂ ਵੱਲੋਂ ਖ਼ੁਦ ਤਿਆਰ ਕੀਤੇ ਗਏ, ਜਿਸ ਵਿੱਚ ਉਨ੍ਹਾਂ ਨੇ ਜਰਮਨੀ ਵਿੱਚ ਜੰਗੀ ਕੈਦੀਆਂ ਦੇ ਕੈਂਪ ਵਿੱਚ ਆਪਣੀ ਹਾਲਤ, ਆਪਣੀਆਂ ਸਵੈ-ਜੀਵਨੀਆਂ ਜਾਂ ਜੰਗ ਦੇ ਸਮੇਂ ਦੇ ਹਾਲਾਤ ਦਾ ਵਰਨਣ ਕੀਤਾ। ਦਸਤਾਵੇਜ਼ਾਂ ਦੇ ਮਾਮਲੇ ਵਿੱਚ ਜਰਮਨ ਬਹੁਤ ਚੇਤੰਨ ਸਨ।

ਹਰੇਕ ਰਿਕਾਰਡਿੰਗ ਦੇ ਨਾਲ-ਨਾਲ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਇੱਕ ਲਿਪੀ ਅਤੇ ਉਸ ਦੀ ਨਕਲ ਮੌਜੂਦ ਹੈ। ਜੰਗੀ ਕੈਦੀਆਂ ਦਾ ਨਿੱਜੀ ਵੇਰਵਾ ਇੱਕ ਸਫ਼ੇ ਉਪਰ ਸਵਾਲ ਦੇ ਰੂਪ ਵਿੱਚ ਅੰਗਰੇਜ਼ੀ ਅਤੇ ਜਰਮਨ ਭਾਸ਼ਾ ਵਿੱਚ ਹੈ। ਇਸ ਵਿੱਚ ਉਨ੍ਹਾਂ ਦੇ ਨਾਮ, ਜਨਮ, ਰੈਜੀਮੈਂਟ, ਧਰਮ, ਭਾਸ਼ਾਵਾਂ ਦੀ ਜਾਣਕਾਰੀ ਅਤੇ ਰਿਕਾਰਡਿੰਗ ਦੀ ਤਰੀਕ ਦਰਜ ਹੈ।

## ਖੋਜੀ ਸਿੱਖ ਤੇ ਪੰਜਾਬੀ ਸਾਹਿਤਕਾਰ ਪ੍ਰੋ. ਪਿਆਰਾ ਸਿੰਘ ਪਦਮ

ਉਤੇ ਕਵੀ ਦਰਬਾਰ ਲਾਉਂਦੇ ਸਨ ਅਤੇ ਉਨ੍ਹਾਂ ਦੇ ਦਰਬਾਰ ਵਿਚ ਬਵੰਜਾ ਕਵੀ ਮੌਜੂਦ ਸਨ। ਪਰ ਇਹਨਾਂ ਨੇ ਆਪਣੀ ਇਸ ਨਵੀਨ ਖੋਜ ਰਾਹੀਂ ਇਹ ਦੱਸਿਆ ਹੈ ਕਿ ਗੁਰੂ ਸਾਹਿਬ ਜੀ ਦੇ ਦਰਬਾਰ ਵਿਚ ਬਵੰਜਾ ਤੋਂ ਕਿਤੇ ਵਧੇਰੇ ਕਵੀ ਆਪਣਾ ਯੋਗਦਾਨ ਪਾਉਂਦੇ ਰਹੇ। ਭਾਵੇਂ ਕਿ ਤੱਥ ਪੂਰਨ ਤੌਰ 'ਤੇ ਸਹੀ ਨਾ ਵੀ ਹੋਣ ਪਰ ਫਿਰ ਵੀ ਇਹ ਖੋਜ ਹੋਰ ਵਧੇਰੇ ਘੋਖ-ਪੜਤਾਲ ਕਰਨ ਦੀ ਦਿਸ਼ਾ ਵੱਲ ਪ੍ਰੇਰਿਤ ਕਰਦੀ ਹੈ।

ਇਸ ਗੱਲ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਪ੍ਰੋ. ਪਦਮ ਨੇ ਸਿੱਖ ਧਰਮ ਅਤੇ ਇਤਿਹਾਸ ਦੇ ਅਣਗੌਲੇ ਪੱਖਾਂ ਤੱਕ ਪਹੁੰਚਣ ਦਾ ਯਤਨ ਕੀਤਾ ਹੈ ਅਤੇ ਉਥੇ ਜੋ ਕੁਝ ਵੀ ਮਿਲ ਸਕਿਆ, ਉਸ ਨੂੰ ਸਿਖ ਸੰਗਤ ਦੇ ਸਨਮੁਖ ਪੇਸ਼ ਕੀਤਾ। ਪਰ ਇਸ ਦੇ ਨਾਲ ਹੀ ਇਹਨਾਂ ਨੇ ਪੰਜਾਬੀ ਸਾਹਿਤ ਨੂੰ ਪੇਸ਼ ਅਤੇ ਉਜਾਗਰ ਕਰਨ ਵਾਲੇ ਕੁਝ ਛੁਪੇ ਰੁਸਤਮਾਂ ਨੂੰ ਵੀ ਸਾਹਮਣੇ ਲਿਆਂਦਾ ਹੈ। 'ਪੰਜਾਬੀ ਝਗੜੇ' ਕਿਤਾਬ ਵਿਚ ਇਹਨਾਂ ਨੇ ਪੈਂਤੀ ਕੁ ਰਚਨਾਵਾਂ ਇਕੱਤਰ ਕੀਤੀਆਂ ਹਨ। ਇਨ੍ਹਾਂ ਰਚਨਾਵਾਂ ਨੂੰ ਇਕੱਤਰ ਕਰਦੇ ਹੋਏ ਇਹ ਦਸਦੇ ਹਨ ਕਿ ਲਗਪਗ ਅੱਧੀਆਂ ਕੁ ਰਚਨਾਵਾਂ ਪਹਿਲੀ ਵਾਰ ਹੀ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ; ਇਨ੍ਹਾਂ ਨਾਲ ਦਰਜਨ ਤੋਂ ਉਤੇ ਅਪ੍ਰਗਟ ਕਵੀ ਸਨਮੁੱਖ ਆਉਣਗੇ ਤੇ ਸਾਹਿਤ ਦੇ ਇਤਿਹਾਸ ਵਿਚ ਆਪਣੇ ਯੋਗ ਅਧਿਕਾਰ ਦੀ ਮੰਗ ਕਰਨਗੇ। 'ਕਲਮ ਦੇ ਚਮਤਕਾਰ' ਪੁਸਤਕ ਵਿਚ ਦੋ ਦਰਜਨ ਤੋਂ ਵੀ ਵਧੇਰੇ ਅਪ੍ਰਕਾਸ਼ਿਤ ਕਾਵਿ ਵੰਨਗੀਆਂ ਦਾ ਜ਼ਿਕਰ ਕਰਦੇ ਹੋਏ ਇਹ ਕਹਿੰਦੇ ਹਨ ਕਿ ਮੈ ਤਾਂ ਕੇਵਲ ਸੰਖੇਪ ਜਿਹਾ ਪਰਿਚਯ ਦਿਤਾ ਹੈ। ਆਸ ਹੈ, ਭਵਿੱਖਤ ਦੀ ਖੋਜ-ਮੰਡਲੀ ਇਸ ਕੰਮ ਨੂੰ ਹੋਰ ਅੱਗੇ ਵਧਾ ਸਕੇਗੀ। ਪ੍ਰੋ. ਪਦਮ ਨੇ ਜਿਸ ਵੀ ਖੋਜ ਕਾਰਜ ਨੂੰ ਛੂਹਿਆ ਉਸ ਦੀ ਮੁਕੰਮਲ ਗੰਭੀਰ ਰੂਪ ਵਿਚ ਛਾਣ-ਬੀਣ ਕਰਨ ਦਾ ਯਤਨ ਕੀਤਾ। ਆਪਣੇ ਖੋਜ ਕਾਰਜਾਂ ਅਧੀਨ ਇਹਨਾਂ ਨੇ ਜਿਥੇ ਪੰਜਾਬੀ ਵਾਰਾਂ, ਕਿੱਸੇ, ਝਗੜੇ, ਜੰਗਾਂ, ਮਾਝਾਂ, ਬਾਰਾਮਾਂਹ, ਆਦਿ ਵਿਸ਼ੇ ਲਏ ਹਨ ਉਥੇ ਇਹਨਾਂ ਨੇ ਇਤਿਹਾਸਕ ਖੋਜਾਂ ਵਿਚ ਕੁਝ ਰੌਚਕਤਾ ਪੈਦਾ ਕਰ ਕੇ ਉਹਨਾਂ ਨੂੰ ਆਮ ਪਾਠਕਾਂ ਤੱਕ ਪਹੁੰਚਾਉਣ ਦਾ ਸ਼ਲਾਘਾਯੋਗ ਕਾਰਜ ਕੀਤਾ ਹੈ।

ਇਹਨਾਂ ਦੇ ਸਿਰੜ ਅਤੇ ਕਿਸੇ ਲਾਲਚ ਵਿੱਚ ਨਾ ਆਉਣ ਦੀ ਵੱਡੀ ਉਦਾਹਰਣ ਇਹਨ੍ਹਾਂ ਦੀ 'ਦਸਮ ਗ੍ਰੰਥ ਦਰਸ਼ਨ' ਸਿਰਲੇਖ ਅਧੀਨ ਪੁਸਤਕ ਹੈ ਜਿਸ ਵਿਚ ਇਹਨ੍ਹਾਂ ਨੇ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਸ੍ਰੀ ਦਸਮੇਸ਼ ਜੀ ਦੀ ਕ੍ਰਿਤ ਮੰਨਣ ਦਾ ਦ੍ਰਿੜ ਸਟੈਂਡ ਲਿਆ ਅਤੇ ਅੰਤਮ ਸਮੇਂ ਤਕ ਆਪਣੇ ਵਿਚਾਰ 'ਤੇ ਕਾਇਮ ਰਹੇ, ਕਿਸੇ ਕਿਸਮ ਦੇ ਲਾਲਚ ਜਾਂ ਭੈ ਕਾਰਨ ਇਨ੍ਹਾਂ ਨੇ ਆਪਣਾ ਪੱਖ ਨਹੀਂ ਬਦਲਿਆ। ਇਸ ਕੰਮ ਲਈ ਲਗਾਤਾਰ ਯਤਨ ਕਰਨ ਦਾ ਹੋਕਾ ਦੇ ਕੇ ਇਹ 1 ਮਈ 2001 ਨੂੰ ਲਗਪਗ 80 ਸਾਲ ਦੀ ਉਮਰ ਵਿਚ ਸਦਾ ਲਈ ਇਸ ਫਾਨੀ ਸੰਸਾਰ ਤੋਂ ਤੋੜ ਵਿਛੋੜਾ ਕਰ ਗਏ ਸਨ।

ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ , ਪਟਿਆਲਾ।

## ਪੜ੍ਹੀਆਂ-ਲਿਖੀਆਂ ਭਾਰਤੀ ਕੁੜੀਆਂ ਸਾਊਦੀ ਅਰਬ 'ਚ ਬਣੀਆਂ ਗੁਲਾਮ

ਉਸ ਨੇ ਕਿਹਾ ਸੀ ਕਿ ਉਸ ਨੂੰ ਤਾਮਿਲਨਾਡੂ ਤੋਂ ਹੋਰ ਕੁੜੀਆਂ ਨੂੰ ਸਾਉਦੀ ਸੱਦਣ ਲਈ ਕਿਹਾ ਜਾਂਦਾ ਸੀ। ਸੁੰਦਰੀ ਨੇ ਦੱਸਿਆ, "ਜਦੋਂ ਮੈਂ ਝੂਠ ਬੋਲਣ ਤੋਂ ਇਨਕਾਰ ਕਰ ਦਿੱਤਾ ਤਾਂ ਪੱਟੂਕੋਟਈ (ਤਾਮਿਲਨਾਡੂ ਦਾ ਇੱਕ ਕਸਬਾ) ਵਿੱਚ ਆਨੰਦ ਅਤੇ ਮੁੰਬਈ ਵਿੱਚ ਮੁਸਕਾਨ ਨੇ ਮੈਨੂੰ ਦੱਸਿਆ ਕਿ ਜਦੋਂ ਤੱਕ ਮੈਂ ਹੋਰ ਲੜਕੀਆਂ ਨੂੰ ਸਾਊਦੀ ਆਉਣ ਲਈ ਪ੍ਰੇਰਿਤ ਨਹੀਂ ਕਰਦੀ ਤਦ ਤੱਕ ਕੋਈ ਵੀ ਮੈਨੂੰ ਬਚਾ ਨਹੀਂ ਸਕਦਾ। ਆਨੰਦ ਨੇ ਮੇਰੀ ਮੌਜੂਦਗੀ ਵਿੱਚ ਕਿਸੇ ਔਰਤ ਨੂੰ ਫੋਨ ਕੀਤਾ ਅਤੇ ਉਸ ਦੇ ਆਧਾਰ 'ਤੇ ਸਾਊਦੀ ਆਉਣ ਦਾ ਫੈਸਲਾ ਕਰ ਲਿਆ। ਮੇਰਾ ਮੰਨਣਾ ਹੈ ਕਿ ਇਸੇ ਢੰਗ ਨਾਲ ਹੋਰ ਔਰਤਾਂ ਨੂੰ ਵੀ ਸਾਊਦੀ ਲਿਆਂਦਾ ਗਿਆ ਸੀ ਜਿਨ੍ਹਾਂ ਨੂੰ ਏਜੰਟਾਂ ਦੀ ਗ੍ਰਿਫਤਾਰੀ ਤੋਂ ਬਾਅਦ ਹੀ ਬਚਾਇਆ ਜਾ ਸਕੇਗਾ।"

ਮੇਗਲਾ ਦੀ ਕਹਾਣੀ ਵੀ ਦੁੱਖ ਭਰੀ ਹੈ, "ਮੈਂ ਬੀਸੀਏ ਕੀਤੀ ਹੋਈ ਹੈ। ਮੈਂ ਤਾਮਿਲਨਾਡੂ ਵਿੱਚ ਸਕੂਲ ਅਧਿਆਪਕ ਸੀ। ਇੱਥੇ ਸਾਊਦੀ ਵਿੱਚ ਮੈਂ 20 ਮੈਂਬਰਾਂ ਦੇ ਇੱਕ ਵੱਡੇ ਪਰਿਵਾਰ ਲਈ ਖਾਣਾ ਬਣਾਉਂਦੀ ਹਾਂ। ਪਿਛਲੇ ਛੇ ਮਹੀਨਿਆਂ ਤੋਂ ਮੈਨੂੰ ਇੱਕ ਵੀ ਛੁੱਟੀ ਨਹੀਂ ਮਿਲੀ। ਮੈਂ ਆਪਣੀ ਸਾਰੀ ਊਰਜਾ ਗੁਆ ਲਈ ਅਤੇ ਕਈ ਦਿਨ ਸੁੱਤੀ ਵੀ ਨਹੀਂ। ਮੈਂ ਆਪਣੇ-ਆਪ ਨੂੰ ਬਚਾ ਲਿਆ ਕਿਉਂਕਿ ਮੈਂ ਰਿਆਧ ਵਿੱਚ ਸੀ, ਇਸ ਕਰਕੇ ਅੰਬੈਸੀ ਪਹੁੰਚਣ ਲਈ ਟੈਕਸੀ ਨਹੀਂ ਲੈ ਸਕੀ।"

ਪ੍ਰੀਆ ਰੋਂਦਿਆਂ ਬੋਲੀ, "ਪਲੀਜ਼ ਮੈਨੂੰ ਬਚਾਓ। ਮੈਂ ਆਪਣੇ ਮਾਪਿਆਂ ਕੋਲ ਘਰ ਵਾਪਸ ਆਉਣਾ ਚਾਹੁੰਦੀ ਹਾਂ। ਪਲੀਜ਼ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਦੱਸੋ ਅਤੇ ਮੈਨੂੰ ਬਚਾਓ। ਮੈਂ ਪ੍ਰੇਸ਼ਾਨ ਹਾਂ ਅਤੇ ਕਈ ਦਿਨਾਂ ਤੋਂ ਬਿਮਾਰ ਚੱਲ ਰਹੀ ਹਾਂ।"

ਸਾਊਦੀ ਆਧਾਰਿਤ ਸਮਾਜਿਕ ਕਾਰਕੁਨ ਰਸ਼ੀਦ ਖਾਨ ਨੂੰ ਜਦੋਂ ਭਾਰਤੀ ਸਫਾਰਤਖਾਨੇ ਤੋਂ ਇਸ ਬਾਰੇ ਸੂਚਨਾ ਮਿਲੀ ਤਾਂ ਉਸ ਨੇ ਇਨ੍ਹਾਂ ਔਰਤਾਂ ਦੀ ਅੰਬੈਸੀ ਪਹੁੰਚਣ ਵਿੱਚ ਮਦਦ ਕੀਤੀ। ਰਸ਼ੀਦ ਪਿਛਲੇ ਦੋ ਦਹਾਕਿਆਂ ਤੋਂ ਸਾਉਦੀ ਅਰਬ ਵਿੱਚ ਰਹਿ ਰਿਹਾ ਹੈ। ਉਸ ਨੇ ਕਿਹਾ ਕਿ ਉਸ ਨੇ ਕਈ ਲੋਕਾਂ ਨੂੰ ਬਚਾ ਕੇ ਭਾਰਤੀ ਅੰਬੈਸੀ ਪਹੁੰਚਾਇਆ ਹੈ। ਰਸ਼ੀਦ ਨੇ ਦੱਸਿਆ, "ਪ੍ਰੀਆ ਡਾਮਮ ਦੇ ਇੱਕ ਸਦੂਰ ਇਲਾਕੇ ਵਿੱਚ ਰਹਿ ਰਹੀ ਹੈ। ਉਸ ਨੂੰ ਤਲਾਸ਼ ਕਰਨਾ ਤੇ ਉਸ ਤੱਕ ਪਹੁੰਚਣਾ ਕਾਫੀ ਮੁਸ਼ਕਲ ਹੈ। ਉਸ ਨੂੰ ਬਚਾਉਣ ਵਿੱਚ ਸਾਨੂੰ ਭਾਰਤ ਸਰਕਾਰ ਦੀ ਮਦਦ ਦੀ ਜ਼ਰੂਰਤ ਹੈ। ਇਹ ਦੁਖਾਂਤਕ ਗੱਲ ਹੈ ਕਿ ਏਜੰਟਾਂ ਵੱਲੋਂ ਕਈ ਪੜ੍ਹੀਆਂ-ਲਿਖੀਆਂ ਭਾਰਤੀ ਔਰਤਾਂ ਨੂੰ ਸਾਊਦੀ ਵਿੱਚ ਘਰੇਲੂ ਨੌਕਰਾਣੀ ਦਾ ਕੰਮ ਕਰਵਾਉਣ ਲਈ ਲਿਆਂਦਾ ਜਾਂਦਾ ਹੈ।"

ਰਿਆਧ ਵਿੱਚ ਭਾਰਤੀ ਸਫਾਰਤਖਾਨੇ ਨਾਲ ਸੁੰਦਰੀ ਅਤੇ ਮੇਘਲਾ ਦੇ ਵੇਰਵਿਆਂ ਸਹਿਤ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ ਇਨ੍ਹਾਂ ਔਰਤਾਂ ਨੂੰ ਘਰ ਵਾਪਸ ਭੇਜ ਦਿੱਤਾ ਗਿਆ ਹੈ।

ਭਾਰਤੀ ਸਫਾਰਤਖਾਨੇ ਦੇ ਭਾਈਚਾਰਕ ਭਲਾਈ ਵਿਭਾਗ ਦੇ ਕਾਊਂਸਲਰ ਅਨਿਲ ਨੌਟਿਆਲ ਨੇ ਦੱਸਿਆ, "ਅਸੀਂ ਸੁੰਦਰੀ ਅਤੇ ਮੇਘਲਾ ਨੂੰ ਆਰਜੀ ਰਿਹਾਇਸ਼ ਮੁਹੱਈਆ ਕਰਵਾਈ ਸੀ। ਸਾਨੂੰ ਕਿਸੇ ਹੋਰ ਔਰਤ ਮੁਲਾਜ਼ਮ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।'

ਟ੍ਰਿਚੀ ਜ਼ਿਲ੍ਹੇ ਦੇ ਪੁਲਿਸ ਸੁਪਰੀਟੈਨਡੈਂਟ ਜ਼ੀਆ-ਉਲ-ਹੱਕ ਹਨ। ਮੰਨਿਆ ਜਾਂਦਾ ਹੈ ਕਿ ਇਸੇ ਜ਼ਿਲ੍ਹੇ ਤੋਂ ਕਈ ਪੜ੍ਹੀਆਂ-ਲਿਖੀਆਂ ਔਰਤਾਂ ਨੂੰ ਸਾਉਦੀ ਅਰਬ ਲਿਜਾਇਆ ਗਿਆ। ਉਨ੍ਹਾਂ ਨੇ ਦੱਸਿਆ, ਕਿ ਏਜੰਟ ਆਨੰਦ ਅਤੇ ਪੱਟੂਕੁੱਟੀ ਦੀ ਭਾਲ ਕੀਤੀ ਜਾ ਰਹੀ ਹੈ। ਜਿਵੇਂ ਹੀ ਸਾਨੂੰ ਹੋਰ ਜਾਣਕਾਰੀ ਮਿਲਦੀ ਹੈ ਅਸੀ ਇਸ ਰੈਕਟ ਨੂੰ ਫੜਨ ਵਿੱਚ ਸਫਲ ਹੋ ਜਾਵਾਂਗੇ।

## ਸੀਡੀ ਕੰਬੋਜ ਸਿਆਸਤ ਦੀਆਂ 'ਤੱਕੜੀਆਂ' ਵਿਚ ਤੁਲਦੇ-ਤੁਲਦੇ ਹੋਏ 'ਕੱਖੋਂ ਹੌਲੇ'

ਤੋਂ ਬੁਲਾਇਆ ਵੀ ਗਿਆ ਪਰ ਐਨ ਮੌਕੇ 'ਤੇ ਟਿਕਟ ਕੱਟੀ ਗਈ ਸੀ। ਖ਼ਫ਼ਾ ਹੋਏ ਹੰਸ ਨੂੰ ਇਕ ਵਾਰ ਤਾਂ ਰਾਹੁਲ ਗਾਂਧੀ ਨੇ ਮਨਾ ਲਿਆ ਸੀ ਪਰ ਫਿਰ ਅਚਾਨਕ ਹੰਸ ਰਾਜ ਹੰਸ ਨੇ ਕਮਲ ਦੇ ਫੁੱਲ ਨੂੰ ਹੱਥ ਪਾ ਲਿਆ ਤੇ ਭਾਜਪਾ ਦੇ ਰੰਗ ਵਿੱਚ ਰੰਗੇ ਗਏ। ਹੁਣ ਸੁਖਬੀਰ ਸਿੰਘ ਬਾਦਲ ਨੇ ਜਦੋਂ ਦੀ ਹਲਕਾ ਸ਼ਾਹਕੋਟ ਵਿੱਚ ਸਰਗਰਮੀ ਫੜੀ ਹੋਈ ਹੈ ਤਾਂ ਹੰਸ ਰਾਜ ਹੰਸ ਵੀ ਉਨ੍ਹਾਂ ਦੇ ਨਾਲ ਹੀ ਨਜ਼ਰ ਆ ਰਹੇ ਹਨ, ਹਾਲਾਂਕਿ ਭਾਜਪਾ ਨੇ ਹੰਸ ਰਾਜ ਨੂੰ ਕੁਝ ਦਿਨ ਪਹਿਲਾਂ ਹੀ ਪਾਰਟੀ ਦਾ ਸੂਬਾ ਮੀਤ ਪ੍ਰਧਾਨ ਬਣਾਇਆ ਹੈ। ਸੁਖਬੀਰ ਨਾਲ ਹੰਸ ਦੀਆਂ ਨਜ਼ਦੀਕੀਆਂ ਨੇ ਸਿਆਸੀ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।

## ਅੱਠਵਾਂ ਫੀਲਡ ਹਾਕੀ ਟੂਰਨਾਮੈਂਟ ਸਫਲਤਾ ਨਾਲ ਸੰਪੰਨ

ਤੋਂ ਖਿਡਾਰੀਆਂ ਦਾ ਵਧੀਆ ਪ੍ਰਦਰਸ਼ਨ ਇਸ ਖੇਡ ਮੇਲੇ ਦੀ ਅਤੇ ਹਾਕੀ ਦੀ ਪ੍ਰਾਪਤੀ ਵੀ ਹੈ।

ਇਸ ਮੌਕੇ ਬੋਲਦਿਆਂ ਉਲੰਪੀਅਨ ਸੋਢੀ ਨੇ ਕਿਹਾ ਕਿ ਉਹ ਉਚੇਚੇ ਤੌਰ ਤੇ ਇੰਡੀਆ ਤੋਂ ਇਸੇ ਟੂਰਨਾਮੈਂਟ ਦਾ ਹਿੱਸਾ ਬਣਨ ਆਏ ਹਨ ਪਰ ਉਹ ਮੁੱਖ ਮਹਿਮਾਨ ਬਣ ਕੇ ਨਹੀਂ ਸਗੋਂ ਇਕ ਖਿਡਾਰੀ ਦੀ ਹੈਸੀਅਤ ਵਿਚ ਅਜਿਹੇ ਲਾਜਵਾਬ ਹਾਕੀ ਮੁਕਾਬਲਿਆਂ ਨੂੰ ਵੇਖ ਕੇ ਬਾਗੋ ਬਾਗ ਵੀ ਹਨ। ਟੂਰਨਾਮੈਂਟ ਦੇ ਪ੍ਰਬੰਧਕਾਂ ਸ. ਗੁਰਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ ਨੇ ਸਾਂਝੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਭਾਰਤ ਦੀ ਰਾਸ਼ਟਰੀ ਖੇਡ ਹਾਕੀ ਨੂੰ ਪਿਆਰ ਹੀ ਨਹੀਂ ਕਰਦੇ ਸਗੋਂ ਆਏ ਸਾਲ ਇਸ ਖੇਡ ਦੇ ਵਧੀਆ ਪ੍ਰਦਰਸ਼ਨ ਲਈ ਯਤਨਸ਼ੀਲ ਰਹਿੰਦੇ ਹਨ ਤੇ ਕੌਮਾਂਤਰੀ ਪੱਧਰ ਦੇ ਹਾਕੀ ਖਿਡਾਰੀਆਂ ਨੂੰ ਟੂਰਨਾਮੈਂਟ ਵਿਚ ਸ਼ਾਮਿਲ ਕਰਨਾ ਉਹਨਾਂ ਦੀ ਪਹਿਲੀ ਤਰਜ਼ੀਹ ਹੁੰਦੀ ਹੈ। ਉਹਨਾ ਮਾਣ ਨਾਲ ਕਿਹਾ ਕਿ ਇਹ ਅੱਠਵਾਂ ਹਾਕੀ ਟੂਰਨਾਮੈਂਟ ਅਮਰੀਕਾ 'ਚ ਹਾਕੀ ਦੇ ਸਾਬਕਾ ਖਿਡਾਰੀ ਸਵ. ਅਮਰਜੀਤ ਦੁਲਾਈ ਨੂੰ ਸਮਰਪਿਤ ਕਰਨਾ ਇਕ ਤਰ੍ਹਾਂ ਸਾਰੇ ਕਲੱਬ ਦਾ ਹੀ ਹਾਕੀ ਨੂੰ ਸਮਰਪਣ ਹੈ।

ਟੂਰਨਾਮੈਂਟ ਦੇ ਫਾਈਨਲ ਮੁਕਾਬਲਿਆਂ ਵਿਚ ਟੌਪ ਡਵੀਜ਼ਨ ਵਿਚ ਪਹਿਲਾ ਸਥਾਨ ਵੈਸਟ ਕੋਸਟ ਕਿੰਗਜ਼ ਸਰ੍ਹੀ ਦੀ ਟੀਮ ਨੇ ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਨੂੰ ਸਿਫਰ ਦੇ ਮੁਕਾਬਲੇ ਇਕ ਗੋਲ ਨਾਲ ਹਰਾ ਕੇ ਜਿੱਤ ਲਿਆ। ਇਵੇਂ ਸਥਾਨਕ ਕਲੱਬਾਂ ਦੇ ਮੁਕਾਬਲਿਆਂ ਵਿਚ ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਦੀ ਟੀਮ ਨੇ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਨੂੰ ਇਕ ਦੇ ਮੁਕਾਬਲੇ ਚਾਰ ਗੋਲਾਂ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਨ੍ਹਾਂ ਹਾਕੀ ਮੁਕਾਬਲਿਆਂ ਵਿਚ ਪਹਿਲਾ ਵੱਡਾ ਇਨਾਮ ਗਾਖਲ ਭਰਾਵਾਂ ਸ. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਦਿੱਤਾ ਗਿਆ। ਜਦੋਂ ਕਿ ਦੂਜਾ ਵੱਡਾ ਇਨਾਮ ਬੋਪਾਰਾਏ ਭਰਾਵਾਂ ਮਾਈਕ ਬੋਪਾਰਾਏ ਅਤੇ ਜਸਵਿੰਦਰ ਬੋਪਾਰਾਏ ਵਲੋਂ ਸਪਾਂਸਰ ਕੀਤਾ ਗਿਆ ਸੀ। ਇਸ ਮੌਕੇ ਤੇ ਬੋਲਦਿਆਂ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨਾਂ ਦੀ ਜ਼ਿੰਦਗੀ ਦਾ ਮੁੱਖ ਮਕਸਦ ਸਫਲ ਬਿਜ਼ਨਸ ਕਰਨ ਦੇ ਨਾਲ ਨਾਲ ਖੇਡਾਂ, ਚਾਹੇ ਉਹ ਹਾਕੀ ਹੋਵੇ, ਚਾਹੇ ਕਬੱਡੀ, ਖਿਡਾਰੀਆਂ ਨੂੰ ਉਤਸ਼ਾਹਿਤ ਕਰਨਾ ਹੀ ਰਿਹਾ ਹੈ, ਉਹ ਨਾ ਸਿਰਫ ਅਜਿਹੇ ਖੇਡ ਮੇਲਿਆਂ ਨੂੰ ਅੱਗੇ ਹੋ ਕੇ ਸਹਿਯੋਗ ਕਰਦੇ ਹਨ ਉਨ੍ਹਾਂ ਦੀ ਅਗਵਾਈ ਹੇਠ ਯੂਨਾਈਟਡ ਸਪੋਰਟਸ ਕਲੱਬ ਵਲੋਂ ਕਰਵਾਇਆ ਜਾਣਾ ਵਾਲਾ ਵਿਸ਼ਵ ਕਬੱਡੀ ਕੱਪ ਵੀ ਦੁਨੀਆਂ ਭਰ ਦੇ ਕਬੱਡੀ ਪ੍ਰੇਮੀਆਂ ਵਿਚ ਖਾਸ ਥਾਂ ਰੱਖਦਾ ਹੈ। ਮਾਈਕ ਬੋਪਾਰਾਏ ਨੇ ਇਸ ਹਾਕੀ ਟੂਰਨਾਮੈਂਟ ਪ੍ਰਤੀ ਆਪਣੀ ਪ੍ਰਤੀਕ੍ਰਿਆ ਵਿਚ ਕਿਹਾ ਕਿ ਉਹ ਪਹਿਲੇ ਦਿਨ ਤੋਂ ਹੀ ਇਸ ਖੇਡ ਮੇਲੇ ਨਾਲ ਜੁੜੇ ਹੋਏ ਹਨ ਤੇ ਜਦੋਂ ਤੱਕ ਇਹ ਹਾਕੀ ਟੂਰਨਾਮੈਂਟ ਜਾਰੀ ਰਹੇਗਾ ਉਹ ਯਤਨ ਕਰਨਗੇ ਕਿ ਹਾਕੀ ਦੀ ਪ੍ਰਫੁੱਲਤਾ ਲਈ ਸਹਿਯੋਗ ਦਿੰਦੇ ਰਹਿਣ। ਟੂਰਨਾਮੈਂਟ ਨੂੰ ਹਰਮਿੰਦਰ ਸਿੰਘ ਸਮਾਣਾ ਅਤੇ ਪੈਮ ਗਿੱਲ ਨੇ ਬਾਕਮਾਲ ਨਾਲੋ ਨਾਲ ਕੁਮੈਂਟਰੀ ਕਰਕੇ ਟੂਰਨਾਮੈਂਟ ਨੂੰ ਸ਼ਿੰਗਾਰੀ ਵੀ ਰੱਖਿਆ ਅਤੇ ਦਰਸ਼ਕਾਂ ਦਾ ਕੰਨ ਰਸ ਵੀ ਪੈਦਾ ਕੀਤਾ। ਹਾਕੀ ਮੁਕਾਬਲਿਆਂ 'ਚ ਸਥਾਨਕ ਕਲੱਬਾਂ ਬੇਏਰੀਆ ਦੀ ਹਾਕੀ ਟੀਮ ਦੀ ਇਕ ਖਾਸ ਗੱਲ ਕਰਨੀ ਬਣਦੀ ਹੈ ਜਿਸ ਵਿਚ ਪੰਜਾਹ ਸੱਠ ਸਾਲ ਦੀ ਉਮਰ ਦੇ ਪੰਜਾਬੀ ਖਿਡਾਰੀਆਂ ਨੇ ਹਾਕੀ ਦਾ ਵਧੀਆ ਪ੍ਰਦਰਸ਼ਨ ਕੀਤਾ ਤੇ ਇਹ ਉਦਾਹਰਣ ਪੈਦਾ ਕੀਤੀ ਕਿ ਇਸ ਉਮਰ 'ਚ ਹਾਕੀ ਖੇਡੀ ਹੀ ਨਹੀਂ ਜਾ ਸਕਦੀ ਸਗੋਂ ਨਵੀਂ ਪੀੜ੍ਹੀ ਨੂੰ ਇਸ ਲਗਨ ਤੋਂ ਕੁਝ ਸਿੱਖਣਾ ਵੀ ਚਾਹੀਦਾ ਹੈ। ਟੂਰਨਾਮੈਂਟ ਵਿਚ ਉਚੇਚਾ ਪੁੱਜੇ ਲੈਥਰੌਪ ਦੇ ਪੰਜਾਬੀ ਮੇਅਰ ਸਨੀ ਧਾਲੀਵਾਲ ਨੇ ਇਸ ਹਾਕੀ ਖੇਡ ਮੇਲੇ ਦੀ ਪ੍ਰਸ਼ੰਸਾ ਕਰਦਿਆਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਪੰਜਾਬ ਪੁਲਿਸ ਜਲੰਧਰ ਤੋਂ ਐੱਸ.ਪੀ. ਕੁਲਵੰਤ ਸਿੰਘ ਹੀਰ ਵੀ ਉਚੇਚੇ ਤੌਰ 'ਤੇ ਇਸ ਟੂਰਨਾਮੈਂਟ ਵਿਚ ਮਹਿਮਾਨ ਵਜੋਂ ਸ਼ਾਮਿਲ ਹੋਏ।

ਇਨਾਮ ਵੰਡ ਸਮਾਗਮ ਵਿਚ ਕੈਲੇਫੋਰਨੀਆਂ ਦੀਆਂ ਉੱਘੀਆਂ ਸਖਸ਼ੀਅਤਾਂ ਹਾਜ਼ਰ ਸਨ ਜਿਨ੍ਹਾਂ ਵਿਚ ਮੁੱਖ ਪ੍ਰਬੰਧਕ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ, ਜੀਤੂ ਧਾਲੀਵਾਲ ਤੇਜਾ ਛੋਕਰ, ਸੁਰਜੀਤ ਨਿੱਝਰ, ਅਮੋਲਕ ਸਿੰਘ ਗਾਖਲ, ਮੁੱਖ ਮਹਿਮਾਨ ਸੁਰਿੰਦਰ ਸਿੰਘ ਸੋਢੀ, ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਬਲੈਕ ਪ੍ਰਿੰਸ ਮੂਵੀ ਦੇ ਨਿਰਦੇਸ਼ਕ ਕਵੀਰਾਜ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਕਸ਼ਮੀਰ ਸਿੰਘ ਧੁੱਗਾ, ਅਵਤਾਰ ਤਾਰੀ, ਰਘੁਬੀਰ ਸਿੰਘ ਕਬੱਡੀ ਦੀ ਜਿੰਦ ਜਾਨ ਰਹੇ ਤੀਰਥ ਗਾਖਲ, ਤੇਜਿੰਦਰ ਦੁਸਾਂਝ, ਜੌਹਨ ਸਿੰਘ ਗਿੱਲ, ਜਗਤਾਰ ਸਿੰਘ ਸਹੋਤਾ, ਅਮਰੀਕ ਸਿੰਘ ਦੋਸਾਂਝ, ਟੀ.ਜੇ. ਉੱਪਲ, ਅਵਤਾਰ ਸਿੰਘ ਸਹੋਤਾ, ਮਾਈਕ ਗਿੱਲ, ਅਮਰਜੀਤ ਸਿੰਘ ਦੁਲਾਈ ਤੇ ਹੋਰ ਸਖਸ਼ੀਅਤਾਂ ਸ਼ਾਮਲ ਨ। ਪ੍ਰਬੰਧਕਾਂ ਵਲੋਂ ਆਪਣੇ ਸਾਰੇ ਸਪਾਂਸਰਜ਼ ਨੂੰ ਸਨਮਾਨ ਚਿੰਨ੍ਹ ਪ੍ਰਦਾਨ ਕਰਕੇ ਇਸ ਟੂਰਨਾਮੈਂਟ ਵਿਚ ਸਹਿਯੋਗ ਦੇਣ ਲਈ ਰੱਜ ਕੇ ਸਤਿਕਾਰ ਦਿੱਤਾ ਗਿਆ। ਗਰਵ ਪੰਜਾਬ ਟੀ.ਵੀ ਵਲੋਂ ਜਗਦੇਵ ਸਿੰਘ ਭੰਡਾਲ ਅਤੇ ਐੱਸ.ਅਸ਼ੋਕ ਭੌਰਾ ਦੀ ਟੀਮ ਵਲੋਂ ਇਸ ਹਾਕੀ ਟੂਰਨਾਮੈਂਟ ਦਾ ਪ੍ਰਸਾਰਣ ਗਰਵ ਟੀ.ਵੀ. ਅਤੇ ਫੇਸਬੁੱਕ 'ਤੇ ਕੀਤਾ ਗਿਆ। ਪ੍ਰਬੰਧਕਾਂ ਨੇ ਸਮੂਹਿਕ ਤੌਰ ਤੇ ਅਗਲੇ ਵਰ੍ਹੇ ਇਸ ਹਾਕੀ ਟੂਰਨਾਮੈਂਟ ਨੂੰ ਹੋਰ ਵੀ ਵੱਡੇ ਪੱਧਰ ਤੇ ਕਰਵਾਏ ਜਾਣ ਦਾ ਐਲਾਨ ਵੀ ਕੀਤਾ।

## 'ਪੁਅਰਜ਼ ਪੀਪਲਜ਼ ਕੰਪੇਨ' ਦੇ ਨਾਂ ਹੇਠ 40 ਦਿਨ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ

27 ਮਈ ਤੋਂ 2 ਜੂਨ ਤਕ ਦੇ ਸਮੇਂ ਦੌਰਾਨ ਦੇਸ਼ ਚ ਜੰਗ ਦਾ ਮਾਹੌਲ ਬਣਾਉਣ, ਹਥਿਆਰ ਸੱਭਿਆਚਾਰ ਚ ਵਾਧੇ ਕਾਰਨ ਹੋ ਰਹੀ ਹਿੰਸਾ ਉਤੇ ਵਿਚਾਰਾਂ ਹੋਣਗੀਆਂ।

ਜੂਨ 3 ਤੋਂ 9 ਤਕ ਦੇ ਚੌਥੇ ਹਫਤੇ ਦੌਰਾਨ ਧਰਤੀ ਅਤੇ ਮਨੁੱਖੀ ਸਿਹਤ ਦਾ ਹੱਕ ਦੇ ਥੀਮ ਤਹਿਤ ਵਾਤਾਵਰਣ ਦੀ ਤਬਾਹੀ ਅਤੇ ਸਿਹਤ ਸੰਭਾਲ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

ਪੰਜਵੇਂ ਅਤੇ ਛੇਵੇਂ ਹਫਤੇ ਦੌਰਾਨ 1 ਜੂਨ ਤੋਂ 16 ਜੂਨ ਤਕ ਹਰ ਵਿਅਕਤੀ ਦੇ ਜੀਉਣ ਦੇ ਹੱਕ ਥੀਮ ਅਧੀਨ ਸਿੱਖਿਆ, ਘੱਟੋ ਘੱਟ ਉਜਰਤ ਵਾਲੀਆਂ ਨੌਕਰੀਆਂ, ਆਮਦਨੀ ਅਤੇ ਘਰ ਹੋਣ ਦੀ ਵਿਵਸਥਾ ਬਹਾਲੀ ਨੂੰ ਚਰਚਾ ਦਾ ਕੇਂਦਰ ਬਣਾਇਆ ਜਾਵੇਗਾ।

17 ਤੋਂ 22 ਜੂਨ ਤਕ 2 ਨੈਤਿਕ ਮੁੱਲਾਂ ਨੂੰ ਢਾਹ ਲਾਉਣ ਵਾਲੇ ਇਕ ਨਵੇਂ ਅਤੇ ਅਸਥਿਰ ਵਰਤਾਰੇ ਨੂੰ ਰੋਕਣ ਵਾਸਤੇ ਵਿਵਹਾਰਕ ਤੇ ਨੈਤਿਕ ਮੁਕਾਬਲਾ ਕਰਨ ਦੀ ਗੱਲ ਤੋਰੀ ਜਾਵੇਗੀ।

ਆਖਰੀ ਦਿਨ 23 ਜੂਨ ਨੂੰ ਵਾਸ਼ਿੰਗਟਨ ਡੀ.ਸੀ. ਅੱਗੇ ਵਿਸ਼ਵ ਬਰਾਬਰੀ ਦੇ ਦਿਨ ਉਤੇ ਜਨਤਕ ਮੁਹਿੰਮ ਨੂੰ ਸਮਾਪਤ ਕੀਤਾ ਜਾਵੇਗਾ।

## ਭਾਜਪਾ ਤੋਂ ਬਾਗੀ ਹੋਏ ਸਿਨਹਾ ਤੇ ਸ਼ਤਰੂਘਨ ਨੇ ਪਾਰਟੀ ਨੂੰ ਲਾਏ ਰਗੜੇ

ਪਾਰਟੀ ਦੇ ਉਸਾਰੀ ਸੋਚ ਵਾਲੇ ਆਗੂ ਸ਼ਾਮਲ ਹੋ ਸਕਦੇ ਹਨ। ਸ਼ਤਰੂਘਨ ਸਿਨਹਾ ਨੇ ਕਿਹਾ ਕਿ ਉਨ੍ਹਾਂ ਹਾਲੇ ਤੱਕ ਭਾਜਪਾ ਨਹੀਂ ਛੱਡੀ। ਉਹ ਪਾਰਟੀ ਦੇ ਅੰਦਰ ਬੈਠ ਕੇ ਹੀ ਅੰਦੋਲਨ ਕਰ ਰਹੇ ਹਨ ਕਿਉਂਕਿ ਜਦੋਂ ਭਾਜਪਾ ਦੇ ਕੇਵਲ ਦੋ ਸੰਸਦ ਮੈਂਬਰ ਸਨ, ਉਹ ਉਸ ਵੇਲੇ ਦੇ ਪਾਰਟੀ ਨਾਲ ਜੁੜੇ ਹੋਏ ਹਨ। ਪਾਰਟੀ ਨੇ ਹੀ ਉਨ੍ਹਾਂ ਨੂੰ ਅੱਖੋਂ ਪਰੋਖੇ ਕੀਤਾ ਹੈ। ਉਹ ਸੱਚ ਦੀ ਆਵਾਜ਼ ਬੁਲੰਦ ਕਰਦੇ ਰਹਿਣਗੇ ਅਤੇ ਜੇਕਰ ਸੱਚ ਪਾਰਟੀ ਨੂੰ ਬਗਾਵਤ ਜਾਪਦਾ ਹੈ ਤਾਂ ਉਹ ਬਾਗੀ ਹੀ ਚੰਗੇ ਹਨ ਕਿਉਂਕਿ ਹੁਣ ਭਾਜਪਾ 'ਮੋਦੀ ਪਾਰਟੀ' ਬਣ ਗਈ ਹੈ।

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

RESIDENTIAL, COMMERCIAL AND SOLAR FARMS

with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



Satnam Singh Khalsa

510-706-1300

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®

Premium Bifacial Thin Film Solar



"A home is one of the most important assets that most people will ever buy. Homes are also where memories are made and you want to work with someone you can trust."

Warren Buffett, Chairman and CEO, Berkshire Hathaway Inc.

Office Address:
1983 Second Street,
Livermore, CA 94550

BH HS BERKSHIRE HATHAWAY HomeServices



A Residential and Real Estate Company. Serving East Bay and Valley Area BUY SELL RESIDENTIAL RANCH AND AGRICULTURE FARM. Serving Fremont, Hayward Pleasanton, Dublin, Livermore, Tracy, Lathrop, Manteca, Ripon, Modesto, Stockton, Lodi.



ਕਿਸੇ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Priti Singh

(925) 999-0823

REALTOR®

CA BRE Licence #02024721

info@pritisingh.com

A Mamber of the Franchise System of BHHS Affiliates,LLC


jus
punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling TELEVISION
Call 1-888-246-6242 to Subscribe
For advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com